INTERNATIONAL MAGAZINE


30/-

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਏਕੋ ਬ੍ਰਹਮੁ ਦੁਤੀਯ ਨਾਸਿਤ।

ਫਰਵਰੀ 2019



## ਕਲਮ ਅਤੇ ਕਿਰਪਾਨ ਦੇ ਧਨੀ
## ਸ਼ਹੀਦ ਬਾਬਾ ਦੀਪ ਸਿੰਘ ਜੀ

ਸੰਤ ਬਾਬਾ ਲਖਬੀਰ ਸਿੰਘ ਜੀ ਸਿਤਾਰਗੰਜ (ਯੂ.ਪੀ.) ਵਿਖੇ ਸੰਗਤਾਂ ਨੂੰ ਕੀਰਤਨ ਰਾਹੀਂ ਗੁਰਸ਼ਬਦ ਨਾਲ ਜੋੜਦੇ ਹੋਏ।
ਕੀਰਤਨ ਦਾ ਆਨੰਦ ਮਾਣਦੀਆਂ ਸੰਗਤਾਂ।



# ਆਤਮ ਮਾਰਗ


ਸਾਲ-ਚੌਵੀਵਾਂ, ਮਹੀਨਾ - ਫਰਵਰੀ, 2019
ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ



**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ**
ਬਾਬਾ ਹਰਪਾਲ ਸਿੰਘ ਜੀ

**ਮੈਨੇਜਿੰਗ ਐਡੀਟਰ**
ਭਾਈ (ਡਾ.) ਸੁਖਵਿੰਦਰ ਸਿੰਘ

**ਚੀਫ ਐਡੀਟਰ**
ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379,
Email :atammarg1@yahoo.co.in

**Postal Address for any Enquiry, Money Order, Cheque and drafts :**

'ATAM MARG' MAGAZINE
Gurdwara Ishar Parkash, Ratwara Sahib
(New Chandigarh) P.o. Mullanpur
Garibdas, Teh. Kharar, Distt. S.A.S Nagar
(MOHALI) - 140901, Pb. India

### SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 300/- | 3000/- | 30/- |
| 320/- | 3020/- (For outstation cheques) | |

### SUBSCRIPTION FOREIGN (ਵਿਦੇਸ਼)

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.in
www.ratwarasahib.org } (Every sunday)

Email :sratwarasahib.in@gmail.com

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਬਾਬਾ ਸਤਨਾਮ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪਨੂੰ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ
ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ ਮੈਗਜ਼ੀਨ (ਪੰਜਾਬੀ ਅਤੇ ਹਿੰਦੀ)
   9417214391, 84378-12900, 9417214379,
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (CBSE)
   0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (P.B.)
   95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ : 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ
   94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ
   94172-14382
8. ਅਕਾਲ ਬਿਰਧ ਆਸ਼ਰਮ : 98157-28220

## ਵਿਸ਼ੇਸ਼ ਜਾਣਕਾਰੀ ਲਈ

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900
ਆਡੀਓ-ਵੀਡੀਓ ਲਾਇਬ੍ਰੇਰੀ - 98728-14385
98555-28517
ਕੇਬਲ ਟੀ.ਵੀ ਨੈਟਵਰਕ - 94172-14385

**ਹੋਰ ਸੰਪਰਕ ਨੰਬਰ**

98889-10777, 96461-01996, 9417214381

# ਤੱਤਕਰਾ


| | | |
|---|---|---|
| 1. | ਸੰਪਾਦਕੀ | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | ਬਾਰਹ ਮਾਹਾ | 8 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 3. | ਬਾਬਾਣੀਆਂ ਕਹਾਣੀਆਂ | 14 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | ਪੜਿਐ ਨਾਹੀ ਭੇਦੁ ਬੁਝਿਐ ਪਾਵਣਾ | 18 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | ਬਿਨੁ ਸਬਦੈ ਅੰਤਰਿ ਆਨੇਰਾ | 24 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | ਸਾਸਿ ਸਾਸਿ ਸਿਮਰਹੁ ਗੋਬਿੰਦ | 34 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 7. | ਗੁਰਬਾਣੀ ਅਰਥ-ਭੰਡਾਰ | 37 |
| | *ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'* | |
| 8. | ਨੂਰਾਨੀ ਮਿਲਾਪ - 7 | 39 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 9. | ਸ਼ਹੀਦ ਬਾਬਾ ਦੀਪ ਸਿੰਘ ਜੀ | 41 |
| | *ਸ. ਰਣਜੀਤ ਸਿੰਘ ਰਾਣਾ* | |
| 10. | ਵਾਰਾਂ ਭਾਈ ਗੁਰਦਾਸ ਜੀ | 46 |
| | *ਡਾ. ਭਾਈ ਵੀਰ ਸਿੰਘ* | |
| 11. | ਭਾਈ ਨੰਦ ਲਾਲ ਜੀ | 48 |
| 12. | ਗੁਰੂ ਨਾਨਕ ਆਗਮਨ | 50 |
| | *ਡਾ. ਭਾਈ ਵੀਰ ਸਿੰਘ* | |
| 13. | ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ | 53 |
| | *ਡਾ. ਸਵਾਮੀ ਰਾਮ ਜੀ* | |
| 14. | ਵਿਸ਼ੇਸ਼ ਜਾਣਕਾਰੀ :- ਅਸਥਾਨ 'ਤੇ ਪ੍ਰੋਗਰਾਮ, ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ, ਹਸਪਤਾਲ ਅਤੇ ਪੁਸਤਕ ਸੂਚੀ | 55 |

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*

ਦੁਨੀਆਂ ਦੀ ਕੋਈ ਵੀ ਵਸਤੂ ਜਾਂ ਸ਼ੈਅ ਅਮੋਲਕ ਹੈ ਜਾਂ ਨਿਗੁਣੀ ਹੈ ਇਹ ਮਨੁੱਖ ਦੀ ਦ੍ਰਿਸ਼ਟੀ ਤੇ ਨਿਰਭਰ ਹੈ। ਦ੍ਰਿਸ਼ਟੀ ਮਨ ਨਾਲ ਜੁੜੀ ਹੋਈ ਹੈ। ਅੰਦਰ ਵਸਦਾ ਸੰਸਾਰ ਮਨ, ਚਿਤ, ਬੁੱਧ ਅਤੇ ਅਹੰਭਾਵ ਹਰ ਇਕ ਸ਼ੈਅ ਦਾ ਨਿਰਣਾ ਕਰਦੇ ਹਨ। ਕਦਰਦਾਨ ਲਈ ਕੋਈ ਸ਼ੈਅ ਮੁਲਵਾਨ ਹੋ ਸਕਦੀ ਹੈ ਪਰ ਬੇਕਦਰੇ ਨੂੰ ਉਹੀ ਸ਼ੈਅ ਤੁੱਛ ਤੇ ਨਿਗੁਣੀ ਹੋ ਭਾਸੇਗੀ। ਅਮੋਲਕ ਚੀਜ਼ਾਂ ਸੁਚੱਜੀ ਦ੍ਰਿਸ਼ਟੀ ਵਾਲੇ ਲਈ ਅਮੋਲਕ ਹਨ ਪਰ ਬੁੱਧੀ ਮੰਡਲ ਦੀ ਕੈਦ ਵਾਲੇ ਲਈ ਉਹ ਸੀਮਤ ਹਨ। ਡਾ. ਭਾਈ ਵੀਰ ਸਿੰਘ ਜੀ ਅਨੁਸਾਰ –

*ਜਿਨ੍ਹਾਂ ਉਚਜਾਈਆਂ ਉਤੋਂ 'ਬੁੱਧੀ' ਖੰਭ ਸਾੜ ਢੱਠੀ,*
*ਮੱਲੋ ਮੱਲੀ ਓਥੇ ਦਿਲ ਮਾਰਦਾ ਉਡਾਰੀਆਂ।*
*ਪਜਾਲੇ ਅਣਡਿੱਠੇ ਨਾਲ, ਬੁੱਲ੍ਹ ਲਗ ਜਾਣ ਓਥੇ,*
*ਰਸ ਤੇ ਸਰੂਰ ਚੜ੍ਹੇ, ਝੂੰਮਾਂ ਆਉਣ ਪਜਾਰੀਆਂ।*
*'ਗਜਾਨੀ' ਸਾਨੂੰ ਹੋੜਦਾ ਤੇ 'ਵਹਿਮੀ ਢੋਲਾ' ਆਖਦਾ ਏ,*
*'ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।'*
*'ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ,*
*'ਵਲਵਲੇ ਦੇ ਦੇਸ਼' ਸਾਡੀਆਂ ਲੱਗ ਗਈਆਂ ਯਾਰੀਆਂ।*

ਕਿਉਂਕਿ ਉਸ ਦੀ ਸੋਚਣੀ ਦਾ ਘੇਰਾ ਵਿਸ਼ਾਲ ਨਹੀਂ। ਉੱਚੀ, ਸੁੱਚੀ ਸੋਚ ਤੇ ਦ੍ਰਿਸ਼ਟੀ ਇਹ ਦੋਨੋਂ ਸਮਾਨਅੰਤਰ ਹਨ। ਦੁਨੀਆਂ ਦੀਆਂ ਵਸਤੂਆਂ ਵਿਚ ਲੁਭਾਇਮਾਨ ਹੋਣਾ, ਉਹਨਾਂ ਵਿਚੋਂ ਸੁਖਾਂ ਦੀ ਤਲਾਸ਼ ਕਰਨੀ ਇਹ ਇਕ ਨੀਵੇਂ ਪੱਧਰ ਦੀ ਦ੍ਰਿਸ਼ਟੀ ਹੈ। ਇਸ ਤੋਂ ਉਪਰ ਇਸ ਹਸਦੇ ਵਸਦੇ ਸੰਸਾਰ ਦੇ ਪਿੱਛੇ ਕਿਸੇ ਅਨੰਤ, ਅਗੰਮ ਸ਼ਕਤੀ ਤੇ ਦ੍ਰਿਸ਼ਟੀ ਰੱਖਣੀ ਇਹ ਇਕ ਉਚ ਪਾਏ ਦੀ ਦ੍ਰਿਸ਼ਟੀ ਹੈ। ਤਾਂਹੀਂ ਰੱਬ ਦੇ ਪਿਆਰਿਆਂ ਨੂੰ ਗੁਰਬਾਣੀ ਅੰਦਰ ਇਸ ਤਰ੍ਹਾਂ ਵਡਿਆਇਆ ਹੈ।

*ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ ॥*
*ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ ॥*

*ਅੰਗ– ੯੨੯*

ਗੁਰਬਾਣੀ ਦੇ ਇਸ ਪਵਿੱਤਰ ਸਿਧਾਂਤ ਤੋਂ ਪ੍ਰਗਟ ਹੋ ਗਿਆ ਕਿ ਐਸੀ ਸ਼ੈਆਂ/ਹਸਤੀਆਂ ਵੀ ਹਨ ਜੋ ਸਭ ਤੋਂ ਉਚੀਆਂ ਹਨ। ਕਿਉਂ ਉਚੇ ਹਨ ਕਿਉਂਕਿ ਉਹਨਾਂ ਨੇ ਪ੍ਰਮੇਸ਼ਰ ਦੇ ਨਾਮ ਨਾਲ ਪਿਆਰ ਪਾਇਆ ਹੈ। ਇਸ ਵਸਦੇ ਹੋਏ ਸੰਸਾਰ ਤੋਂ ਦ੍ਰਿਸ਼ਟੀ ਨੂੰ ਚੁੱਕ ਕੇ, ਸੰਸਾਰ ਦੇ ਪਿੱਛੇ ਅਤੇ ਵਿਚ ਵਸਦੇ ਵਾਹਿਗੁਰੂ ਨੂੰ ਦੇਖਿਆ ਹੈ।

ਨੀਵੀਂ ਦ੍ਰਿਸ਼ਟੀ ਵਾਲੇ ਇਸ ਸੰਸਾਰ ਦੇ ਪਦਾਰਥਾਂ ਵਿਚੋਂ ਸੁੱਖ ਲੱਭਦੇ ਹਨ ਪਰ ਰੱਬ ਦੇ ਪਿਆਰੇ ਸੰਸਾਰ ਨੂੰ ਚਲਾਉਣ ਵਾਲੀ ਅਥਾਹ ਸ਼ਕਤੀ ਨੂੰ ਪਿਆਰ ਕਰਕੇ ਉਸ ਵਿਚ ਲੀਨਤਾ ਪ੍ਰਾਪਤ ਕਰਕੇ ਸਦਾ ਦਾ ਅਮਰ ਜੀਵਨ ਪ੍ਰਾਪਤ ਕਰਦੇ ਹਨ।

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*

*ਅੰਗ– ੨੭੫*

'ਜੈਸੀ ਦ੍ਰਿਸ਼ਟੀ ਵੈਸੀ ਸ੍ਰਿਸ਼ਟੀ' ਦੁਨਿਆਵੀ ਕਹਾਵਤ ਹੈ। ਇਸ ਦੀ ਪੁਸ਼ਟੀ ਗੁਰਬਾਣੀ ਵਿਚ ਭਲੀਭਾਂਤ ਹੋ ਰਹੀ ਹੈ। ਜਿਵੇਂ ਕਿ –

*ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥*

*ਅੰਗ– ੫੫੮*

ਨਿਰਮਲ ਦ੍ਰਿਸ਼ਟੀ ਪ੍ਰਾਪਤ ਵਾਲਿਆਂ ਨੂੰ ਕੋਈ ਦੂਜਾ (ਦਵੈਸ਼ ਭਾਵ) ਨਜ਼ਰ ਨਹੀਂ ਆਉਂਦਾ। ਭਾਈ ਘਨ੍ਹਈਆ ਜੀ ਦੇ ਹਵਾਲੇ ਅਨੁਸਾਰ ਉਹਨਾਂ ਨੂੰ ਮੁਗਲ, ਪਹਾੜੀਏ, ਹਿੰਦੂ, ਸਿੱਖ ਇਤਿਆਦਿਕ ਨਜ਼ਰ ਨਹੀਂ ਆਉਂਦੇ ਸਗੋਂ ਕਲਗੀਧਰ ਪਿਤਾ ਜੀ ਦਾ ਨੂਰ ਹੀ ਸਭਨਾਂ ਵਿਚ ਨਜ਼ਰ ਆਉਂਦਾ ਹੈ। ਉਹਨਾਂ ਦੇ ਨੇਤਰ ਸਮਰੱਥ ਸਤਿਗੁਰੂ ਨੇ ਗਿਆਨ ਦਾ ਸੁਰਮਾ ਪਾ ਕੇ ਨਿਰਮਲ ਕਰ ਦਿਤੇ ਹਨ।

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*

*ਅੰਗ- ੨੯੩*

*"ਤੁਰਕ ਅਤੁਰਕ ਨ ਦਿਸਦਾ ਮੈਨੂੰ*
*ਤੂੰ ਸਾਰੇ ਦਿਸ ਆਈਂ।*
*"ਪਿਆਰੇ ਦੇ ਇਕ ਪਿਆਰ ਪ੍ਰੋਤਾ*
*ਉਸ ਦੀ ਸੇਵ ਕਰਾਵਾਂ,*
*"ਉਸ ਨੂੰ ਦੇਖਾਂ, ਉਸ ਨੂੰ ਸੇਵਾਂ,*
*ਪਾਣੀ ਉਨੂੰ ਪਿਲਾਵਾਂ"।*
*ਹੱਸੇ ਤੇ ਗਲ ਲਾਇਆ ਪਜਾਰਾ*
*ਡੱਬੀ ਹੱਥ ਫੜਾਈ -*
*"ਪਾਣੀ ਨਾਲ ਮਲ੍ਹਮ ਬੀ ਰੱਖੀਂ*
*ਲੋੜ ਪਈ ਤੇ ਲਾਈਂ"।*

*ਪੰਨਾ - 245-46 (ਸ੍ਰੀ ਕਲਗੀਧਰ ਚਮਤਕਾਰ)*

ਉਸੇ ਗਿਆਨ ਰੂਪੀ ਸੁਰਮੇ ਨੇ ਨੇਤਰ ਵੀ ਖੋਲ੍ਹ ਦਿਤੇ ਤੇ ਮਨ ਦੇ ਅੰਦਰ ਵੀ ਪ੍ਰਕਾਸ਼ ਕਰ ਦਿਤਾ। ਜਨਮਾਂ-ਜਨਮਾਂ ਦੀ ਸੁੱਤੀ ਹੋਈ ਸੁਰਤ ਜਾਗ ਪਈ। ਜਾਗਦੀਆਂ ਸੁਰਤਾਂ ਨੂੰ ਕੋਈ ਬੁਰਾ ਨਜ਼ਰ ਨਹੀਂ ਆਉਂਦਾ। ਉਹਨਾਂ ਵਾਸਤੇ -

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥*

*ਅੰਗ- ੧੩੬੪*

ਆਪਣੇ ਆਪ ਨੂੰ ਬੁਰਾ ਮੰਨਣ ਵਾਲੇ ਨੂੰ ਸਤਿਗੁਰੂ ਆਪਣਾ ਮਿਤ੍ਰ ਹੋਣ ਦਾ ਐਲਾਨ ਕਰਦੇ ਹਨ। ਇਸ ਤੋਂ ਅੱਗੇ ***'ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥' (ਅੰਗ-386)***

ਦੂਜੇ ਦਾ ਭਲਾ ਸੋਚਣਾ ਹੀ ਆਪਣਾ ਭਲਾ ਹੈ। ***'ਕਰ ਭਲਾ ਹੋ ਭਲਾ' 'ਨੇਕੀ ਕਰ ਦਰਿਆ ਮਹਿ ਡਾਲ'*** ਇਤਿਆਦਿਕ ਲੋਕ ਪ੍ਰਚਲਿਤ ਕਹਾਵਤਾਂ ਹਨ। ਪ੍ਰਮਾਣ ਦੇ ਤੌਰ ਤੇ ਯੁਧਿਸ਼ਟਰ ਨੂੰ ਚਾਰੇ ਕੁੰਟਾਂ ਵਿਚ ਬੁਰਾ ਲੱਭਣ ਤੇ ਕੋਈ ਵੀ ਬੁਰਾ ਨਹੀਂ ਮਿਲਿਆ। ਇਸ ਦੇ ਵਿਪਰੀਤ ਦੁਰਯੋਧਨ ਨੂੰ ਚੰਗਾ ਮਨੁੱਖ ਨਹੀਂ ਕੋਈ ਲੱਭਿਆ। ਅਸਲ ਵਿਚ ਇਹ ਉਨ੍ਹਾਂ ਦੋਨਾਂ ਦੀ ਦ੍ਰਿਸ਼ਟੀ ਭੇਦ ਕਰਕੇ ਅੰਤਰ ਸੀ। ਇਸ ਦਾ ਹੋਰ ਪ੍ਰਮਾਣ ਪਵਿੱਤਰ ਰਮਾਇਣ ਦੇ ਇਕ ਹਵਾਲੇ ਤੋਂ ਹੋ ਜਾਂਦਾ ਹੈ। ਰਮਾਇਣ ਦੇ ਰਚੇਤਾ ਤੁਲਸੀ ਦਾਸ ਜੀ ਨੇ ਰਾਵਣ ਦੇ ਅਸ਼ੋਕਾ ਬਾਗ ਦੇ ਫੁੱਲਾਂ ਦਾ ਰੰਗ ਸਫੇਦ ਲਿਖਿਆ ਹੈ ਪਰ ਹਨੂੰਮਾਨ ਜੀ ਨੂੰ ਉਹੀ ਬਾਗ ਲਾਲ ਰੰਗ ਵਿਚ ਖਿੜਿਆ ਨਜ਼ਰ ਆਇਆ। ਅਸਲ ਵਿਚ ਦੋਨੋਂ ਸੱਚੇ ਸਨ ਪਰ ਅੰਤਰ ਸਿਰਫ ਦ੍ਰਿਸ਼ਟੀ ਭੇਦ ਦਾ ਸੀ। ਹਨੂੰਮਾਨ ਜੀ ਦੇ ਅੰਦਰ ਉਸ ਸਮੇਂ ਜਦੋਂ ਅਸ਼ੋਕਾ ਬਾਗ ਵਿਚ ਗਏ ਸਨ ਗੁੱਸੇ ਦੀ ਲਹਿਰ ਪ੍ਰਚੰਡ ਸੀ। ਉਸ ਕਰਕੇ ਬਾਗ ਦੇ ਫੁੱਲਾਂ ਦਾ ਰੰਗ ਲਾਲ ਨਜ਼ਰ ਆਇਆ। ਰਮਾਇਣ ਰਚੇਤਾ ਤੁਲਸੀ ਦਾਸ ਜੀ ਦੇ ਅੰਦਰ ਸ਼ਾਂਤੀ ਸੀ, ਉਨ੍ਹਾਂ ਨੂੰ ਫੁੱਲਾਂ ਦਾ ਰੰਗ ਸਫੇਦ ਨਜ਼ਰ ਆਇਆ। ਇਨ੍ਹਾਂ ਪ੍ਰਮਾਣਾਂ ਤੋਂ ਦ੍ਰਿਸ਼ਟੀ ਭੇਦ ਦਾ ਅੰਤਰ ਸਪੱਸ਼ਟ ਰੂਪਮਾਨ ਹੁੰਦਾ ਨਜ਼ਰ ਆ ਰਿਹਾ ਹੈ। ਅੱਧੇ ਭਰੇ ਜਲ ਦੇ ਗਿਲਾਸ ਨੂੰ ਇਕ ਦੀ ਸੋਚ ਅੱਧਾ ਭਰਿਆ ਕਹੇਗੀ, ਦੂਜੇ ਦੀ ਸੋਚ ਅੱਧਾ ਖਾਲੀ ਕਹੇਗੀ। ਅੰਤਰ ਹੈ ਸਿਰਫ ਸਕਾਰਾਤਮਕ ਤੇ ਨਕਰਾਤਮਕ ਸੋਚ ਦਾ। ਪੋਜ਼ੇਟਿਵ (ਸਕਾਰਾਤਮਕ) ਸੋਚ ਨੂੰ ਹੀ ਚੜ੍ਹਦੀ ਕਲਾ ਕਿਹਾ ਗਿਆ ਹੈ ਪਰ ਇਹ ਸੋਚ ਕੇਵਲ ਸੋਚਣ ਨਾਲ ਨਹੀਂ ਆਉਂਦੀ। ਨਾਮ ਨਾਲ ਜੁੜ ਕੇ ਹੀ ਚੜ੍ਹਦੀ ਕਲਾ ਵਿਚ ਵਾਸਾ ਹੋ ਸਕਦਾ ਹੈ। ਦ੍ਰਿਸ਼ਟੀ ਭੇਦ ਉਦੋਂ ਵੱਡੇ ਰੂਪ 'ਚ ਸਾਮ੍ਹਣੇ ਆਇਆ ਜਦੋਂ ਇਕਨਾਂ ਨੇ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਨਿਰੰਕਾਰ, ਅੱਲਾ ਤਾਲਾ, ਖੁਦਾ, ਪ੍ਰਮੇਸ਼ਰ ਜਾਣਿਆ ਤੇ ਇਕਨਾਂ ਨੇ (ਸੁੱਤੀ ਸੁਰਤ ਅਤੇ ਗਿਆਨ ਦੇ ਬੁਝੇ ਹੋਏ ਨੇਤਰਾਂ) ਅਗਿਆਨ ਵਸ ਕਿਹਾ ਕਿ -

*ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥*
*ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥* *ਅੰਗ- ੯੯੧*

ਪਿਆਰ ਦੀ ਮੂਰਤ ਰਾਏ ਬੁਲਾਰ ਜੀ ਤੇ ਬੇਬੇ ਨਾਨਕੀ ਜੀ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਆਪ ਨਿਰੰਕਾਰ ਦੀ ਜੋਤ ਨਜ਼ਰ ਆਉਂਦੇ ਹਨ ਪਰ ਦੁਨਿਆਵੀ ਰਿਸ਼ਤੇ ਵਾਲੇ ਪਿਤਾ ਜੀ ਸਤਿਕਾਰਯੋਗ ਬਾਬਾ ਮਹਿਤਾ ਕਲਿਆਣ ਦਾਸ ਜੀ ਜੀਵਨ ਦੇ ਆਖਰੀ ਪਲਾਂ ਤੱਕ ਕੇਵਲ ਦੁਨਿਆਵੀ ਦ੍ਰਿਸ਼ਟੀ ਨਾਲ ਹੀ ਦੇਖਦੇ ਸੀ। ਉਹਨਾਂ ਦੇ ਜੀਵਨ ਦੇ ਆਖਰੀ ਪਲਾਂ ਵਿਚ ਇਹ ਦ੍ਰਿਸ਼ਟੀ ਭੇਦ ਉਜਾਗਰ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਪੁੱਤਰ ਭਾਵਨਾ ਤੋਂ ਉਪਰ ਉਠ ਕੇ ਪ੍ਰਮੇਸ਼ਰ ਰੂਪ ਭਾਵਨਾ ਜਾਗ ਪਈ। ਇਕ ਨਹੀਂ ਅਨੇਕਾਂ ਇਤਿਹਾਸਿਕ ਤੇ ਮਿਥਿਹਾਸਿਕ ਵਰਤਾਰੇ ਹਨ ਜੋ ਦ੍ਰਿਸ਼ਟੀ ਭੇਦ ਨੂੰ ਉਜਾਗਰ ਕਰਦੇ ਹਨ।

ਇਸ ਦ੍ਰਿਸ਼ਟੀ ਭੇਦ ਸਿਧਾਂਤ ਦੀ ਪੁਸਟੀ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ ਜਦੋਂ ਅਸੀਂ ਹਥਲੇ ਅੰਕ ਵਿਚ ਨਾਮ ਦੇ ਰੰਗ ਵਿਚ ਰੱਤੀ ਰੂਹ ਡਾ. ਭਾਈ ਵੀਰ ਸਿੰਘ ਵਲੋਂ ਰਚਿਤ ਚੱਲ ਰਹੇ ਲੜੀਵਾਰ ਲੇਖ 'ਗੁਰੂ ਨਾਨਕ ਆਗਮਨ' ਵਿਚ ਸਾਲਸਰਾਏ ਜੌਹਰੀ ਦਾ ਸ੍ਰੀ ਗੁਰੂ ਨਾਨਕ ਸਾਹਿਬ ਨਾਲ ਨੂਰਾਨੀ ਮਿਲਣੀ ਦਾ ਪ੍ਰਸੰਗ ਪੜ੍ਹਦੇ ਹਾਂ। ਸਤਿਗੁਰੂ ਸੱਚੇ ਪਾਤਸ਼ਾਹ ਵਲੋਂ ਭਾਈ ਮਰਦਾਨੇ ਨੂੰ ਬਖਸ਼ਿਸ਼ ਕੀਤਾ ਕੀਮਤੀ ਲਾਲ ਬਜ਼ਾਰ ਵਿਚ ਕੱਚੇ ਵਪਾਰੀਆਂ ਨੂੰ ਨਿਗੁਣਾ ਭਾਸਦਾ ਹੈ। ਪਰ ਜੌਹਰੀਆਂ ਕੋਲ ਅਮੋਲਕ ਹੋ

ਨਿਬੜਦਾ ਹੈ। ਬਜ਼ਾਰ ਵਿਚ ਉਸ ਲਾਲ ਨੂੰ ਹਲਵਾਈ, ਸਬਜ਼ੀ ਫਰੋਸ਼ ਤੇ ਕੱਪੜੇ ਵਾਲਾ ਲਾਲ ਨੂੰ ਨਿਗੁਣਾ ਕਹਿੰਦੇ ਹਨ। ਤੁੱਛ ਜਾਣਦੇ ਹਨ। ਜਦੋਂ ਇਹੀ ਲਾਲ ਸਾਲਸਰਾਏ ਜੌਹਰੀ ਕੋਲ ਪਹੁੰਚਦਾ ਹੈ ਤਾਂ ਉਹ ਅਤੀ ਕੀਮਤੀ, ਅਮੋਲਕ ਹੋ ਨਿਬੜਦਾ ਹੈ ਜਿਸ ਦੀ ਦਰਸ਼ਨੀ ਭੇਟਾ ਹੀ 100 ਰੁਪਏ ਦਿਤੀ ਜਾਂਦੀ ਹੈ। ਇਸੇ ਤਰ੍ਹਾਂ ਇਕ ਦ੍ਰਿਸ਼ਟੀ ਸੰਸਾਰ ਨੂੰ ਦੁਖਾਂ ਦਾ ਘਰ ਮੰਨਦੀ ਹੈ। ਇਕ ਦ੍ਰਿਸ਼ਟੀ ਇਸ ਸੰਸਾਰ ਵਿਚੋਂ ਸੁੱਖ ਭਾਲਦੀ ਹੈ। ਪਰ ਇਹਨਾਂ ਤੋਂ ਉਚੇਰੀ ਦ੍ਰਿਸ਼ਟੀ ਸਭ ਦ੍ਰਿਸ਼ਟੀਆਂ ਤੋਂ ਉਪਰ ਹੈ। ਉਹ ਪੂਰਨ ਅਨੁਭਵ ਦੀ ਦ੍ਰਿਸ਼ਟੀ ਹੈ। ਉਹ ਅੰਦਰ ਸੁਭਾਇਮਾਨ ਪ੍ਰਮੇਸ਼ਰ ਦੀ ਦ੍ਰਿਸ਼ਟੀ ਹੈ। ਉਹ ਦਿੱਬਯ ਅੱਖਾਂ ਨਾਲ ਦੇਖਦੀ ਹੈ। ਦਿੱਬਯ ਕੰਨਾਂ ਨਾਲ ਸੁਣਦੀ ਹੈ। ਇਹ ਪੂਰਨ ਅਨੁਭਵ ਦਿਸਦੇ ਸੰਸਾਰ ਤੋਂ ਧਿਆਨ ਉਠਾ ਕੇ ਵਿਸਮਾਦ ਦੇ ਘਰ ਪਹੁੰਚਦਾ ਹੈ, ਆਪੇ ਵਿਚ ਲੀਨ ਹੁੰਦਾ ਹੈ।

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥*

*ਅੰਗ- ੪੪੧*

ਫਿਰ ਉਸ ਅਨੰਤ ਅਗੰਮ ਦਾ ਝਲਕਾਰਾ ਵਜਦਾ ਹੈ। ਫਿਰ ਤੁਰਦੇ-ਫਿਰਦੇ-ਉਠਦੇ-ਬੈਠਦੇ-ਸੌਂਦੇ-ਜਾਗਦੇ-ਖਾਂਦੇ-ਪੀਂਦੇ ਹਰ ਵਕਤ ਸੰਸਾਰ ਵਿਚੋਂ ਉਸੇ ਦਾ ਝਲਕਾਰਾ ਨਜ਼ਰੀ ਪੈਂਦਾ ਹੈ। ਫਿਰ ਇਸ ਦਿਸਦੇ ਵਿਚੋਂ ਉਸ ਦੀ ਹੋਂਦ ਦਾ ਅਹਿਸਾਸ ਭਾਸਦਾ ਹੈ। ਉਸ ਦੀ ਹੋਂਦ ਵਿਚ ਆਪਣੀ ਛੋਟੀ ਹੋਂਦ ਸੰਮਿਲਤ ਹੋ ਜਾਂਦੀ ਹੈ। ਦੂਜਾ ਕੋਈ ਰਹਿੰਦਾ ਹੀ ਨਹੀਂ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥*

*ਅੰਗ- ੬੧੦*

ਆਪਣਾ ਆਪਾ ਖਤਮ ਹੋ ਕੇ ਕੇਵਲ ਇਕ ਹੀ ਰਹਿ ਜਾਂਦਾ ਹੈ। ਉਹ ਹੈ ਆਪ ਪ੍ਰਮੇਸ਼ਰ ਵਾਹਿਗੁਰੂ। ਫਿਰ ਇਹੀ ਦਿਸਦਾ ਸੰਸਾਰ ***'ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ (ਅੰਗ-463) 'ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥ (ਅੰਗ-463)*** ਦੀ ਰੂਪਮਾਨਤਾ ਹੁੰਦੀ ਨਜ਼ਰ ਆਉਂਦੀ ਹੈ। ਦਿਸਦੇ ਸੰਸਾਰ ਵਿਚ ਦ੍ਰਿਸ਼ਟੀ ਚੁੱਕ ਕੇ ਅਣਦਿਸਦੇ ਪਿਛੇ ਵਸਦੇ ਵਾਹਿਗੁਰੂ ਤੇ ਰੱਖਣੀ ਇਹ ਗੁਰਮੁਖ ਮਾਰਗ ਹੈ। ਇਹੀ ਆਤਮ ਮਾਰਗ ਹੈ। ਇਸੇ ਸੰਕਲਪ ਦੀ ਪੂਰਤੀ ਹਿਤ ਰਤਵਾੜਾ ਸਾਹਿਬ ਵਾਲੇ ਪਿਆਰੇ ਮਹਾਂਪੁਰਸ਼ਾਂ ਨੇ ਦਿਨ ਰਾਤ ਨਾਮ ਬਾਣੀ ਦੀ ਘਾਲਣਾ ਘਾਲੀ ਤੇ ਹੋਰਨਾਂ ਨੂੰ ਇਸ ਪ੍ਰਤੀ ਪ੍ਰੇਰਿਆ। ਅੱਜ ਵੀ 'ਆਤਮ ਮਾਰਗ' ਮੈਗਜ਼ੀਨ ਰਾਹੀਂ ਉਹਨਾਂ ਦੇ ਪ੍ਰਵਚਨਾਂ ਨੂੰ ਘਰੋਂ ਘਰੀਂ ਪਹੁੰਚਾਉਣ ਦਾ ਉਪਰਾਲਾ ਟਰੱਸਟ ਰਤਵਾੜਾ ਸਾਹਿਬ ਵਲੋਂ ਕੀਤਾ ਜਾ ਰਿਹਾ ਹੈ। ਰੱਬ ਦੇ ਪਿਆਰਿਆਂ ਲਈ 'ਨਾਮ ਅਮੋਲਕ' ਹੈ। ਉਹਨਾਂ ਲਈ ***'ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ ॥ ਮੁਲਿ ਨ ਪਾਇਆ ਜਾਇ ਕਿਸੈ ਵਿਟਹੁ ਰਹੇ ਲੋਕ ਵਿਲਲਾਇ (ਅੰਗ-921) 'ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥ ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥(ਅੰਗ-81)*** ਸੋਝੀ ਵਾਲਿਆਂ ਲਈ ਪ੍ਰਮੇਸ਼ਰ ਦਾ ਨਾਮ ਅਮੋਲਕ ਹੈ ਪਰ ਜਿਨ੍ਹਾਂ ਕੋਲ ਦ੍ਰਿਸਟੀ ਨਹੀਂ ਉਹਨਾਂ ਲਈ ਇਹ ਨਿਗੁਣਾ ਹੈ। ਅਣਦ੍ਰਿਸ਼ਟੀ ਵਾਲੇ ਪਦਾਰਥਾਂ ਵਿਚੋਂ ਸੁਖ ਭਾਲਦੇ ਹਨ ਪਰ ਉਹਨਾਂ ਨੂੰ ਇਹ ਨਹੀਂ ਪਤਾ ਕਿ -

*ਸੁਖੁ ਨਾਹੀ ਬਹੁਤੈ ਧਨਿ ਖਾਟੇ ॥*
*ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥*
*ਸੁਖੁ ਨਾਹੀ ਬਹੁ ਦੇਸ ਕਮਾਏ ॥*
*ਸਰਬ ਸੁਖਾ ਹਰਿ ਹਰਿ ਗੁਣ ਗਾਏ ॥ ੧ ॥*
*ਸੂਖ ਸਹਜ ਆਨੰਦ ਲਹਹੁ ॥*
*ਸਾਧਸੰਗਤਿ ਪਾਈਐ ਵਡਭਾਗੀ*
*ਗੁਰਮੁਖਿ ਹਰਿ ਹਰਿ ਨਾਮੁ ਕਹਹੁ ॥*
*ਅੰਗ- ੧੧੪੭*

ਇਸ ਪਵਿੱਤਰ ਪੰਕਤੀ ਵਿਚ ਕਈ ਸਿਧਾਂਤ ਰੂਪਮਾਨ ਹੋ ਰਹੇ ਹਨ। ਬਹੁਤਾ ਧਨ ਕਮਾਉਣ ਨਾਲ, ਨਾਟਕਾਂ ਚੇਟਕਾਂ ਵਿਚ ਗੁਲਤਾਨ ਰਹਿਣ ਨਾਲ, ਬਹੁਤੇ ਦੇਸ਼ਾਂ ਦਾ ਭ੍ਰਮਣ ਤੇ ਜਿੱਤ ਪ੍ਰਾਪਤ ਕਰਨ ਨਾਲ ਸੁੱਖਾਂ ਦੀ ਪ੍ਰਾਪਤੀ ਨਹੀਂ। ਸੁੱਖਾਂ ਦੀ ਪ੍ਰਾਪਤੀ ਤਾਹੀਂਉ ਹੋ ਸਕਦੀ ਹੈ ਜੇਕਰ ਪ੍ਰਮੇਸ਼ਰ ਦੀ ਸਿਫਤ ਸਲਾਹ ਵਿਚ ਜੁੜਿਆ ਜਾਵੇ, ਰੱਬ ਦੇ ਪਿਆਰਿਆਂ ਦੀ ਸੰਗਤ ਮਾਣੀ ਜਾਵੇ। ਇਹ ਸਾਰਾ ਕੁਝ ਵੱਡੇ ਭਾਗਾਂ ਦੀ ਨਿਸ਼ਾਨੀ ਹੁੰਦੀ ਹੈ। ਫਿਰ ਗੁਰਮੁਖਾਂ ਦੀ ਸੰਗਤ ਵਿਚ ਜਾ ਕੇ ਨਾਮ ਦੀ ਕਮਾਈ ਕੀਤੀ ਜਾਂਦੀ ਹੈ। ਫਿਰ ਸਦਾ ਦਾ ਅਮਰ ਜੀਵਨ ਪ੍ਰਾਪਤ ਹੋ ਜਾਂਦਾ ਹੈ। ਸਦੀਵੀ ਖੇੜੇ ਦੀ ਪ੍ਰਾਪਤੀ ਹੋ ਜਾਂਦੀ ਹੈ। ਰੱਬੀ ਨੂਰ ਦਾ ਝਲਕਾਰਾ ਹਰ ਪਾਸੇ ਝਲਕਦਾ ਹੈ। ਇਹ ਦਿੱਬਯ ਦ੍ਰਿਸ਼ਟੀ ਹੈ। ਇਹੀ ਚੜ੍ਹਦੀ ਕਲਾ ਹੈ ਜੋ ਗੁਰਮੁਖਾਂ ਨੂੰ ਨਾਮ ਜਪਣ ਨਾਲ ਮਿਲਦੀ ਹੈ। ਇਹੀ ਨਾਮ ਦੀ ਖੁਮਾਰੀ ਹੈ। ਇਹੀ ਬਸੰਤ ਹੈ। ਜਿਵੇਂ ਪਵਿੱਤਰ ਬਾਣੀ ਦਾ ਫੁਰਮਾਨ ਹੈ -

*ਬਸੰਤੁ ਚੜਿਆ ਫੂਲੀ ਬਨਰਾਇ ॥*
*ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥ ੧ ॥*
*ਇਨ ਬਿਧਿ ਇਹੁ ਮਨੁ ਹਰਿਆ ਹੋਇ ॥*
*ਹਰਿ ਹਰਿ[illegible] ਨ ਰਾ[illegible]*
*ਗੁਰਮੁਖਿ ਹਉਮੈ ਕਢੈ ਧੋਇ ॥ ੧ ॥ ਅੰਗ- ੧੧੭੭*

ਇਸੇ ਨੂਰੀ, ਖੇੜੇ ਦੇ ਜੀਵਨ ਦੀ ਗੁਰਸੁਖੀਂ ਵੱਲੋਂ9 ਅਰਦਾਸ ਹੁੰਦੀ ਹੈ। ਉੱਚੀ ਸੁੱਚੀ ਦ੍ਰਿਸ਼ਟੀ ਨਾਲ ਜੀਵ ਦਾ ਪਾਰ ਉਤਾਰਾ ਹੋ ਸਕਦਾ ਹੈ। ਦ੍ਰਿਸ਼ਟੀ ਭੇਦ ਕਿਉਂ

# ਫਲਗੁਣਿ

## (ਸੰਗਰਾਂਦ 13 ਫਰਵਰੀ 2019 ਬੁੱਧਵਾਰ)

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥*
*ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥*
*ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥*
*ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥*
*ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥*
*ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥*
*ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥*
*ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥*
*ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥*
*ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥*

*ਅੰਗ - ੧੩੬*

ਵਾਹਿਗੁਰੂ ਜੀ ਨੇ ਆਪਣੀ ਮੌਜ ਵਿਚ ਸ੍ਰਿਸ਼ਟੀ ਦੀ ਰਚਨਾ ਕੀਤੀ। ਸ਼ਬਦ ਤੋਂ ਪਸਾਰਾ ਹੋਇਆ -

***ਕੀਤਾ ਪਸਾਉ ਏਕੋ ਕਵਾਉ॥***
***ਤਿਸ ਤੇ ਹੋਏ ਲਖ ਦਰੀਆਉ॥*** *ਅੰਗ - ੩*

ਜੋ ਕੁਝ ਵੀ ਅਸੀਂ ਦ੍ਰਿਸ਼ਟਮਾਨ ਵਿਚ ਤੱਕ ਰਹੇ ਹਾਂ ਉਹ ਸਾਰਾ ਪਸਾਰਾ ਗੁਰਮਤਿ ਅਨੁਸਾਰ ਇਕ ਸ਼ਬਦ ਤੋਂ ਵਜੂਦ ਵਿਚ ਆਇਆ-

***ਏਕ ਕਵਾਵੈ ਤੇ ਸਭਿ ਹੋਆ॥***
***ਕਰਣੈਹਾਰਾ ਬੂਝਹੁ ਰੇ॥*** *ਅੰਗ - ੧੦੦੩*

ਹੁਕਮ ਦੀ ਕ੍ਰਿਆ ਤੋਂ ਆਕਾਰ ਬਣ ਗਏ, ਅਨੇਕ ਜੀਵ ਜੰਤੂ, ਜੂਨਾਂ ਹੋਂਦ ਵਿਚ ਆ ਗਈਆਂ। ਇਨ੍ਹਾਂ ਸਾਰੀਆਂ ਜੂਨਾਂ ਵਿਚੋਂ ਮਨੁੱਖ ਜੂਨੀ ਸਭ ਤੋਂ ਉਤਮ ਹੈ। ਜਿਉਂ-ਜਿਉਂ ਚੇਤਨਾ ਵਿਚ ਵਸਦਾ ਗਿਆ, ਸੂਝ ਵਧਦੀ ਗਈ। ਇਹ ਸਾਰੀਆਂ ਜੂਨਾਂ ਇਕ ਗੋਲ ਚੱਕਰ ਦੀ ਸ਼ਕਲ ਵਿਚ ਚੱਕਰ ਤੇ ਚੜ੍ਹੀਆਂ ਘੁੰਮਣ ਲੱਗੀਆਂ। ਜਿਉਂ-ਜਿਉਂ ਵਿਕਾਸ ਹੁੰਦਾ ਗਿਆ ਤਿਉਂ-ਤਿਉਂ ਇਹ ਪੂਰਨ ਚੇਤਨਾ ਦੇ ਗੇੜੇ ਉਸ ਚੱਕਰ ਤੇ ਚੜ੍ਹੀਆਂ, ਆਹਿਸਤਾ-ਆਹਿਸਤਾ ਘੁੰਮਦੀਆਂ ਅੱਗੇ ਵਧਦੀਆਂ ਗਈਆਂ ਅਤੇ ਕ੍ਰਮਵਾਰ ਮਨੁੱਖ ਸ਼੍ਰੇਣੀ ਵਿਚ ਦਾਖਲ ਹੁੰਦੀਆਂ ਰਹੀਆਂ-

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਮਿਲੁ ਜਗਦੀਸ ਮਿਲਨ ਕੀ ਬਰੀਆ॥***
***ਚਿਰੰਕਾਲ ਇਹ ਦੇਹ ਸੰਜਰੀਆ॥***

*ਅੰਗ - ੧੭੬*

ਮਨੁੱਖ ਦੀ ਦੇਹ ਕ੍ਰੋੜਾਂ ਸਾਲਾਂ ਦਾ ਇੰਤਜ਼ਾਰ ਕਰਨ ਪਿਛੋਂ ਪ੍ਰਾਪਤ ਹੋਈ। ਇਸ ਦਾ ਮੁੱਖ ਮੰਤਵ ਗੁਰੂ ਮਹਾਰਾਜ ਜੀ ਨੇ ਬਹੁਤ ਸਪਸ਼ਟ ਕਰਕੇ ਦੱਸਿਆ ਹੈ। ਉਹ ਇਹ ਹੈ ਕਿ ਇਸ ਸਰੀਰ ਦੇ ਅੰਦਰ ਵਾਹਿਗੁਰੂ ਜੀ ਆਪ ਵਸਦੇ ਹਨ। ਪੂਰਨ ਮਹਾਂਪੁਰਸ਼ਾਂ ਨੂੰ ਮਿਲ ਕੇ ਵਾਹਿਗੁਰੂ ਜੀ ਦੇ ਦਰ ਤੱਕ ਪਹੁੰਚਣਾ ਹੈ ਪਰ ਹੋਇਆ ਕੀ, ਇਹ ਮਨੁੱਖ ਮਾਇਆ ਦੇ ਛਲ ਵਿਚ ਆ ਗਿਆ ਅਤੇ ਉਸਦੀਆਂ ਪ੍ਰਬਲ ਸ਼ਕਤੀਆਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਸ਼ਬਦ, ਸਪਰਸ਼, ਰੂਪ, ਰਸ, ਗੰਧ ਵਰਗੇ ਵਿਸ਼ਿਆਂ ਅਤੇ ਰਾਜ, ਮਾਲ, ਰੂਪ, ਜਾਤ, ਜੋਬਨ ਵਰਗੇ ਠੱਗਾਂ ਦੇ ਧੱਕੇ ਚੜ੍ਹ ਗਿਆ; ਆਸਾ, ਅੰਦੇਸਾ ਦੇ ਜਾਲ ਵਿਚ ਫਸ ਗਿਆ। ਤ੍ਰਿਸ਼ਨਾ ਦੀ ਅੱਗ ਦੇ ਭਾਂਬੜ ਵਿਚ ਜਲਣ ਲੱਗਿਆ, ਵੈਰ, ਵਿਰੋਧ, ਕਾਮ, ਕ੍ਰੋਧ, ਮੋਹ ਝੂਠ, ਬਿਕਾਰ,

ਮਹਾ ਲੋਭ, ਧ੍ਰੋਹ ਦੀਆਂ ਪ੍ਰਬਲ ਸ਼ਕਤੀਆਂ ਦੇ ਅਸਰ ਵਿਚ ਫਸਿਆ ਆਪਣੇ ਜੀਵਨ ਦਾ ਸਮਾਂ ਵਿਅਰਥ ਗੁਆ ਲਿਆ। ਇਸ ਜੀਵ ਅੰਦਰ ਹਉਮੈ ਤੱਤ ਉਭਰ ਕੇ ਪੂਰੇ ਜੋਬਨ ਨਾਲ ਇਸਦੀ ਸੋਝੀ ਨੂੰ ਦੂਸ਼ਿਤ ਕਰਦਾ ਰਿਹਾ, ਇਸ ਜੀਵ ਨੇ ਕਰਮ ਕੀਤਾ ਅਤੇ ਉਨ੍ਹਾਂ ਨੂੰ ਆਪਣੀ ਸੋਝੀ ਵਿਚ ਧਾਰਨ ਕਰ ਲਿਆ ਕਿ ਇਹ ਸਾਰੇ ਕੰਮ ਮੈਂ ਕੀਤੇ ਹਨ। 'ਮੈਂ' ਦੇ ਭਾਵ ਨਾਲ ਕਰਮਾਂ ਦਾ ਚੱਕਰ ਇਸ ਦੇ ਦੁਆਲੇ ਚਿੰਬੜ ਗਿਆ ਅਤੇ ਇਹ ਕਰਮ ਜਾਲ ਵਿਚ ਫਸ ਗਿਆ। ਇਸ ਕਿਰਤ ਕਰਮ ਨੇ ਪ੍ਰਭੂ ਜੋਤ ਨੂੰ ਭੁਲਾ ਦਿਤਾ ਅਤੇ ਮੁੜ ਕੇ ਇਹ ਪਤਨ ਵਲ ਨੂੰ ਉਸੇ ਕਾਲ ਚੱਕਰ ਤੇ ਘੁੰਮਣ ਲਗਿਆ। ਹੌਲੀ-ਹੌਲੀ ਫੇਰ ਮਾਨਸ ਦੇਹ ਪ੍ਰਾਪਤ ਕਰਨ ਦੇ ਮੌਕੇ (chance) ਦੇ ਨੇੜੇ ਆਉਣ ਲੱਗਿਆ ਪਰ ਫੇਰ ਮਨੁੱਖ ਬਣ ਕੇ ਉਸੇ ਚੱਕਰ ਵਿਚ ਗ੍ਰਸਤ ਹੋ ਗਿਆ। ਇਹ ਸਾਡੀ ਦਸ਼ਾ ਹੈ ਜਿਸ ਵਿਚ ਪ੍ਰਵਿਰਤ ਹੋਏ-ਹੋਏ ਅਸੀਂ ਬਾਣੀ ਦੀ ਸਤਿ ਅਵਾਜ਼ ਨੂੰ ਅੰਦਰ ਸੁਣ ਨਹੀਂ ਰਹੇ ਜੋ ਬਾਰ-ਬਾਰ ਇਹ ਕਹਿ ਰਹੀ ਹੈ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅੰਗ - ੧੨***

ਬਾਣੀ ਦੱਸ ਰਹੀ ਹੈ ਕਿ ਤੇਰੀ ਵਾਰੀ ਆ ਗਈ, ਤੂੰ ਸਾਵਧਾਨ ਹੋ। ਜਿਹੜੇ ਕੰਮਾਂ ਵਿਚ ਤੂੰ ਰੁਝਿਆ ਹੈਂ ਇਹ ਤੇਰੀ ਮਦਦ ਕਰਨ ਲਈ ਨਾਲ ਨਹੀਂ ਜਾਣੇ। ਤੈਨੂੰ ਅਸੀਂ ਬਹੁਤ ਹੀ ਪਿਆਰ ਨਾਲ ਸਲਾਹ ਦਿੰਦੇ ਹਾਂ, ਉਹਨੂੰ ਸੁਣ -

*ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥*
*ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥*
*ਅਉਧ ਘਟੈ ਦਿਨਸੁ ਰੈਣਾਰੇ ॥*
*ਮਨ ਗੁਰ ਮਿਲਿ ਕਾਜ ਸਵਾਰੇ ॥ ੧ ॥ ਰਹਾਉ ॥*
*ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ*
*॥ ਜਿਸਹਿ ਜਗਾਇ ਪੀਆਵੈ*
*ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥ ੨ ॥*
*ਜਾ ਕਉ ਆਏ ਸੋਈ ਬਿਹਾਝਹੁ*
*ਹਰਿ ਗੁਰ ਤੇ ਮਨਹਿ ਬਸੇਰਾ॥*
*ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ*
*ਬਹੁਰਿ ਨ ਹੋਇਗੋ ਫੇਰਾ ॥ ੩ ॥*
*ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥*
*ਨਾਨਕ ਦਾਸੁ ਇਹੈ ਸੁਖੁ ਮਾਗੈ*
*ਮੋ ਕਉ ਕਰਿ ਸੰਤਨ ਕੀ ਧੂਰੇ॥ ੪ ॥ ੫ ॥*
***ਅੰਗ - ੧੩***

ਅਤੇ ਜਿਨ੍ਹਾਂ ਕੰਮਾਂ ਵਿਚ ਅਸੀਂ ਰੁਝੇ ਹਾਂ ਉਨ੍ਹਾਂ ਦੀ ਅਸਾਰਤਾ ਦਰਸਾਉਂਦੇ ਹੋਏ ਆਪ ਫੁਰਮਾਨ ਕਰਦੇ ਹਨ ਕਿ ਇਹ ਮਹਿਲ ਮਾੜੀਆਂ ਜਿਨ੍ਹਾਂ ਵਿਚ ਤੂੰ ਖਚਿਤ ਹੋਇਆ ਹੋਇਆ ਹੈਂ, ਇਹ ਕੁਝ ਵੀ ਨਹੀਂ, ਕੇਵਲ ਮਿਟੀ ਦੀਆਂ ਢੇਰੀਆਂ ਹਨ। ਮਾਇਆ ਕਮਾਉਣ ਦੇ ਚੱਕਰ ਵਿਚ ਪਿਆ ਹੋਇਆ ਤੂੰ ਗਫਲਤ ਕਰ ਰਿਹਾ ਹੈਂ ਤੇ ਤੇਰਾ ਸਮਾਂ ਲੰਘਦਾ ਤੁਰਿਆ ਜਾ ਰਿਹਾ ਹੈ। ਇਹ ਸਮਾਂ ਬਾਰ-ਬਾਰ ਨਹੀਂ ਆਉਣਾ -

***ਕਬੀਰ ਮਾਨਸ ਜਨਮੁ ਦੁਲੰਭੁ ਹੈ***
***ਹੋਇ ਨ ਬਾਰੈ ਬਾਰ॥***
***ਜਿਉ ਬਨ ਫਲ ਪਾਕੇ ਭੁਇ ਗਿਰਹਿ***
***ਬਹੁਰਿ ਨ ਲਾਗਹਿ ਡਾਰ॥ ਅੰਗ - ੧੩੬੬***

ਇਸ ਤਰ੍ਹਾਂ ਦੀਆਂ ਘੁਮੇਟਣੀਆਂ ਖਾਂਦੇ ਨੂੰ ਜੁਗਾਂ ਦੇ ਜੁਗ ਬਤੀਤ ਹੋ ਗਏ। ਕ੍ਰੋੜਾਂ ਸਾਲ ਲੰਘ ਗਏ। ਗੁਰੂ ਮਹਾਰਾਜ ਜੀ ਸਾਵਧਾਨ ਕਰਦੇ ਹੋਏ ਫੁਰਮਾਨ ਕਰਦੇ ਹਨ -

***ਫਿਰਤ ਫਿਰਤ ਬਹੁਤੇ ਜੁਗ ਹਾਰਿਓ***
***ਮਾਨਸ ਦੇਹ ਲਹੀ॥***
***ਨਾਨਕ ਕਹਤ ਮਿਲਨ ਕੀ ਬਰੀਆ***
***ਸਿਮਰਤ ਕਹਾ ਨਹੀ॥ ਅੰਗ - ੬੩੧***

***ਫਰੀਦਾ ਕੋਠੇ ਮੰਡਪ ਮਾੜੀਆ***
***ਏਤੁ ਨ ਲਾਏ ਚਿਤੁ॥***
***ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ॥***
***ਅੰਗ - ੧੩੮੦***

***ਤੁਰੇ ਪਲਾਣੇ ਪਉਣ ਵੇਗ***
***ਹਰ ਰੰਗੀ ਹਰਮ ਸਵਾਰਿਆ॥***
***ਕੋਠੇ ਮੰਡਪ ਮਾੜੀਆ***
***ਲਾਇ ਬੈਠੇ ਕਰਿ ਪਾਸਾਰਿਆ॥***
***ਚੀਜ ਕਰਨਿ ਮਨਿ ਭਾਵਦੇ***
***ਹਰਿ ਬੁਝਨਿ ਨਾਹੀ ਹਾਰਿਆ॥***
***ਕਰਿ ਫੁਰਮਾਇਸਿ ਖਾਇਆ***
***ਵੇਖਿ ਮਹਲਤਿ ਮਰਣੁ ਵਿਸਾਰਿਆ॥***
***ਜਰੁ ਆਈ ਜੋਬਨਿ ਹਾਰਿਆ॥ ਅੰਗ -***
***੪੭੨***

ਸੋ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਆ! ਤੈਨੂੰ ਬਹੁਤ ਮੁਸ਼ਕਲਾਂ ਦੇ ਨਾਲ ਇਹ ਮਾਨਸ ਦੇਹੀ ਪ੍ਰਾਪਤ ਹੋਈ ਹੈ। ਇਹ ਕੇਵਲ ਪ੍ਰਭੂ ਨੂੰ ਮਿਲਣ ਵਾਸਤੇ ਹੈ। ਤੂੰ ਬਹੁਤ ਦੁਖਾਂ ਦੇ ਵਿਚ ਪਿਆ ਹੋਇਆ ਮਾਇਆ ਦੀ ਪਕੜ ਵਿਚ ਆ ਕੇ ਘੁੰਮ ਰਿਹਾ ਹੈਂ। ਐ ਜੀਵ! ਤੂੰ ਉਨ੍ਹਾਂ ਪੁਰਸ਼ਾਂ ਦੀ ਸੰਗਤ ਵਿਚ ਜਾਹ, ਜਿਨ੍ਹਾਂ ਨੇ ਵਾਹਿਗੁਰੂ ਜੀ

ਨਾਲ ਮਿਲਾਪ ਕਰ ਲਿਆ ਹੈ ਜਿਨ੍ਹਾਂ ਨੂੰ ਇਕ ਸੁਆਸ ਭੀ ਪ੍ਰਭੂ ਨਹੀਂ ਵਿਸਰਦਾ, ਉਹ ਤੱਤ ਬੇਤੇ ਸੰਤ, ਗੁਰੂ ਲੋਕ ਤੈਨੂੰ ਪ੍ਰਭੂ ਦੇ ਨਾਲ ਮਿਲਾ ਦੇਣਗੇ -

*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਅੰਗ - ੧੨*

ਸੋ ਗੁਰੂ ਮਹਾਰਾਜ ਜੀ ਮਾਝ ਰਾਗ ਦੇ ਬਾਰਾਮਾਹ ਵਿਚ ਹੋਰ ਸਪਸ਼ਟ ਕਰਦਿਆਂ ਹੋਇਆਂ ਫੁਰਮਾਨ ਕਰਦੇ ਹਨ -

*ਕਿਰਤਿ ਕਰਮ ਕੇ ਵੀਛੁੜੇ*
*ਕਰਿ ਕਿਰਪਾ ਮੇਲਹੁ ਰਾਮ॥*
*ਚਾਰਿ ਕੁੰਟ ਦਹ ਦਿਸ ਭ੍ਰਮੇ*
*ਥਕਿ ਆਏ ਪ੍ਰਭ ਕੀ ਸਾਮ॥ ਅੰਗ - ੧੩੩*

ਸੰਤਾਂ ਨੂੰ ਮਿਲ ਕੇ ਨਾਮ ਦੀ ਸੋਝੀ ਆਉਂਦੀ ਹੈ -

*ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥ ਅੰਗ - ੧੩੩*

ਉਹ ਫੁਰਮਾਉਂਦੇ ਹਨ ਕਿ ਇਕ ਖਿਨ ਮਾਤਰ ਵੀ ਵਾਹਿਗੁਰੂ ਤੋਂ ਬਿਨਾਂ ਜਿਉਣਾ ਬਿਰਥਾ ਹੋਇਆ ਕਰਦਾ ਹੈ। ਜਿਹੜਾ ਇਸ ਪ੍ਰਭੂ ਨੂੰ ਨਹੀਂ ਮਿਲਦਾ ਉਸਨੂੰ ਕਿੰਨੇ ਕੁ ਦੁਖਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਇਸ ਦਾ ਕੋਈ ਵੀ ਅੰਦਾਜ਼ਾ ਨਹੀਂ ਲਗਦਾ ਕਿਉਂਕਿ ਸਾਰੇ ਕਲੇਸ਼, ਸਾਰੇ ਵਿਘਨ ਇਸ ਜੀਵ ਦੇ ਗਲ ਪੈ ਜਾਂਦੇ ਹਨ। ਅਵਿਦਿਆ, ਅਸਮਿਤਾ, ਅਭਿਨਿਵੇਸ਼, ਰਾਗ, ਦ੍ਵੈਸ਼ ਵਰਗੇ ਕਲੇਸ਼ਾਂ ਵਿਚ ਪਿਆ ਜੀਵ ਆਪਣਾ ਜਨਮ ਬਿਰਥਾ ਗਵਾ ਲੈਂਦਾ ਹੈ। ਸੋ ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ -

*ਸੋ ਪ੍ਰਭੁ ਚਿਤਿ ਨ ਆਵਈ*
*ਕਿਤੜਾ ਦੁਖੁ ਗਣਾ॥ ਅੰਗ - ੧੩੩*

*ਕੋਟਿ ਬਿਘਨ ਤਿਸੁ ਲਾਗਤੇ*
*ਜਿਸ ਨੋ ਵਿਸਰੈ ਨਾਉ॥ ਅੰਗ - ੫੨੨*

ਬਾਰਹ ਮਾਹ ਇਸ ਜੀਵ ਨੂੰ ਪ੍ਰਭੂ ਮਿਲਾਪ ਦੀ ਲਗਨ ਲਾਉਂਦਾ ਹੈ ਅਤੇ ਸੰਗਤ ਵਿਚ ਮਿਲ ਕੇ ਵਿਚਾਰ ਕਰਦਾ ਹੈ ਕਿ ਅੱਜ ਸਾਲ ਦਾ ਇਕ ਚੱਕਰ ਪੂਰਾ ਕਰਕੇ ਆਖਰੀ ਪੜਾਅ ਤੇ ਪਹੁੰਚ ਚੁਕਿਆ ਹੈ। ਮਾਘ ਦੇ ਮਹੀਨੇ ਵਿਚ ਸੰਤਾਂ ਦੀ ਸੰਗਤ ਅਤੇ ਉਨ੍ਹਾਂ ਦੀ ਧੂੜੀ ਦਾ ਮਹਾਤਮ ਦਸਿਆ ਗਿਆ ਸੀ ਜਿਸ ਦੇ ਫਲਸਰੂਪ ਇਸ ਜੀਵ ਨੇ ਜੀਵਨ ਢਾਲਿਆ ਤੇ ਹੁਣ ਫਲਗੁਣ ਦੇ ਮਹੀਨੇ ਇਸ ਦੀ ਕ੍ਰੋੜਾਂ ਅਰਬਾਂ ਸਾਲਾਂ ਦੀ ਲੱਗੀ ਹੋਈ ਲੋਚਾ ਪੂਰੀ ਕਰ ਦਿਤੀ। ਵਾਹਿਗੁਰੂ ਜੀ ਪ੍ਰਗਟ ਹੋ ਗਏ, ਸੰਤਾਂ ਨੇ ਪੂਰੀ ਸਹਾਇਤਾ ਕੀਤੀ। ਇਸ ਤੋਂ ਪਹਿਲਾਂ ਵਾਹਿਗੁਰੂ ਜੀ ਰਹਿੰਦੇ ਕਿਥੇ ਸਨ? ਗੁਰਬਾਣੀ ਦੇ ਅੰਦਰ ਬਹੁਤ ਹੀ ਵਿਸਥਾਰ ਨਾਲ ਖੋਲ੍ਹ ਕੇ ਦੱਸਿਆ ਗਿਆ ਹੈ ਕਿ ਇਸ ਸਰੀਰ ਦੀ ਮਹੱਤਤਾ ਇਸੇ ਕਰਕੇ ਹੈ ਕਿ ਵਾਹਿਗੁਰੂ ਜੀ ਨੇ ਆਪਣਾ ਆਸਣ ਇਸ ਸਰੀਰ ਵਿਚ ਸਥਾਪਿਤ ਕੀਤਾ ਹੋਇਆ ਹੈ ਅਤੇ ਆਪਣੇ ਤੱਕ ਪਹੁੰਚਣ ਦਾ ਰਸਤਾ ਤੱਤ ਬੇਤੇ ਮਹਾਂਪੁਰਸ਼ਾਂ ਨੂੰ ਪ੍ਰਗਟ ਕੀਤਾ ਹੋਇਆ ਹੈ। ਉਹ ਸੰਸਾਰ ਦੇ ਭਲੇ ਲਈ ਘਾਲ ਕਮਾਈਆਂ ਕਰਕੇ ਜਗਿਆਸੂਆਂ ਨੂੰ ਦਸਦੇ ਰਹਿੰਦੇ ਹਨ ਕਿ ਇਸ ਸਰੀਰ ਦੇ ਨੌਂ ਦਰਵਾਜ਼ਿਆਂ ਵਿਚੋਂ ਕੋਈ ਵੀ ਦਰਵਾਜ਼ਾ ਵਾਹਿਗੁਰੂ ਜੀ ਵਲ ਨਹੀਂ ਖੁਲ੍ਹਦਾ। ਇਹ ਸਾਰੇ ਦਰਵਾਜ਼ੇ ਬਾਹਰ ਨੂੰ ਖੁਲ੍ਹਦੇ ਹਨ। ਅੱਖੀਆਂ ਦੇਖ ਕੇ ਰਜਦੀਆਂ ਨਹੀਂ, ਕੰਨ ਗੀਤ ਅਤੇ ਨਾਦ ਸੁਣ-ਸੁਣ ਕੇ ਪਰਚੇ ਰਹਿੰਦੇ ਹਨ, ਜੀਭ ਅਨੇਕ ਕਿਸਮ ਦੇ ਸਵਾਦਾਂ ਵਿਚ ਪਰਚੀ ਰਹਿੰਦੀ ਹੈ। ਬਹੁਤ ਕਿਸਮ ਦੇ ਕੁ-ਰਸ ਮਾਣ ਕੇ ਨਿਤਾਣੀ ਬਣਦੀ ਜਾਂਦੀ ਹੈ, ਨੱਕ ਅਨੇਕ ਕਿਸਮ ਦੀਆਂ ਸੁਗੰਧੀਆਂ ਵਿਚ ਪਰਚਦਾ ਹੈ ਤੇ ਹੋਰ ਇੰਦ੍ਰੇ ਵਿਸ਼ੇ ਭੋਗਾਂ ਵਿਚ ਪਰਚੇ ਰਹਿੰਦੇ ਹਨ। ਇਹ ਸਾਰੇ ਵਾਹਿਗੁਰੂ ਜੀ ਨੂੰ ਮਿਲਾਉਣ ਵਾਸਤੇ ਜਦੋਂ ਤੱਕ ਸੋਧੇ ਨਾ ਜਾਣ, ਸਹਾਇਤਾ ਕਰਨ ਦੀ ਥਾਂ ਇਸ ਜੀਵ ਨੂੰ ਬੁਰੀ ਤਰ੍ਹਾਂ ਫਸਾ ਦਿੰਦੇ ਹਨ ਪਰ ਜਦੋਂ ਮਹਾਂਪੁਰਸ਼ਾਂ ਦੀ ਕ੍ਰਿਪਾ ਹੋ ਜਾਵੇ ਤੇ ਇਸ ਜੀਵ ਨੂੰ ਸਮਰੱਥ ਗੁਰੂ ਦਾ ਮੰਤ੍ਰ ਪ੍ਰਾਪਤ ਹੋ ਜਾਵੇ ਤਾਂ ਇਹੀ ਇੰਦ੍ਰੇ ਸਹਾਇਤਾ ਕਰਦੇ ਹਨ। ਰਸਨਾ ਨਾਮ ਜਪਦੀ ਹੈ, ਸਰਵਣ ਹਰੀ ਦਾ ਜਸ ਸੁਣਦੇ ਹਨ ਜਿਸ ਦਾ ਫਲ ਕਈ ਕ੍ਰੋੜਾਂ ਜੱਗਾਂ ਤੋਂ ਵੱਧ ਹੁੰਦਾ ਹੈ -

*ਕਈ ਕੋਟਿਕ ਜਗ ਫਲਾ*
*ਸੁਣਿ ਗਾਵਨਹਾਰੇ ਰਾਮ॥ ਅੰਗ - ੫੪੬*

ਨੇਤਰ ਪ੍ਰਭੂ ਪਿਆਰਿਆਂ ਦੇ ਦਰਸ਼ਨ ਕਰਕੇ, ਚਰਨ ਸਤਿਸੰਗ ਤੇ ਜਾਣ ਕਰਕੇ, ਹੱਥ ਸੇਵਾ ਕਰਕੇ, ਹਿਰਦਾ ਵਾਹਿਗੁਰੂ ਦਾ ਪਿਆਰ ਹਿਰਦੇ ਵਿਚ ਵਸਣ ਕਰਕੇ, ਮੱਥਾ ਸੰਤਾਂ ਦੀ ਧੂੜੀ ਨਾਲ ਛੁਹਾ ਕੇ ਪਵਿੱਤਰ ਹੋ ਜਾਂਦਾ ਹੈ -

*ਚਰਨਹ ਗੋਬਿੰਦ ਮਾਰਗੁ ਸੁਹਾਵਾ॥*
*ਆਨ ਮਾਰਗ ਜੇਤਾ ਕਿਛੁ ਧਾਈਐ*
*ਤੇਤੋ ਹੀ ਦੁਖੁ ਹਾਵਾ॥*
*ਨੇਤ੍ਰ ਪੁਨੀਤ ਭਏ ਦਰਸੁ ਪੇਖੇ*
*ਹਸਤ ਪੁਨੀਤ ਟਹਲਾਵਾ॥*
*ਰਿਦਾ ਪੁਨੀਤ ਰਿਦੈ ਹਰਿ ਬਸਿਓ*
*ਮਸਤ ਪੁਨੀਤ ਸੰਤ ਧੂਰਾਵਾ॥*
*ਸਰਬ ਨਿਧਾਨ ਨਾਮਿ ਹਰਿ ਹਰਿ ਕੈ*
*ਜਿਸੁ ਕਰਮਿ ਲਿਖਿਆ ਤਿਨਿ ਪਾਵਾ॥*
*ਜਨ ਨਾਨਕ ਕਉ ਗੁਰੁ ਪੂਰਾ ਭੇਟਿਓ*

*ਸੁਖਿ ਸਹਜੇ ਅਨਦ ਬਿਹਾਵਾ॥*
*ਅੰਗ - ੧੨੧੨*

ਗੁਰੂ ਮਹਾਰਾਜ ਜੀ ਵਾਹਿਗੁਰੂ ਜੀ ਦੇ ਟਿਕਾਣੇ ਬਾਰੇ ਫੁਰਮਾਨ ਕਰਦੇ ਹਨ -

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ॥*
*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ॥*
*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ॥ ਅੰਗ - ੧੦੩੩*

ਇਕ ਹੋਰ ਥਾਂ ਸਪਸ਼ਟ ਕਰਦੇ ਹੋਏ ਫੁਰਮਾਨ ਕਰਦੇ ਹਨ -

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ*
*ਖੁਲੀਜੈ॥*
*ਅਨਹਦ ਵਾਜੇ ਧੁਨਿ ਵਜਦੇ*
*ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ*
*ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ*
*ਜਿਨਿ ਆਪੇ ਰਚਨ ਰਚਾਈ॥ ਅੰਗ - ੯੫੪*

ਸੋ ਇਸ ਸਰੀਰ ਦੇ ਵਿਚ ਉਪਮਾ ਰਹਿਤ ਵਾਹਿਗੁਰੂ ਜੀ ਦਾ ਨਿਵਾਸ ਅਸਥਾਨ ਵਾਹਿਗੁਰੂ ਜੀ ਦਾ ਵਾਸਾ ਹੈ। ਪਰ ਇਹ ਜੀਵ ਮਾਇਆ ਵਿਚ ਖਚਿਤ ਹੋਇਆ ਹੋਇਆ ਅੰਦਰਲੇ ਰਾਹ ਦੀ ਪਛਾਣ ਨਹੀਂ ਕਰਦਾ ਅਤੇ ਨਾ ਹੀ ਇਹਦੇ ਅੰਦਰ ਰੁਚੀ ਪੈਦਾ ਹੁੰਦੀ ਹੈ ਕਿ ਮੈਂ ਵਾਹਿਗੁਰੂ ਜੀ ਦੇ ਦਰਸ਼ਨ ਪਾਵਾਂ। ਇਹ ਜੀਵ ਨਾਮ ਰੂਪੀ ਮੋਤੀ ਚੁਗਣ ਦੀ ਥਾਂ ਮਰੇ ਹੋਏ ਵਿਸ਼ਿਆਂ ਰੂਪੀ ਡੰਗਰਾਂ ਦਾ ਮਾਸ ਚੂੰਡ-ਚੂੰਡ ਖਾਂਦਾ ਹੈ ਅਤੇ ਆਪਣਾ ਜਨਮ ਬਿਰਥਾ ਗੁਆਉਂਦਾ ਹੈ। ਜਦੋਂ ਬਾਰਹ ਮਾਹ ਵਿਚ ਦੱਸੇ ਹੋਏ ਉਪਦੇਸ਼ ਇਸ ਜੀਵ ਨੇ ਕਮਾ ਲਏ ਤਾਂ ਉਸਨੂੰ ਪ੍ਰਭੂ ਦੇ ਦਰਸ਼ਨ ਹੋ ਜਾਂਦੇ ਹਨ। ਉਸਨੂੰ ਉਹ ਗੁਪਤ ਰਸਤਾ ਮਿਲ ਜਾਂਦਾ ਹੈ ਜੋ ਦਸਵੇਂ ਦੁਆਰ ਵਲ ਨੂੰ ਜਾਂਦਾ ਹੈ। ਇਸ ਮਹੀਨੇ ਦੇ ਵਿਚ ਪ੍ਰਗਟ ਕਰਦਿਆਂ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਫਲਗੁਣਿ ਅਨੰਦ ਉਪਾਰਜਨਾ*
*ਹਰਿ ਸਜਣ ਪ੍ਰਗਟੇ ਆਇ॥ ਅੰਗ - ੧੩੬*

ਵਾਹਿਗੁਰੂ ਜੀ ਦੇ ਮਿਲਾਪ ਦਾ ਕਿੰਨਾ ਅਨੰਦ ਆਇਆ, ਇਹ ਕਹਿਣ ਸੁਣਨ ਤੋਂ ਬਾਹਰ ਹੈ। ਜਿਸ ਥਾਂ ਵਾਹਿਗੁਰੂ ਜੀ ਇਸ ਸਰੀਰ ਵਿਚ ਰਹਿੰਦੇ ਹਨ, ਉਸੇ ਬਾਰੇ ਭਾਈ ਗੁਰਦਾਸ ਜੀ ਪ੍ਰਗਟ ਕਰਦੇ ਹੋਏ ਦਸਦੇ ਹਨ ਕਿ ਜੋ ਇਸ ਸਰੀਰ ਦੇ ਵਿਚ ਦਸਵੇਂ ਦੁਆਰ ਦਾ ਟਿਕਾਣਾ ਹੈ, ਉਸਨੂੰ ਵਰਨਣ ਕਰਨਾ ਅਤਿ ਕਠਿਨ ਹੈ ਕਿਉਂਕਿ ਉਸਦੇ ਬਰਾਬਰ ਦਾ ਕੋਈ ਹੋਰ ਟਿਕਾਣਾ ਹੈ ਹੀ ਨਹੀਂ।

ਦਸਮ ਦੁਆਰ ਉਹ ਸ੍ਰੋਤ ਹੈ, ਉਹ ਸਥਾਨ ਹੈ ਜਿਥੋਂ ਮਨ ਤੇ ਇੰਦ੍ਰੀਆਂ ਦੀਆਂ ਬਿਰਤੀਆਂ ਤਾਕਤ ਲੈ ਕੇ ਬਾਹਰਮੁਖ ਦੌੜਦੀਆਂ ਅਤੇ ਬਾਹਰ ਆਪਣੇ-ਆਪਣੇ ਪਦਾਰਥਾਂ ਤੱਕ ਗੰਮਤਾ ਪਾ ਕੇ ਪਿਛਾਹਾਂ ਆਪਣੇ ਅੰਦਰ ਉਕਤ ਕੇਂਦਰ ਵਲ ਮੁੜ-ਲਗਾਤਾਰ ਬਾਹਰਲੀ ਅੰਦਰਲੀ ਕਾਰਵਾਈ ਵਿਚ ਵਰਤਿਆ ਕਰਦੀਆਂ ਹਨ। ਓਥੋਂ ਸਤ੍ਹਾ ਮਿਲਦੀ ਹੈ ਅਤੇ ਇਹ ਜੀਵ ਉਹ ਸਤ੍ਹਾ ਪਾ ਕੇ ਆਪਣੇ ਸੁਭਾਅ ਮੁਤਾਬਿਕ ਕਰਮ ਕਰਦਾ ਹੈ -

*ਇਸ ਕਾ ਬਲੁ ਨਾਹੀ ਇਸੁ ਹਾਥ॥*
*ਕਰਨ ਕਰਾਵਨ ਸਰਬ ਕੋ ਨਾਥ॥*
*ਅੰਗ - ੨੭੭*

ਸੋ ਸਾਰੀਆਂ ਬਿਰਤੀਆਂ ਬਾਹਰਲੀ ਖਬਰ ਅੰਦਰ ਭੇਜਦੀਆਂ ਰਹਿੰਦੀਆਂ ਹਨ। ਜਦੋਂ ਜੀਵ ਘਾਲ ਕਮਾਈ ਕਰਕੇ ਦਸਮ ਦੁਆਰ ਵਿਚ ਸੁਰਤ ਨਾਲ ਪਹੁੰਚਦਾ ਹੈ ਤਾਂ ਇਸ ਅਸਥਾਨ ਤੇ ਜੋਤੀ ਦੇ ਦਰਸ਼ਨ ਹੁੰਦੇ ਹਨ ਜਿਸ ਨੂੰ ਉਨਮਨੀ ਜੋਤ ਕਿਹਾ ਗਿਆ ਹੈ। ਪਰਪੱਕ ਅਭਿਆਸ ਕਾਰਨ ਇਹ ਜੋਤੀ ਸਾਖਸ਼ਾਤਕਾਰ ਹੋ ਜਾਇਆ ਕਰਦੀ ਹੈ ਅਤੇ ਅੰਦਰ ਅਨਹਤ ਨਾਦ ਦੀ ਸਹਿਜ ਧੁਨ ਦੇ ਰੂਪ ਵਿਚ ਨਾਮ ਦੀ ਤਾਰ ਬੱਝ ਜਾਇਆ ਕਰਦੀ ਹੈ ਜਿਸਨੂੰ ਅਨਹਦ ਧੁਨੀ ਕਿਹਾ ਜਾਂਦਾ ਹੈ। ਇਸ ਧੁਨ ਵਿਚ ਸੁਰਤ ਇਕ ਸਾਰ ਜੁੜਦੀ ਹੈ ਅਤੇ ਇਸ ਜੀਵ ਦੀ ਸੁਰਤ ਅਦਭੁੱਤ ਰਸ ਨੂੰ ਅਨੁਭਵ ਕਰਿਆ ਕਰਦੀ ਹੈ। ਜਿਸ ਦੀ ਤੇਲ ਧਾਰਾ ਵਤ ਪ੍ਰਵਾਹਿਤ ਅਵਸਥਾ ਨੂੰ, ਅਪਾਰ ਨਿਝਰ ਧਾਰ, ਕਹਿ ਕੇ ਕਥਨ ਕੀਤਾ ਗਿਆ ਹੈ। ਇਹ ਜੀਵ ਇਸ ਅੰਮ੍ਰਿਤ ਵਾਲੇ ਜੋਤੀ ਸਰੂਪ

ਅਕਾਲ ਪੁਰਖ ਵਿਚ ਸਮਾਅ ਜਾਇਆ ਕਰਦਾ ਹੈ। ਆਪੇ ਤੋਂ ਪਾਰ ਹੋ ਕੇ ਇਹ ਛੋਟਾ ਆਪਾ ਵੱਡੇ ਆਪੇ ਵਿਚ ਲੀਨ ਹੋ ਜਾਇਆ ਕਰਦਾ ਹੈ। ਆਪ ਜੀ ਨੇ ਸਪਸ਼ਟ ਕਰਦਿਆਂ ਫੁਰਮਾਨ ਕੀਤਾ ਹੈ -

*ਦਸਮ ਸਥਾਨ ਕੇ ਸਮਾਨ ਕੌਨ ਭੌਨ ਕਹੋਂ*
*ਗੁਰ ਮੁਖਿ ਪਾਵੈ ਸੁ ਤਉ ਅਨਤ ਨ ਪਾਵਈ॥*
*ਉਨਮਨੀ ਜੋਤਿ ਪਟੰਤਰ ਦੀਜੈ ਕਉਨ ਜੋਤਿ*
*ਦਯਾ ਕੈ ਦਿਖਾਵੈ ਜਾਹੀ ਤਾਹੀ ਬਨ*
*ਆਵਈ॥*
*ਅਨਹਦ ਨਾਦ ਸਮਸਰ ਨਾਦ ਬਾਦ ਕਉਨ*
*ਸ੍ਰੀ ਗੁਰੂ ਸੁਨਾਵੈ ਜਾਂਹਿ ਸੋਈ ਲਿਵ*
*ਲਾਵਈ॥*
*ਨਿਝਰ ਅਪਾਰ ਧਾਰ ਤੁੱਲ ਨ ਅੰਮ੍ਰਿਤਰਸ*
*ਅਪਿਉ ਪੀਆਵੈ ਜਾਂਹਿ ਤਾਹੀ ਮੈ*
*ਸਮਾਵਈ॥ ਪੰਨਾ - 36 (ਕਬਿੱਤ ਸ੍ਵਯੇ ਭਾਈ*
*ਗੁਰਦਾਸ ਜੀ)*

ਜਦੋਂ ਇਸ ਅਸਥਾਨ ਤੇ ਸੁਰਤੀ ਪਹੁੰਚਦੀ ਹੈ ਤਾਂ ਬ੍ਰਹਮ ਸ਼ਾਖਸ਼ਾਤਕਾਰ ਹੋ ਜਾਇਆ ਕਰਦਾ ਹੈ। ਦਰਸ਼ਨ ਦੇਖਦੇ ਹੀ ਨਾ ਸੁਧ ਰਹਿੰਦੀ ਹੈ ਕਿਉਂਕਿ ਐਸਾ ਝਲਕਾਰਾ ਵਜਦਾ ਹੈ ਅਤੇ ਅੰਦਰ ਐਨਾਂ ਰਸ ਤਾਰੀ ਹੋ ਜਾਂਦਾ ਹੈ ਅਤੇ ਇਕ ਅਕਹਿ ਰਸ ਅਕਹਿ ਅਨੰਦ ਇਸ ਜੀਵ ਨੂੰ ਅਨੁਭਵ ਹੁੰਦਾ ਹੈ ਕਿ ਕੁਝ ਵੀ ਯਾਦ ਨਹੀਂ ਰਹਿੰਦਾ। ਕੋਈ ਸੰਸਕਾਰ ਸੁਰਤ ਵਿਚ ਨਹੀਂ ਆਉਂਦਾ, ਬੁੱਧ ਬੁੱਝਣ ਵਾਲੀ ਸ਼ਕਤੀ ਐਥੇ ਗੁੰਮ ਹੋ ਜਾਇਆ ਕਰਦੀ ਹੈ। ਬੁਧੀ ਦੇ ਵਿਚੋਂ, ਥਹੁ ਲਾ ਲੈਣ ਦਾ ਬਲ ਅਲੋਪ ਹੋ ਜਾਇਆ ਕਰਦਾ ਹੈ। ਸੁਰਤ ਨੂੰ ਸੋਝੀ ਨਾ ਰਹੀ ਅਤੇ ਸੋਚ ਵਿਚਾਰ ਵਿਚ ਧਿਆਨ ਕਰਨ ਦੀ ਹਿੰਮਤ ਨਾ ਰਹੀ, ਗਿਆਨ ਵਿਚ ਗਿਆਨ ਨਾ ਰਿਹਾ, ਜੋ ਕੁਝ ਹੁਣ ਤਾਈਂ ਜਾਨਿਆ ਸੀ ਉਹ ਸਾਰੇ ਦਾ ਸਾਰਾ ਗਿਆਨ ਉਠ ਗਿਆ ਅਤੇ ਗੱਲ ਦੀ ਤਹਿ ਵਿਚ ਪਹੁੰਚਣ ਅਥਵਾ ਪ੍ਰਵਿਰਤ ਹੋਣ ਵਾਲੀ ਜੋ ਸ਼ਕਤੀ ਸੀ ਉਸਦੀ ਗਤਿ ਨਾ ਰਹੀ। ਧੀਰਜ ਦਾ ਧੀਰਜ, ਹੰਗਤਾ ਦਾ ਹੰਗਤਾਪੁਣ (ਅਹੰਭਾਵ) ਚਲਾ ਗਿਆ, ਕੇਵਲ ਪਿਆਰ ਰਹਿ ਗਿਆ ਅਤੇ ਪ੍ਰਤਿਸ਼ਟਾ (ਮਨੁੱਖੀ ਗੌਰਵਤਾ ਦੀ ਮਨੌਤ) ਲਤ ਪਤ, ਲੜਖੜਾ, ਖੁਆਰ ਹੋ ਗਈ। ਇਕ ਅਦਭੁੱਤ ਰਸ ਵਿਚ ਲੀਨ ਹੋ ਗਿਆ। ਅਚੰਭੇ ਤੋਂ ਵੀ ਅਚੰਭਾ ਸਰੂਪ, ਅਸਚਰਜ ਹੈਰਾਨੀ ਵਿਚ ਪਾਉਣ ਵਾਲੀ ਦਸ਼ਾ ਤੋਂ ਵੀ ਅਤਿਅੰਤ ਕਰਕੇ ਚਮਤਕਾਰ ਵਾਲੀ ਦਸ਼ਾ ਵਿਚ ਲੀਨ ਹੋ ਗਈ। ਇਹ ਅਭੇਦ ਅਵਸਥਾ ਦਾ ਜੋ ਅਨੰਦ ਹੈ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਵਾਹਿਗੁਰੂ ਜੀ ਦਾ ਮਿਲਾਪ ਹੋਇਆ ਉਹ ਦਸਮ ਦੁਆਰ ਵਿਚ ਹੀ ਪ੍ਰਗਟ ਹੋ ਗਏ, ਤਾਂ ਮਹਾਨ ਅਨੰਦ ਦੀ ਪ੍ਰਾਪਤੀ ਹੋਈ। ਇਹ ਮਹਾਨ ਕ੍ਰਿਪਾ ਗੁਰੂ ਰੂਪ ਸੰਤਾਂ ਨੇ ਕੀਤੀ। ਹੁਣ ਅਨੁਭਵ ਦੀ ਸੇਜ ਉਤੇ ਰੌਣਕਾਂ ਲਗ ਗਈਆਂ। ਅਨੇਕ ਕਿਸਮ ਦੇ ਪ੍ਰਕਾਸ਼, ਅਨੇਕ ਕਿਸਮ ਦੀਆਂ ਸੰਗੀਤਕ ਲਹਿਰਾਂ ਦੇ ਵਾਜੇ ਵਜ ਰਹੇ ਹਨ ਅਤੇ ਸਾਰੇ ਦੁਖਾਂ ਦਾ ਖਾਤਮਾ ਹੋ ਗਿਆ ਹੈ। ਭਾਈ ਗੁਰਦਾਸ ਜੀ ਇਸ ਅਵਸਥਾ ਦਾ ਵਰਨਣ ਕਰਦੇ ਹੋਏ ਫੁਰਮਾਨ ਕਰਦੇ ਹਨ -

*ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ*
*ਬੁਧਿ ਕੀ ਨ ਬੁਧਿ ਰਹੀ ਮਤਿ ਮੈਂ ਨ ਮਤਿ*
*ਹੈ॥*
*ਸੁਰਤਿ ਮੈਂ ਨ ਸੁਰਤਿ ਅਉ*
*ਧਯਾਨ ਮੈਂ ਨ ਧਯਾਨ ਰਹਯੋ*
*ਗਯਾਨ ਮੈ ਨ ਗਯਾਨ ਰਹਯੋ*
*ਗਤਿ ਮੈਂ ਨ ਗਤਿ ਹੈ॥*
*ਧੀਰਜ ਕੌ ਧੀਰਜ ਗਰਬ ਕੌ ਗਰਬ ਗਯੋ*
*ਰਤਿ ਮੈਂ ਨ ਰਤਿ ਰਹੀ ਪਤਿ ਰਤਿ ਪਤਿ ਹੈ॥*
*ਅਦਭੁਤ ਪਰਮਦਭੁਤ ਬਿਸਮੈ ਬਿਸਮ*
*ਅਸਚਰਜੈ ਅਸਚਰਜ ਅਤਿ ਅਤਿ ਹੈ।।*
*ਪੰਨਾ - 34 (ਕਬਿੱਤ ਸ੍ਵਯੇ ਭਾਈ ਗੁਰਦਾਸ*
*ਜੀ)*

ਹੁਣ ਹਿਰਦੇ ਰੂਪ ਸੇਜ ਸੁਹਾਵੀ ਹੋ ਗਈ, ਦੁਖਾਂ ਦਾ ਖਾਤਮਾ ਹੋ ਗਿਆ। ਜਨਮਾਂ-ਜਨਮਾਂਤਰਾਂ ਦੀ ਲੱਗੀ ਹੋਈ ਪ੍ਰਭੂ ਦੇ ਮਿਲਾਪ ਦੀ ਇਛਿਆ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੋ ਗਈ ਕਿਉਂਕਿ ਸਮਰੱਥ ਗੁਰੂ ਨੇ ਉਹ ਘਰ ਦਿਖਾ ਦਿਤਾ, ਜਿਥੇ ਮੇਰੇ ਪ੍ਰਭੂ ਦਾ ਸਦੀਵ ਹੀ ਵਾਸਾ ਹੈ। ਸਮਰੱਥ ਗੁਰੂ ਦੀ ਇਹੀ ਨਿਸ਼ਾਨੀ ਹੋਇਆ ਕਰਦੀ ਹੈ -

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ॥*
*ਪੰਚ ਸਬਦ ਧੁਨਿਕਾਰ ਧੁਨਿ*
*ਤਹ ਬਾਜੈ ਸਬਦੁ ਨੀਸਾਣੁ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥*
*ਤਾਰ ਘੋਰ ਬਾਜਿੰਤ੍ਰ ਤਹ*
*ਸਾਚਿ ਤਖਤਿ ਸੁਲਤਾਨੁ॥*
*ਸੁਖਮਨ ਕੈ ਘਰਿ ਰਾਗੁ ਸੁਨਿ*
*ਸੁੰਨਿ ਮੰਡਲਿ ਲਿਵ ਲਾਇ॥*
*ਅਕਥ ਕਥਾ ਬੀਚਾਰੀਐ*
*ਮਨਸਾ ਮਨਹਿ ਸਮਾਇ।।*
*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ॥*
*ਅਜਪਾ ਜਾਪੁ ਨ ਵੀਸਰੈ*
*ਆਦਿ ਜੁਗਾਦਿ ਸਮਾਇ॥*

*ਸਭਿ ਸਖੀਆ ਪੰਚੇ ਮਿਲੇ*
*ਗੁਰਮਖਿ ਨਿਜ ਘਰਿ ਵਾਸੁ॥*
*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕੁ ਤਾ ਕਾ ਦਾਸੁ॥ ਅੰਗ - ੧੨੯੧*

ਹੁਣ ਸਾਰੀਆਂ ਸੰਗਣਾਂ-ਸਾਥਣਾਂ ਜੀਵ ਰੂਪ ਇਸਤ੍ਰੀ ਨਾਲ ਮਿਲ ਕੇ ਵਾਦੀ-ਏ-ਨੂਰ ਵਿਚ ਮੰਗਲ ਗਾ ਰਹੀਆਂ ਹਨ। ਸਾਰੀਆਂ ਸੁਰਤੀਆਂ-ਬਿਰਤੀਆਂ, ਕਰਮ ਇੰਦ੍ਰੀਆਂ ਮਿਲ ਕੇ ਇਸ ਨਿਜ ਘਰੁ ਦੇ ਗੁਣ ਗਾ ਰਹੀਆਂ ਹਨ -

*ਸਭਿ ਸਖੀਆ ਪੰਚੇ ਮਿਲੇ*
*ਗੁਰਮੁਖਿ ਨਿਜ ਘਰਿ ਵਾਸੁ॥*
*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕੁ ਤਾ ਕਾ ਦਾਸੁ॥ ਅੰਗ - ੧੨੯੧*

ਇਹ ਜੀਵ ਆਤਮਾ ਹੈਰਾਨ ਹੋ ਗਈ ਕਿ ਵਾਹਿਗੁਰੂ ਜੀ ਵਰਗਾ ਤਾਂ ਹੋਰ ਕੋਈ ਹੈ ਹੀ ਨਹੀਂ ਜਿਨ੍ਹਾਂ ਨੇ ਮੇਰਾ ਹਲਤ ਵੀ ਸਵਾਰ ਦਿਤਾ ਅਤੇ ਦਰਗਾਹ ਵਿਚ ਨਿਹਚਲ ਥਾਂ ਬਖਸ਼ ਦਿਤੀ। ਹੁਣ ਸੰਸਾਰ ਦੇ ਭਿਆਨਕ ਸਾਗਰ ਵਿਚ ਗੋਤੇ ਖਾਣ ਲਈ ਜੰਮਣ ਮਰਨ ਦਾ ਚੱਕਰ ਹੀ ਬੰਦ ਕਰ ਦਿਤਾ। ਜਿਹਬਾ ਮੇਰੀ ਇਕ ਹੈ, ਤੇਰੇ ਗੁਣਾਂ ਦਾ ਸ਼ੁਮਾਰ ਨਹੀਂ, ਮੈਂ ਕਿਵੇਂ ਤੇਰੇ ਗੁਣ ਗਾਵਾਂ। ਵਾਹਿਗੁਰੂ ਜੀ ਨੂੰ ਨਿਤ ਹੀ ਸਲਾਹੁਣਾ ਉਚਿਤ ਹੈ ਭਾਵੇਂ ਉਸਨੂੰ ਇਕ ਤਿਲ ਜਿੰਨੀ ਵੀ ਤਮ੍ਹਾ ਨਹੀਂ ਹੈ, ਉਸਦੇ ਗੁਣ ਗਾਉਣ ਨਾਲ ਜੀਵ ਦਾ ਹੀ ਭਲਾ ਹੈ -

*ਮਿਲਿ ਸਹੀਆ ਮੰਗਲੁ ਗਾਵਹੀ*
*ਗੀਤ ਗੋਵਿੰਦ ਅਲਾਇ॥*
*ਹਰਿ ਜੇਹਾ ਅਵਰੁ ਨ ਦਿਸਈ*
*ਕੋਈ ਦੂਜਾ ਲਵੈ ਨ ਲਾਇ॥*
*ਹਲਤੁ ਪਲਤੁ ਸਵਾਰਿਓਨੁ*
*ਨਿਹਚਲ ਦਿਤੀਅਨੁ ਜਾਇ॥।*
*ਸੰਸਾਰ ਸਾਗਰ ਤੇ ਰਖਿਅਨੁ*
*ਬਹੁੜਿ ਨ ਜਨਮੈ ਧਾਇ॥*
*ਜਿਹਵਾ ਏਕ ਅਨੇਕ ਗੁਣ ਤਰੇ*
*ਨਾਨਕ ਚਰਣੀ ਪਾਇ॥*
*ਫਲਗੁਣਿ ਨਿਤ ਸ ਲਾਹੀਐ*
*ਜਿਸ ਨੋ ਤਿਲੁ ਨ ਤਮਾਇ॥ ਅੰਗ - ੧੩੬*

ਨਾਮ ਦੀ ਮਹਿਮਾ ਦਸਦੇ ਹੋਏ ਆਪ ਫੁਰਮਾਨ ਕਰਦੇ ਹਨ ਕਿ ਜਿਸ-ਜਿਸ ਨੇ ਵੀ ਨਾਮ ਆਪਣੇ ਧਿਆਨ ਵਿਚ ਵਸਾ ਲਿਆ ਹੈ ਉਸ ਦੇ ਦੋਹਾਂ ਜਹਾਨਾਂ ਦੇ ਕਾਰਜ ਵਾਹਿਗੁਰੂ ਜੀ ਆਪ ਪੂਰਾ ਕਰਦੇ ਹਨ। ਪੂਰਾ ਗੁਰੂ ਅਰਾਧਣ ਨਾਲ ਦਰਗਾਹ ਵਿਚ ਖਰੇ ਸਮਝ ਕੇ ਆਦਰ ਮਿਲਦਾ ਹੈ, ਸਾਰੇ ਸੁਖਾਂ ਦਾ ਖਜ਼ਾਨਾ ਵਾਹਿਗੁਰੂ ਜੀ ਦੀ ਯਾਦ ਵਿਚ ਸੰਮਿਲਤ ਹੈ ਅਤੇ ਉਨ੍ਹਾਂ ਦੀ ਯਾਦ ਹਿਰਦੇ ਵਿਚ ਵਸਾਉਣ ਨਾਲ ਮਹਾਂਭਿਆਨਕ ਭਵਜਲ ਤਰ ਜਾਈਦਾ ਹੈ। ਭਗਤੀ ਕਰਕੇ, ਹਰੀ ਦੇ ਗੁਣ ਗਾ ਕੇ, ਸਰਵਣ, ਸਿਮਰਨ, ਅਰਦਾਸ ਕਰਕੇ ਸਾਨੂੰ ਪ੍ਰੇਮਾ ਭਗਤੀ ਪ੍ਰਾਪਤ ਹੋ ਜਾਂਦੀ ਹੈ ਤਾਂ ਮਾਇਆ ਮੁੜ ਕੇ ਆਪਣੀ ਅੱਗ ਵਿਚ ਜਾਲ ਨਹੀਂ ਸਕਦੀ। ਇਹ ਜੋ ਮਾਇਆ ਜਾਲ ਹੈ ਇਸ ਦਾ ਮਿਥਿਆਪੁਣ ਪ੍ਰਗਟ ਹੋ ਕੇ ਸਦੀਵੀ ਇਕੋ ਵਾਹਿਗੁਰੂ ਜੀ ਹੀ ਹਰ ਥਾਂ ਦੇ ਉੱਤੇ ਦ੍ਰਿਸ਼ਟੀਗੋਚਰੇ ਹੁੰਦਾ ਹੈ। ਸੋ ਜਿਨ੍ਹਾਂ ਨੇ ਇਸ ਪ੍ਰਮੇਸ਼ਰ ਨੂੰ ਹਿਰਦੇ ਵਿਚ ਵਸਾ ਲਿਆ ਹੈ ਅਤੇ ਉਨ੍ਹਾਂ ਦੀ ਸੇਵਾ ਕਰਦੇ ਹਨ, ਉਨ੍ਹਾਂ ਉਪਰ ਵਾਹਿਗੁਰੂ ਜੀ ਦੀ ਨਦਰ ਹੋ ਜਾਇਆ ਕਰਦੀ ਹੈ ਉਸ ਦੇ ਵਾਸਤੇ ਮਾਹ, ਦਿਵਸ, ਮਹੂਰਤ, ਵਿਘਨਕਾਰੀ ਨਹੀਂ ਹੁੰਦੇ, ਉਨ੍ਹਾਂ ਨੂੰ ਚੰਗੇ ਮੰਦੇ ਦਿਨ ਗਿਣਨ ਦੀ, ਜਾਚਣ ਦੀ ਕੋਈ ਲੋੜ ਨਹੀਂ ਹੁੰਦੀ। ਉਨ੍ਹਾਂ ਵਾਸਤੇ ਸਾਰੇ ਹੀ ਦਿਨ ਸ਼ੁਭ ਹੋਇਆ ਕਰਦੇ ਹਨ। ਜਿੰਨੇ ਵੀ ਵਿਘਨ ਹੁੰਦੇ ਹਨ ਉਹ ਸਾਰੇ ਦੇ ਸਾਰੇ ਉਨ੍ਹਾਂ ਨੂੰ ਲਗਦੇ ਹਨ ਜਿਨ੍ਹਾਂ ਨੇ ਪ੍ਰਭੂ ਪਿਆਰੇ ਨੂੰ ਭੁਲਾ ਕੇ ਜ਼ਿੰਦਗੀ ਦੇ ਅੰਧਕਾਰ ਵਿਚ ਧੱਕਾ ਖਾਧਾ ਹੈ। ਅਖੀਰ ਵਿਚ ਗੁਰੂ ਮਹਾਰਾਜ ਜੀ ਸਾਨੂੰ ਅਰਦਾਸ ਕਰਨ ਦੀ ਜਾਚ ਦਸਦੇ ਹੋਏ ਫੁਰਮਾਨ ਕਰਦੇ ਹਨ ਕਿ ਹੇ ਵਾਹਿਗੁਰੂ ਜੀ! ਅਸੀਂ ਭੁਲੇ ਹੋਏ ਜੀਵ ਹਾਂ, ਤੁਸੀਂ ਸਾਡੇ ਉਤੇ ਕ੍ਰਿਪਾ ਕਰਕੇ ਸਾਨੂੰ ਪੂਰਨ ਤੱਤ ਬੇਤੇ ਸਮਰੱਥ ਗੁਰੂ ਦਾ ਮਿਲਾਪ ਬਖਸ਼ੋ, ਆਪਣੇ ਪਿਆਰਿਆਂ ਦੇ ਦਰਸ਼ਨ ਬਖਸ਼ੋ, ਅਸੀਂ ਮਾਇਕ ਸੋਝੀ ਦੀ ਥਾਂ ਆਪ ਦੇ ਨਾਮ ਵਿਚ ਲੀਨ ਹੋ ਜਾਈਏ ਅਤੇ ਅਸਾਡਾ ਜੋ ਮੁਖ ਮੰਤਵ ਪ੍ਰਭੂ ਪ੍ਰਾਪਤੀ ਦਾ ਹੈ ਉਹ ਪੂਰਾ ਹੋ ਜਾਵੇ -

*ਜਿਨਿ ਜਿਨਿ ਨਾਮੁ ਧਿਆਇਆ*
*ਤਿਨ ਕੇ ਕਾਜ ਸਰੇ॥*
*ਹਰਿ ਗੁਰੁ ਪੂਰਾ ਆਰਾਧਿਆ*
*ਦਰਗਹ ਸਚਿ ਖਰੇ॥*
*ਸਰਬ ਸੁਖਾ ਨਿਧਿ ਚਰਣ ਹਰਿ*
*ਭਉਜਲੁ ਬਿਖਮੁ ਤਰੇ॥*
*ਪ੍ਰੇਮ ਭਗਤਿ ਤਿਨ ਪਾਈਆ*
*ਬਿਖਿਆ ਨਾਹਿ ਜਰੇ॥*
*ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥*
*ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ॥*
*ਮਾਹ ਦਿਵਸ ਮੂਰਤ ਭਲੇ*
*ਜਿਸ ਕਉ ਨਦਰਿ ਕਰੇ॥*
*ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥*
*ਅੰਗ - ੧੩੬*

ਸਮੁੱਚੇ ਬਾਰਹ ਮਾਹ ਵਿਚ ਆਈ ਗੁਰਬਾਣੀ ਇਸ ਕਿਰਤ ਕਰਮ ਕਰਕੇ ਵਿਛੜੇ ਜੀਵ ਨੂੰ ਜੋ ਕ੍ਰੋੜਾਂ ਸਾਲਾਂ ਤੋਂ ਚਉਰਾਸੀ ਦੇ ਚੱਕਰ ਖਾਂਦਾ ਅਤਿ ਦੁਖੀ ਹੋ ਰਿਹਾ ਸੀ, ਨੂੰ ਪ੍ਰਭੂ ਮਿਲਾਪ ਦੀ ਲਗਨ ਲਾਉਂਦਾ ਹੈ। ਚੇਤ ਦੇ ਮਹੀਨੇ ਰਾਹੀਂ ਪ੍ਰਗਟ ਹੁੰਦਾ ਹੈ ਕਿ ਗੋਬਿੰਦ ਦੇ ਅਰਾਧਣ ਨਾਲ ਘਣਾ ਅਨੰਦ ਮਿਲਦਾ ਹੈ। ਇਹ ਅਨੰਦ ਸੰਤਾਂ ਨੂੰ ਮਿਲ ਕੇ ਪ੍ਰਾਪਤ ਹੁੰਦਾ

# ਬਾਬਾਣੀਆਂ ਕਹਾਣੀਆਂ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-28)*

ਦੂਸਰੀ ਸਿੱਧੀ ਆਪਣੇ ਸਰੀਰ ਨੂੰ ਐਨਾ ਵੱਡਾ ਕਰ ਲੈਣਾ ਕਿ ਵੇਖਦੇ-ਵੱਖਦੇ ਹੀ ਸੈਂਕੜੇ ਫੁੱਟ ਉਚਾ ਹੋ ਜਾਣਾ, ਬਹੁਤ ਭਾਰ ਵਧਾ ਲੈਣਾ। ਇਸ ਨੂੰ **'ਮਹਿੰਮਾ ਸਿੱਧੀ'** ਆਖਿਆ ਜਾਂਦਾ ਹੈ।

ਤੀਸਰੀ ਸਿੱਧੀ ਰੂੰ ਵਰਗੇ ਹਲਕੇ ਫੁਲਕੇ ਪਦਾਰਥ ਨੂੰ ਐਨਾ ਭਾਰੀ ਕਰ ਦੇਣਾ ਕਿ ਉਹ ਕਿਸੇ ਤੋਂ ਵੀ ਚੁਕਿਆ ਨਾ ਜਾਣਾ। ਇਸ ਤਰ੍ਹਾਂ ਆਪਣੇ ਸਰੀਰ ਨੂੰ ਐਨਾ ਭਾਰੀ ਕਰ ਦੇਣਾ ਕਿ ਕੋਈ ਭੀ ਉਸ ਦਾ ਅੰਗ ਨਾ ਹਿਲਾ ਸਕੇ। ਇਸ ਨੂੰ **'ਗਰਿਮਾ ਸਿੱਧੀ'** ਆਖਦੇ ਹਨ।

ਪਰਬਤ ਵਰਗੇ ਪਦਾਰਥ ਦਾ ਰੂੰਈ ਵਾਂਗੂ ਹਲਕੇ ਹੋ ਜਾਣਾ ਇਸ ਨੂੰ **'ਲਘਵਾ ਸਿੱਧੀ'** ਆਖਿਆ ਜਾਂਦਾ ਹੈ।

ਜਿਸ ਚੀਜ਼ ਦੀ ਵੀ ਇਛਾ ਕਰੇ ਭਾਵੇਂ ਉਹ ਸੰਸਾਰ ਵਿਚ ਕਿਸੇ ਥਾਂ ਹੋਵੇ ਜਾਂ ਨਾ ਹੋਵੇ ਉਸ ਨੂੰ ਪ੍ਰਾਪਤ ਕਰ ਲੈਣਾ। ਇਸ ਨੂੰ **'ਪ੍ਰਾਪਤ ਸਿੱਧੀ'** ਆਖਿਆ ਜਾਂਦਾ ਹੈ। ਇਹ ਆਮ ਤੌਰ ਤੇ ਚਿਲੇ ਕੱਟ ਕੇ ਵੀ ਪ੍ਰਾਪਤ ਹੋ ਜਾਂਦੀ ਹੈ।

ਇਕ ਵਾਰੀ ਦੀ ਗੱਲ ਹੈ ਕਿ ਚੰਡੀਗੜ੍ਹ ਦੇ ਵਿਚ ਜਦੋਂ ਮੈਂ ਸੈਕਟਰੀਏਟ ਵਿਚ job (ਨੌਕਰੀ) ਕਰਿਆ ਕਰਦਾ ਸੀ ਤਾਂ ਇਕ ਤਾਂਤਰੀ ਸਾਧੂ ਲਿਬਾਸ ਵਿਚ ਆਇਆ। ਉਸ ਦੇ ਨਾਲ ਕਈ ਬੰਦੇ ਸਨ। ਉਹ ਸਰਦਾਰ ਪ੍ਰਤਾਪ ਸਿੰਘ ਕੈਰੋਂ ਜੋ ਉਨ੍ਹਾਂ ਦਿਨਾਂ ਵਿਚ ਚੀਫ ਮਨਿਸਟਰ ਸਨ, ਨੂੰ ਮਿਲਣ ਦਫਤਰ ਵਿਚ ਗਿਆ। ਕਹਿਣ ਲੱਗਿਆ ਕਿ ਸ. ਜੀ ਦੱਸੋ, ਤੁਹਾਨੂੰ ਕਿਹੜੀ ਚੀਜ਼ ਖਲਾਈਏ। ਸਾਰੀ ਗੱਲ ਚੀਫ ਮਨਿਸਟਰ ਨੇ ਸੁਣੀ। ਉਨ੍ਹਾਂ ਦਿਨਾਂ ਵਿਚ ਜੇਠ ਹਾੜ੍ਹ ਦੀ ਗਰਮੀ ਸੀ ਉਹ ਕਹਿਣ ਲੱਗੇ ਕਿ ਮੈਨੂੰ ਤਾਜ਼ਾ ਛੋਲੀਆ ਚਾਹੀਦਾ ਹੈ ਉਸ ਨੇ ਆਪਣੇ ਉਪਰ ਲਏ ਹੋਏ ਕਪੜੇ ਵਿਚ ਹੱਥ ਪਾਇਆ ਅਤੇ ਦੋ ਬੰਡਲ ਤਾਜ਼ੇ-ਤਾਜ਼ੇ ਛੋਲੀਏ ਦੇ ਉਸਦੇ ਟੇਬਲ ਉਪਰ ਰੱਖ ਦਿਤੇ। ਇਸੇ ਤਰ੍ਹਾਂ ਨਾਲ ਇਕ ਬਹੁਤ ਨੇੜੇ ਤੋਂ ਜਾਨਣ ਵਾਲੇ ਮਿਲਟਰੀ ਆਫੀਸਰ ਸਨ। ਜਦੋਂ ਉਨ੍ਹਾਂ ਤੋਂ ਪੁਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਮੈਨੂੰ ਗਰਮ-ਗਰਮ ਰਸਗੁੱਲੇ ਚਾਹੀਦੇ ਹਨ। ਉਸ ਨੇ ਕਿਹਾ ਥਾਲ ਲੈ ਕੇ ਆਓ। ਉਸ ਉਪਰ ਕਪੜਾ ਪਾ ਕੇ ਹੱਥ ਉਚਾ ਕਰ ਲਓ। ਜਦੋਂ ਤੁਹਾਡੇ ਹੱਥ ਨੂੰ ਸੇਕ ਲਗਣ ਲਗ ਜਾਵੇ ਤਾਂ ਮੈਨੂੰ ਦੱਸ ਦੇਣਾ। ਉਸੇ ਤਰ੍ਹਾਂ ਕੀਤਾ ਗਿਆ। ਜਦੋਂ ਕਰਨਲ ਸਾਹਿਬ ਦਾ ਹੱਥ ਗਰਮੀ ਮਹਿਸੂਸ ਕਰਨ ਲੱਗਿਆ ਉਨ੍ਹਾਂ ਨੇ ਕਿਹਾ ਕਿ ਮੇਰੇ ਹੱਥ ਨੂੰ ਗਰਮੀ ਲਗ ਰਹੀ ਹੈ। ਉਸ ਤਾਂਤਰੀ ਨੇ ਕਿਹਾ ਕਿ ਤੂੰ ਆਪਣਾ ਹੱਥ ਕਪੜੇ ਹੇਠੋਂ ਬਾਹਰ ਖਿੱਚ ਲੈ। ਥਾਲ ਉਪਰੋਂ ਕਪੜਾ ਚੁੱਕ ਲੈ ਅਤੇ ਮਨ ਭਾਉਂਦੇ ਰਸਗੁੱਲਿਆਂ ਨੂੰ ਖਾਓ। ਇਸੇ ਤਰ੍ਹਾਂ ਦੇ ਨਾਲ ਬਹੁਤ ਸਾਰੇ ਸਾਧੂਆਂ ਦਾ ਜ਼ਿਕਰ ਆਉਂਦਾ ਹੈ। ਸੰਤ ਭਾਈ ਮਨੀ ਸਿੰਘ ਜੀ ਦਿਆਲਪੁਰੇ ਵਾਲੇ, ਆਪ ਦੇ ਪਾਸ ਸੰਗਤਾਂ ਮਸਤੂਆਣੇ ਤੋਂ ਜਾਂਦੀਆਂ ਸਨ। ਆਪ ਨੇ ਉਨ੍ਹਾਂ ਦੇ ਭੋਜਨ ਲਈ ਇਕ ਦਰਖਤ ਤੋਂ ਬਹੁਤ ਕਿਸਮ ਦੀ ਮਠਿਆਈ ਝਾੜ ਕੇ ਵਰਤਾਈ। ਇਸ ਨੂੰ **'ਪ੍ਰਾਪਤੀ ਸਿੱਧੀ'** ਆਖਦੇ ਹਨ।

ਜਿਵੇਂ ਕਿ ਜਲ ਵਿਚ ਗੋਤਾ ਮਾਰੀਦਾ ਹੈ ਤੇ ਫੇਰ ਦੂਰ ਜਾ ਕੇ ਨਿਕਲ ਆਈਦਾ ਹੈ ਇਸੇ ਤਰ੍ਹਾਂ ਨਾਲ ਪ੍ਰਿਥਵੀ ਵਿਚ ਗੋਤਾ ਮਾਰ ਕੇ ਹੋਰ ਥਾਂ ਨਿਕਲ ਆਉਣਾ। ਇਸ ਸਿੱਧੀ ਦਾ ਨਾਮ **'ਪ੍ਰਕਾਰਮਯ ਸਿੱਧੀ'** ਹੈ।

ਸਾਰੇ ਭੌਤਿਕ ਪਦਾਰਥਾਂ ਨੂੰ ਆਪਣੀ ਆਗਿਆ ਵਿਚ ਕਰ ਲੈਣਾ। ਪਦਾਰਥਾਂ ਨੂੰ ਰਚਣ ਤੇ ਲੈਅ ਕਰਨ ਦੀ ਸ਼ਕਤੀ ਹੋਣੀ। ਆਪਣੀ ਇਛਿਆ ਦੇ ਅਨੁਸਾਰ ਜਿਸ ਪਦਾਰਥ ਦੀ ਵੀ ਲੋੜ ਹੈ, ਉਸੇ ਸਮੇਂ ਰਚ ਦੇਣਾ। ਇਹ ਅੱਠ ਸਿੱਧੀਆਂ ਮੁੱਖ ਹਨ। ਦੱਸ ਸਿੱਧੀਆਂ ਗੌਣ ਹਨ ਜਿਨ੍ਹਾਂ ਨੂੰ ਰਲਾ ਕੇ 18 ਸਿੱਧੀਆਂ ਹੋਇਆ ਕਰਦੀਆਂ ਹਨ। ਭੁੱਖ, ਤ੍ਰੇਹ, ਧੁੱਪ, ਪਾਲਾ ਆਦਿ ਕੋਈ ਵੀ ਤਕਲੀਫ ਨਾ ਵਿਆਪਣੀ ਇਸ ਨੂੰ **'ਮਾਨਰੂਪੀ ਸਿੱਧੀ'** ਆਖਿਆ ਜਾਂਦਾ ਹੈ। ਇਸ ਤੋਂ ਅੱਗੇ ਕੋਈ ਪ੍ਰੇਮੀ 10-12 ਹਜ਼ਾਰ ਮੀਲਾਂ ਦੀ ਦੂਰੀ ਤੇ ਬੈਠਾ ਹੈ ਉਸ ਦੇ ਗੁਪਤ ਬਚਨ ਸਭ ਆਪ ਸੁਣ ਲੈਣੇ। ਇਸ ਨੂੰ **'ਸਰਵਣ ਸਿੱਧੀ'** ਆਖਦੇ ਹਨ। ਇਹ ਦਸਵੀਂ ਹੋਇਆ ਕਰਦੀ ਹੈ।

ਹਜ਼ਾਰਾਂ ਮੀਲਾਂ ਦੀ ਦੂਰੀ ਤੇ ਬੈਠ ਸਭ ਕੁਝ ਆਪਣੀਆਂ ਅੱਖਾਂ ਨਾਲ ਪ੍ਰਤੱਖ ਦੇਖ ਲੈਣਾ। ਇਸ ਦੇ ਬਾਰੇ ਮੈਂ ਇਕ ਹੱਡ ਬੀਤੀ ਦਸਣਾ ਚਾਹੁੰਦਾ ਹਾਂ। ਉਹ ਇਸ ਤਰ੍ਹਾਂ ਹੈ ਕਿ ਜਦੋਂ ਮੇਰੀ ਪਤਨੀ ਰਣਜੀਤ ਕੌਰ (ਉਦਮ ਕੌਰ) ਪਿਤਾ ਜੀ ਪਾਸ ਲਾਹੌਰ ਰਿਹਾ ਕਰਦੇ ਸਨ ਜਿਨ੍ਹਾਂ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਸੰਤ ਭਾਈ ਹੀਰਾ ਸਿੰਘ ਜੀ ਦਾਉਦਪੁਰੀ ਕਰਕੇ ਲਿਖਿਆ ਹੈ ਉਹ ਅੰਮ੍ਰਿਤ ਵੇਲੇ ਲਿਵ ਵਿਚ ਮਸਤ ਬੈਠੇ ਸਨ। ਆਪ ਨੇ ਨੇਤਰ ਖੋਲ੍ਹੇ ਅਤੇ ਬੱਚਿਆਂ

ਨੂੰ ਕਿਹਾ ਕਿ ਇਕ ਸਿੰਘ ਆ ਰਿਹਾ ਹੈ, ਉਸ ਨੂੰ ਦਰਵਾਜ਼ਾ ਨਹੀਂ ਖੋਲ੍ਹਣਾ। ਘੰਟਾ ਦੋ ਘੰਟੇ ਪਿਛੋਂ ਸਚਮੁਚ ਹੀ ਇਕ ਸਿੰਘ ਆਇਆ ਉਸ ਨੇ ਦਰਵਾਜ਼ਾ ਖੜਕਾਇਆ ਤਾਂ ਬੱਚਿਆਂ ਨੇ ਕਿਹਾ ਬਾਪੂ ਜੀ ਦਾ ਹੁਕਮ ਹੈ ਕਿ ਦਰਵਾਜ਼ਾ ਨਹੀਂ ਖੋਲ੍ਹਣਾ। ਉਹ ਸਿੰਘ ਕਹਿਣ ਲੱਗਿਆ ਕਿ ਮੈਂ ਤਾਂ ਬੰਬਈ (ਮੁੰਬਈ) ਤੋਂ ਆਇਆ ਹਾਂ। ਮਹਾਂਪੁਰਸ਼ਾਂ ਦੇ ਦਰਸ਼ਨ ਕਰਕੇ ਆਪਣੇ ਘਰ ਨੂੰ ਜਾਣਾ ਹੈ। ਉਸਦੀਆਂ ਇਨ੍ਹਾਂ ਪ੍ਰੇਮ ਪੂਰਵਕ ਗੱਲਾਂ ਨੂੰ ਸੁਣ ਕੇ ਬੱਚਿਆਂ ਨੇ ਦਰਵਾਜ਼ਾ ਖੋਲ੍ਹ ਦਿਤਾ। ਪਿਤਾ ਜੀ ਪਹਿਲੀ ਮੰਜ਼ਲ ਤੇ ਆਪਣੇ ਨਿਜੀ ਕਮਰੇ ਵਿਚ ਬੈਠੇ ਸਨ। ਜਦੋਂ ਇਹ ਸਿੰਘ ਉਨ੍ਹਾਂ ਦੇ ਸਾਮ੍ਹਣੇ ਆਇਆ ਤਾਂ ਬਾਪੂ ਜੀ ਨੇ ਬਹੁਤ ਕੜਕ ਕੇ ਕਿਹਾ, "ਗੁਰਮੁਖਾ! ਤੂੰ ਗੁਰੂ ਦਸ਼ਮੇਸ਼ ਪਿਤਾ ਦਾ ਅਤਿ ਉਤਮ ਤੇ ਸਤਿਕਾਰਯੋਗ ਬਾਣਾ ਪਹਿਨ ਕੇ ਕਿੰਨੇ ਨੀਚ ਕਰਮ ਕਰਦਾ ਰਿਹਾ ਹੈਂ। ਤੂੰ ਉਹਦੀ ਸਿੱਖੀ ਦੇ ਆਚਰਣ ਨੂੰ ਬਹੁਤ ਬੁਰਾ ਧੱਬਾ ਲਾਇਆ ਹੈ। ਤੈਨੂੰ ਸ਼ਰਮ ਨਹੀਂ ਆਈ, ਐਸੇ ਘਟੀਆ ਕਰਮ ਕਰਦੇ ਨੂੰ? ਜੇ ਮੈਂ ਤੈਨੂੰ ਲਾਹੌਰ ਬੈਠਾ ਦੇਖ ਸਕਦਾ ਹਾਂ ਤਾਂ ਤੇਰਾ ਕੀ ਖਿਆਲ ਹੈ ਕਿ ਤੇਰੀਆਂ ਕਰਤੂਤਾਂ ਗੁਰੂ ਦਸ਼ਮੇਸ਼ ਪਿਤਾ ਜੀ ਤੋਂ ਲੁਕੀਆਂ ਹੋਈਆਂ ਹਨ?" ਉਹ ਪ੍ਰੇਮੀ ਚਰਨਾਂ ਤੇ ਢਹਿ ਪਿਆ ਤੇ ਰੋ-ਰੋ ਕੇ ਇਕੋ ਗੱਲ ਕਹੀ ਜਾਵੇ ਕਿ ਮੈਨੂੰ ਬਖਸ਼ ਦੇਵੋ, ਮੇਰੇ ਤੋਂ ਬਹੁਤ ਵੱਡੀ ਭੁੱਲ ਹੋ ਗਈ।

ਇਸੇ ਤਰ੍ਹਾਂ ਇਕ ਹੱਡੀਬੀਤੀ ਅਸਾਡੇ ਨਾਲ ਵੀ ਬੀਤੀ ਹੈ। ਬੀਬੀ ਰਣਜੀਤ ਕੌਰ ਜੀ ਦੀ ਸਿਹਤ ਕਾਫੀ ਖਰਾਬ ਸੀ। ਡਾ. ਸਵਾਮੀ ਰਾਮ ਜੀ ਰਿਸ਼ੀਕੇਸ਼ ਵਾਲੇ ਜੋ ਮੈਨੂੰ ਅਤੇ ਬੀਬੀ ਜੀ ਨੂੰ ਬਹੁਤ ਹੀ ਸ਼ਰਧਾ ਭਰੀ ਅਪਣੱਤ ਨਾਲ ਆਪਣਾ ਜਾਣਿਆ ਕਰਦੇ ਸਨ, ਉਨ੍ਹਾਂ ਨੇ ਦਵਾਈ ਦੇ ਦਿਤੀ ਅਤੇ ਕਿਹਾ ਕਿ ਇਹ ਦਵਾਈ ਥੋੜ੍ਹੇ-ਥੋੜ੍ਹੇ ਵਕਫੇ ਪਿਛੋਂ ਦਿਨ ਵਿਚ ਚਾਰ ਵਾਰੀ ਲੈਣੀ ਹੈ। ਸੌਣ ਤੋਂ ਪਹਿਲਾਂ ਜ਼ਰੂਰ ਹੀ ਲੈਣੀ ਹੈ। ਇਕ ਦਿਨ ਅਸਾਨੂੰ ਪੂਰਨਮਾਸ਼ੀ ਦੇ ਦੀਵਾਨ ਤੋਂ, ਜੋ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਲਗਾਇਆ ਸੀ, ਆਉਣ ਨੂੰ ਦੇਰ ਹੋ ਗਈ ਅਤੇ ਅਸੀਂ ਬਹੁਤ ਥੱਕ ਗਏ। ਰਾਤ ਦੇ ਸਾਢੇ 9 ਵਜੇ ਬੀਬੀ ਜੀ ਆਪਣੇ ਬਿਸਤਰ ਤੇ ਜਾ ਕੇ ਸੌਂ ਗਏ, ਉਸੇ ਸਮੇਂ ਅਸਾਨੂੰ ਡਾ. ਤੇਜਿੰਦਰ ਮਲਹੋਤਰਾ ਜੀ ਦਾ ਫੋਨ ਆਇਆ। ਉਨ੍ਹਾਂ ਨੇ ਕਿਹਾ ਕਿ ਹੁਣੇ ਰਿਸ਼ੀਕੇਸ਼ ਤੋਂ ਰਛਪਾਲ ਮਲਹੋਤਰਾ ਜੀ (ਜੋ ਉਨ੍ਹਾਂ ਦੇ ਪਤੀਦੇਵ ਹਨ) ਨੂੰ ਟੈਲੀਫੋਨ ਆਇਆ ਹੈ। ਡਾ. ਸਵਾਮੀ ਰਾਮ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਮਾਂ, ਬਗੈਰ ਦਵਾਈ ਲਏ ਆਪਣੇ ਬਿਸਤਰ ਉਪਰ ਸੌਂ ਰਹੇ ਹਨ। ਉਨ੍ਹਾਂ ਨੂੰ ਕਹੋ ਕਿ ਉਹ ਜਾਗ ਕੇ ਦਵਾਈ ਲੈਣ। ਉਸੇ ਵੇਲੇ ਬੀਬੀ ਜੀ ਨੂੰ ਉਠਾਇਆ ਗਿਆ। ਸਾਰੀ ਗੱਲ ਦੱਸੀ ਅਤੇ ਦਵਾਈ ਲਈ। ਇਸ ਸਿੱਧੀ ਨੂੰ **'ਦਰਸ਼ਨ ਸਿੱਧੀ'** ਆਖਿਆ ਜਾਂਦਾ ਹੈ। ਇਸ ਤੋਂ ਅੱਗੇ ਬਹੁਤ ਹੀ ਅਲੌਕਿਕ ਸਿੱਧੀ ਹੋਇਆ ਕਰਦੀ ਹੈ। ਤੁਸੀਂ ਕਿਸੇ ਦੂਰ ਦੇ ਇਲਾਕੇ ਵਿਚ ਵਿਚਰ ਰਹੇ ਹੋ। ਤੁਹਾਡੇ ਮਨ ਵਿਚ ਆਇਆ ਕਿ ਮੈਂ ਦੂਰ ਦੇ ਸ਼ਹਿਰ ਜਾਂ ਨਗਰ ਜਾਂ ਬਸਤੀ ਵਿਚ ਜਾਣਾ ਹੈ। ਆਪਣੀ ਇਛਿਆ ਅਨੁਸਾਰ ਉਸੇ ਵੇਲੇ ਉਸ ਥਾਂ ਪਹੁੰਚ ਜਾਣਾ। ਇਸ ਨੂੰ 'ਮਨੋਵੇਗ ਸਿੱਧੀ' ਆਖਿਆ ਜਾਂਦਾ ਹੈ।

ਨਾਮਧਾਰੀ ਸੰਪਰਦਾ ਵਿਚ ਇਕ ਮਹਾਤਮਾ ਮੋਹਨ ਜੀ ਮਸਤਾਨੇ ਹੋਏ ਹਨ। ਆਪ ਗੁਰਦਾਸਪੁਰ ਵਿਚ ਪ੍ਰਮ ਸਤਿਕਾਰਯੋਗ ਮਹਾਂਪੁਰਸ਼ ਬਾਬਾ ਪ੍ਰਤਾਪ ਸਿੰਘ ਜੀ ਦੇ ਜਥੇ ਦਾ ਕੀਰਤਨ ਸਰਵਣ ਕਰ ਰਹੇ ਸਨ। ਉਥੋਂ ਸਮਾਪਤ ਕਰਕੇ ਜਦੋਂ ਆਪ ਭੈਣੀ ਸਾਹਿਬ ਲਈ ਵਿਦਾ ਹੋਣ ਲੱਗੇ, ਉਸ ਵੇਲੇ ਉਸ ਮਸਤਾਨੇ ਨੇ ਮਹਾਂਪੁਰਸ਼ਾਂ ਨੂੰ ਕਿਹਾ ਕਿ ਆਪਣੀ ਕਾਰ ਵਿਚ ਮੈਨੂੰ ਵੀ ਲੈ ਚੱਲੋ। ਮਹਾਂਪੁਰਸ਼ਾਂ ਨੇ ਕਿਹਾ ਕਿ ਗੁਰਮੁਖਾ! ਗੱਡੀ ਵਿਚ ਹੋਰ ਥਾਂ ਨਹੀਂ ਹੈ। ਜਦੋਂ ਆਪ ਭੈਣੀ ਸਾਹਿਬ ਪਹੁੰਚੇ ਤਾਂ ਕੀ ਦੇਖਦੇ ਹਨ ਕਿ ਸੰਤ ਮੋਹਨ ਜੀ ਦਾ ਕੀਰਤਨ ਹੋ ਰਿਹਾ ਹੈ ਅਤੇ ਬਹੁਤ ਸਾਰੀਆਂ ਸੰਗਤਾਂ ਕੀਰਤਨ ਸੁਣ ਰਹੀਆਂ ਹਨ। ਉਸੇ ਵੇਲੇ ਆਪ ਨੇ ਪੁਛਿਆ ਕਿ ਇਹ ਕਿਸ ਵੇਲੇ ਦਾ ਇਥੇ ਪਹੁੰਚਿਆ ਹੋਇਆ ਹੈ? ਤਾਂ ਸੇਵਾਦਾਰਾਂ ਨੇ ਕਿਹਾ ਕਿ ਮਹਾਰਾਜ! ਇਸ ਨੂੰ ਕੀਰਤਨ ਕਰਦਿਆਂ ਤਿੰਨ ਘੰਟੇ ਬੀਤ ਚੁੱਕੇ ਹਨ। ਇਹ ਅਸਾਨੂੰ ਨਹੀਂ ਪਤਾ ਕਿ ਇਹ ਇਸ ਥਾਂ ਕਦੋਂ ਆਏ ਸਨ। ਇਸੇ ਤਰ੍ਹਾਂ ਨਾਲ ਮੈਂ ਪਿਛੇ ਇਸ ਲੇਖ ਵਿਚ ਦੱਸ ਆਇਆ ਹਾਂ ਕਿ ਬਾਬਾ ਜਵਾਲਾ ਸਿੰਘ ਜੀ ਆਪਣੇ ਬਚਨ ਦੇ ਬੰਨ੍ਹੇ ਹੋਏ ਪਿੰਡ ਕੋਠੇ ਤੋਂ ਰਾਮਗੜ੍ਹ ਵਿਚ ਭਾਈ ਕਰਤਾਰ ਸਿੰਘ ਦੇ ਅੰਤ ਸਮੇਂ ਪਹੁੰਚੇ ਸਨ।

ਇਕ ਵਾਰੀ ਨਾਮਧਾਰੀ ਸੰਪ੍ਰਦਾ ਦੇ ਮੌਜੂਦਾ ਮਹਾਂਪੁਰਸ਼ ਬਾਬਾ ਜਗਜੀਤ ਸਿੰਘ ਜੀ ਮੇਰੇ ਨਾਲ ਬਚਨ ਕਰਦਿਆਂ ਦਸਦੇ ਸਨ ਕਿ ਜਦੋਂ ਬਾਬਾ ਰਾਮ ਸਿੰਘ ਜੀ ਮਾਂਡਲੇ ਵਿਚ ਅੰਗਰੇਜ਼ ਨੇ ਕੈਦ ਕਰ ਦਿਤੇ ਤਾਂ ਉਨ੍ਹਾਂ ਨੂੰ ਸੰਦੇਸ਼ੇ ਦੇਣ ਅਤੇ ਉਨ੍ਹਾਂ ਤੋਂ ਹੁਕਮ ਲੈਣ ਬਹੁਤ ਸਾਰੇ ਸਿੰਘ ਚਲੇ ਜਾਇਆ ਕਰਦੇ ਸਨ। ਉਨ੍ਹਾਂ ਵਿਚੋਂ ਇਕ ਸਿੰਘ ਐਸਾ ਸੀ ਜੋ ਇਸ ਸ਼ਕਤੀ ਨੂੰ ਵਰਤ ਕੇ ਸਾਰੇ ਹੁਕਮ ਲੈ ਆਉਂਦਾ ਸੀ। ਭਾਵੇਂ ਮਹਾਂਪੁਰਸ਼ਾਂ ਨੇ ਉਸ ਨੂੰ ਕਈ ਵਾਰੀ ਵਰਜਿਆ ਸੀ ਕਿ ਗੁਰੂ ਨਾਨਕ ਪਾਤਸ਼ਾਹ ਨੇ ਇਨ੍ਹਾਂ ਗੁਪਤ ਸ਼ਕਤੀਆਂ ਨੂੰ ਵਰਤਣ ਤੋਂ ਆਪਣੇ ਗੁਰਸਿਖਾਂ ਨੂੰ ਵਰਜਿਆ ਹੋਇਆ ਹੈ ਪਰ ਫੇਰ ਵੀ ਸਮੇਂ-ਸਮੇਂ ਸਿੰਘ ਇਸ ਸ਼ਕਤੀ ਦੀ ਵਰਤੋਂ ਵੀ ਕਰ ਰਹੇ ਹਨ। ਭਾਈ ਜੇਠਾ ਜੀ ਤੇ ਭਾਈ ਪਰਾਣਾ ਜੀ ਜਹਾਂਗੀਰ ਦੇ ਸੌਣ ਵਾਲੇ ਕਮਰੇ ਵਿਚ ਜਾ ਕੇ ਸ਼ੇਰ ਦਾ ਰੂਪ ਧਾਰ ਕੇ ਉਸ ਦੀ ਛਾਤੀ ਉਪਰ ਬੈਠ ਕੇ ਮਨੁੱਖਾਂ ਵਾਂਗੂੰ ਕਿਹਾ ਕਰਦੇ ਸਨ ਕਿ ਗੁਰੂ ਮਹਾਰਾਜ ਜੀ ਨੂੰ ਗਵਾਲੀਅਰ ਦੇ ਕਿਲੇ ਵਿਚੋਂ ਪੂਰੇ ਆਦਰ ਸਤਿਕਾਰ ਨਾਲ ਲੈ ਕੇ ਆਓ,

ਨਹੀਂ ਅਸੀਂ ਤੈਨੂੰ ਮਾਰ ਦੇਵਾਂਗੇ। ਜਹਾਂਗੀਰ ਨੂੰ ਗੁਰੂ ਛੇਵੇਂ ਪਾਤਸ਼ਾਹ ਜੀ ਨੂੰ 52 ਰਾਜਿਆਂ ਸਮੇਤ ਗਵਾਲੀਅਰ ਦੇ ਕਿਲ੍ਹੇ ਵਿਚੋਂ ਬਾਹਰ ਲਿਆਉਣਾ ਪਿਆ। ਭਾਵੇਂ ਗੁਰੂ ਮਹਾਰਾਜ ਜੀ ਨੇ ਇਸ ਨੂੰ ਪਸੰਦ ਨਹੀਂ ਸੀ ਕੀਤਾ। ਗੁਰੂ ਮਹਾਰਾਜ ਜੀ ਨੇ ਭਾਈ ਜੇਠਾ ਜੀ ਨੂੰ ਕਿਹਾ ਕਿ ਜਮਨਾ ਵਿਚੋਂ ਇਕ ਪਾਨੀ ਦੀ ਬਾਲਟੀ ਕੱਢ ਕੇ ਲਿਆਓ ਅਤੇ ਫੇਰ ਕਿਹਾ, ਪਾਨੀ ਜਮਨਾ ਵਿਚ ਹੀ ਡੋਲ ਆਓ। ਜਦੋਂ ਆਇਆ ਤਾਂ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਪਾਨੀ ਦੀ ਬਾਲਟੀ ਕੱਢਣ ਨਾਲ ਦਰਿਆ ਦਾ ਪਾਣੀ ਘੱਟ ਗਿਆ ਸੀ ਅਤੇ ਜਦੋਂ ਤੂੰ ਦੁਬਾਰਾ ਪਾਣੀ ਜਮਨਾ ਵਿਚ ਡੋਲਿਆ ਤਾਂ ਕੀ ਉਸ ਦਾ ਪਾਨੀ ਵਧ ਗਿਆ ਸੀ? ਆਪ ਨੇ ਫੁਰਮਾਇਆ ਕਿ ਗੁਰੂ ਘਰ ਵਿਚ ਅਥਾਹ ਸ਼ਕਤੀਆਂ ਦਾ ਪ੍ਰਵਾਹ ਹੈ ਜਿਸ ਦਾ ਅੰਦਾਜ਼ਾ ਹੀ ਨਹੀਂ ਲਾਇਆ ਜਾ ਸਕਦਾ। ਅਸੀਂ ਆਪਣੀ ਮੌਜ ਨਾਲ ਕਿਲੇ ਵਿਚ ਉਨ੍ਹਾਂ ਰਾਜਿਆਂ ਦੀ ਕਲਿਆਣ ਵਾਸਤੇ ਰੁਕੇ ਹੋਏ ਸਾਂ, ਅਸੀਂ ਆਪਣੇ ਭਾਣੇ ਅਨੁਸਾਰ ਵਰਤ ਰਹੇ ਸੀ। ਤੁਹਾਨੂੰ ਇਹ ਸ਼ਕਤੀ ਵਿਖਾਉਣੀ ਨਹੀਂ ਸੀ ਚਾਹੀਦੀ। ਸੋ ਇਸ ਤਰ੍ਹਾਂ ਅਨੇਕ-ਅਨੇਕ ਗੁਰਸਿੱਖਾਂ ਵਿਚ ਸ਼ਕਤੀਆਂ ਦਾ ਪ੍ਰਵੇਸ਼ ਹੋਇਆ ਕਰਦਾ ਹੈ ਪਰ ਉਹ ਕਿ ਸਾਧਾਰਣ ਮਨੁੱਖ ਵਾਂਗੂੰ ਹੀ ਵਰਤਿਆ ਕਰਦੇ ਹਨ। ਮੈਂ ਦਸ ਰਿਹਾ ਸੀ ਉਸ ਨਾਮਧਾਰੀ ਸਿੰਘ ਬਾਰੇ, ਪਰਮ ਸਤਿਕਾਰਯੋਗ ਮਹਾਂਪੁਰਸ਼ ਜਗਜੀਤ ਸਿੰਘ ਜੀ ਕਹਿਣ ਲੱਗੇ ਕਿ ਉਸ ਨੂੰ ਅੰਗਰੇਜ਼ ਨੇ ਫੜ ਲਿਆ। ਪੂਰੀ ਤਰ੍ਹਾਂ ਨਾਲ ਹਥਕੜੀਆਂ ਤੇ ਬੇੜੀਆਂ ਲਾ ਦਿਤੀਆਂ ਅਤੇ ਨਾਲ ਹੀ ਕਹਿਣ ਲੱਗੇ ਕਿ ਅਸੀਂ ਸੁਣਿਆ ਹੈ ਕਿ ਉਡ ਕੇ ਹਰ ਥਾਂ ਜਾ ਸਕਦਾ ਹੈ ਅਤੇ ਤੂੰ ਮਾਂਡਲੇ ਤੋਂ ਬਾਬਾ ਰਾਮ ਸਿੰਘ ਜੀ ਦੇ ਸੁਨੇਹੇ ਲੈ ਕੇ ਆਉਂਦਾ ਹੈਂ। ਉਸ ਸਿੰਘ ਨੇ ਦੋ ਚਾਰ ਵਾਰੀ ਨਾਂਹ ਨੁੱਕਰ ਕੀਤੀ ਕਿ ਮੈਂ ਤਾਂ ਕੁਝ ਵੀ ਨਹੀਂ ਕਰ ਸਕਦਾ। ਜਦੋਂ ਉਹ ਵੱਡੇ ਅਫਸਰ ਬਾਰ-ਬਾਰ ਇਹੀ ਗੱਲ ਆਖੀ ਜਾਣ ਤੇ ਨਾਲ ਹੀ ਇਹ ਕਹਿਣ ਕਿ ਹੁਣ ਜਾ ਕੇ ਦਿਖਾ, ਕਿਸ ਤਰ੍ਹਾਂ ਨਾਲ ਹਥਕੜੀਆਂ ਅਤੇ ਬੇੜੀਆਂ 'ਚੋਂ ਨਿਕਲ ਜਾਵੇਂਗਾ। ਉਸ ਨੇ ਇਕ ਸ਼ਬਦ 'ਸਤਿਨਾਮੁ' ਦਾ ਬੋਲਿਆ ਅਤੇ ਕਹਿਣ ਲੱਗਿਆ ਕਿ ਅਸੀਂ ਚਲਦੇ ਹਾਂ ਹਥਕੜੀਆਂ ਤੇ ਬੇੜੀਆਂ ਓਥੇ ਹੀ ਰਹਿ ਗਈਆਂ। ਉਹ ਹੈਰਾਨ ਹੋ ਗਏ ਕਿ ਉਹ ਬੰਦਾ ਕਿਥੇ ਚਲਿਆ ਗਿਆ। ਸੋ ਇਹ ਸਿਧੀਆਂ ਗੁਰਸਿਖਾਂ ਵਿਚ ਆਮ ਹੀ ਹੋਇਆ ਕਰਦੀਆਂ ਸਨ। ਜਿਥੇ ਜਾਣਾ ਚਾਹੁੰਣ ਉਥੇ ਚਲੇ ਜਾਇਆ ਕਰਦੇ ਸਨ। ਇਸ ਨੂੰ **'ਮਨੋਵੇਗ'** ਸਿੱਧੀ ਆਖਿਆ ਜਾਂਦਾ ਹੈ। ਇਸੇ ਤਰ੍ਹਾਂ ਨਾਲ ਜਿਹੋ ਜਿਹੀ ਇਛਿਆ ਹੋਵੇ ਓਹੋ ਜਿਹਾ ਹੀ ਸਰੂਪ ਧਾਰਨ ਕਰ ਲੈਣਾ। ਇਹ ਸਿੱਧੀ ਦੂਰ ਭੂਤ ਕਾਲ ਵਿਚ ਇਥੋਂ ਦੇ ਆਦਿ ਵਾਸੀ ਆਮ ਹੀ ਵਰਤਿਆ ਕਰਦੇ ਸਨ। ਮਹਾਂਭਾਰਤ ਵਿਚ ਇਕ ਕਥਾ ਆਉਂਦੀ ਹੈ ਕਿ ਜਦੋਂ ਪੰਜੇ ਪਾਂਡਵ ਪਿੰਜੌਰ ਵਿਚ ਬਣੇ ਹੋਏ ਲਾਖ ਦੇ ਮਹੱਲ ਵਿਚੋਂ ਅੱਗ ਲਗਣ ਤੋਂ ਪਹਿਲਾਂ ਸੁਰੰਗ ਰਾਹੀਂ ਨਿਕਲ ਕੇ ਨੇੜੇ ਹੀ ਖੁਲ੍ਹੇ ਥਾਂ ਝੌਂਪੜੀਆਂ ਪਾ ਕੇ ਆਪਣਾ ਬਨਵਾਸ ਕੱਟ ਰਹੇ ਸਨ। ਐਸਾ ਅਨੁਭਵੀ ਮਹਾਂਪੁਰਸ਼ਾਂ ਤੋਂ ਸੁਣਿਆ ਜਾਂਦਾ ਹੈ ਕਿ ਜਿਥੇ ਅੱਜਕਲ ਰਤਵਾੜਾ ਸਾਹਿਬ ਦੀ ਬਿਲਡਿੰਗ ਬਣੀ ਹੋਈ ਹੈ ਇਥੇ ਨਦੀ ਬਹੁਤ ਹੀ ਧੀਮੀ ਚਾਲ ਨਾਲ ਹਰ ਵਕਤ ਚਲਿਆ ਕਰਦੀ ਸੀ ਅਤੇ ਇਸਦੇ ਕੰਢੇ ਉਹ ਆਪਣਾ ਬਨਵਾਸ ਕੱਟ ਰਹੇ ਸਨ। ਇਕ ਦਿਨ ਭੀਮ ਸੈਨ ਘੜੂੰਏ ਪਿੰਡ ਵਲ ਨੂੰ ਜੰਗਲ ਵਿਚ ਘੁੰਮ ਰਿਹਾ ਸੀ। ਕੀ ਦੇਖਦਾ ਹੈ ਕਿ ਇਥੇ ਦੀ ਆਦਿ ਵਾਸੀ ਲੜਕੀ ਭੀ ਜੰਗਲ ਵਿਚੋਂ ਫਲ ਤੋੜ ਰਹੀ ਹੈ। ਭੀਮਸੈਨ ਦੇ ਦੇਖਦਿਆਂ-ਦੇਖਦਿਆਂ ਉਸ ਨੇ ਬਹੁਤ ਹੀ ਸੁੰਦਰ ਰੂਪ ਧਾਰਨ ਕਰ ਲਿਆ ਅਤੇ ਆਪਣੇ ਪਿਤਾ ਦੀ ਮਰਜ਼ੀ ਲੈ ਕੇ ਇਸ ਨਾਲ ਆਪਣੀ ਸ਼ਾਦੀ ਕਰਨ ਦੀ ਇਛਿਆ ਪ੍ਰਗਟ ਕੀਤੀ। ਭੀਮਸੈਨ ਇਕ ਸਾਲ ਇਸ ਪਰਿਵਾਰ ਵਿਚ ਰਿਹਾ। ਇਸ ਦੇ ਪੇਟ ਤੋਂ ਘਟੋਚਕੱਤ ਨੇ ਜਨਮ ਲਿਆ।

ਉਸ ਪਿੰਡ ਨੂੰ ਇਥੇ ਦੇ ਲੋਕ ਦਸਦੇ ਹਨ ਉਸ ਬੱਚੇ ਦੇ ਨਾਮ ਤੋਂ ਹੀ ਜਾਣਿਆ ਜਾਣ ਲੱਗਾ ਜੋ ਹੌਲੀ-ਹੌਲੀ ਵਿਗੜਦਾ-ਵਿਗੜਦਾ ਅਜਕਲ੍ਹ ਦਾ ਘੜੂੰਆਂ ਬਣ ਗਿਆ। ਸੋ ਇਸ ਤਰ੍ਹਾਂ ਨਾਲ ਆਪਣੀ ਮਰਜ਼ੀ ਦੇ ਨਾਲ ਜਿਹੋ ਜਿਹਾ ਹੀ ਸਰੂਪ ਲੋੜ ਪਵੇ ਕਿਸੇ ਪੰਛੀ ਦਾ, ਪਸ਼ੂ ਦਾ ਧਾਰਨ ਕਰ ਲੈਣਾ ਉਸ ਨੂੰ **'ਕਾਮ ਰੂਪ ਸਿੱਧੀ'** ਆਖਿਆ ਕਰਦੇ ਸਨ। ਗੁਰੂ ਨੌਵੇਂ ਪਾਤਸ਼ਾਹ ਜੀ ਜਦੋਂ ਰਾਜਾ ਰਾਮ ਸਿੰਘ ਜੀ ਦੀ ਬੇਨਤੀ ਮੰਨ ਕੇ ਦੁਬੜੀ ਘਾਟ ਪਧਾਰੇ ਸਨ ਤਾਂ ਟੈਂਟ ਵਿਚ ਆਪ ਨੇ ਨਿਵਾਸ ਕੀਤਾ ਸੀ ਤਾਂ ਉਥੋਂ ਦਾ ਜਾਦੂਗਰ ਜੋ ਦੂਸਰੇ ਰਾਜੇ ਨਾਲ ਸਬੰਧ ਰਖਦਾ ਸੀ ਇਕ ਕਬੂਤਰ ਦਾ ਰੂਪ ਧਾਰ ਕੇ ਗੁਰੂ ਮਹਾਰਾਜ ਜੀ ਦੇ ਟੈਂਟ ਉਤੇ ਬੈਠ ਕੇ ਸਾਰੇ ਭੇਤ ਲੈਣ ਲੱਗਿਆ। ਉਸ ਦਾ ਨਾਮ ਨਗੀਨਾ ਸੀ। ਗੁਰੂ ਮਹਾਰਾਜ ਜੀ ਨੇ ਹੁਕਮ ਦੇ ਕੇ ਉਸ ਨੂੰ ਕਾਬੂ ਕਰ ਲਿਆ ਅਤੇ ਉਸ ਨੇ ਵੀ ਮਨੁੱਖ ਰੂਪ ਧਾਰਨ ਕਰਕੇ ਨਮਸ਼ਕਾਰ ਕੀਤੀ। ਕਹਿਣ ਲੱਗਿਆ ਸੱਚੇ ਪਾਤਸ਼ਾਹ! ਸਾਰੇ ਭਾਰਤ ਵਰਸ਼ ਵਿਚ ਮੁਗਲਾਂ ਦਾ ਰਾਜ ਹੋ ਗਿਆ ਹੈ। ਇਕੋ ਇਕ ਅਸਾਡੀ ਸਟੇਟ ਬਚੀ ਹੈ ਜਿਥੇ ਅਸੀਂ ਆਪਣੀ ਮਰਿਆਦਾ ਨਾਲ ਰਹਿ ਰਹੇ ਹਾਂ। ਆਪ ਜੀ ਦੇ ਆਉਣ ਤੋਂ ਪਹਿਲਾਂ ਅਸੀਂ ਇਹਨਾਂ ਨੂੰ ਆਪਣੇ ਜਾਦੂ ਦੇ ਬਲ ਕਰਕੇ ਰਿਧੀਆਂ ਸਿੱਧੀਆਂ ਵਰਤ ਕੇ ਇਥੋਂ ਭਜਾ ਦਿਆ ਕਰਦੇ ਸਾਂ। ਪਰ ਤੁਹਾਡੇ ਆਉਣ ਕਰਕੇ ਸਾਡੇ ਬਲ ਛੀਨ ਹੋ ਗਏ ਹਨ। ਆਪ ਕ੍ਰਿਪਾ ਕਰੋ। ਗੁਰੂ ਮਹਾਰਾਜ ਜੀ ਨੇ ਦੋਹਾਂ ਰਾਜਿਆਂ ਦਾ ਸਮਝੌਤਾ ਕਰਾ ਦਿਤਾ। ਇਸੇ ਤਰ੍ਹਾਂ ਨਾਲ ਕਿਸੇ ਦੇ ਸਰੀਰ ਵਿਚ ਦਾਖਲ ਹੋ ਜਾਣਾ,

ਪੁਰਾਣੇ ਯੋਗੀਆਂ ਵੇਲੇ ਆਮ ਹੋਇਆ ਕਰਦਾ ਸੀ। ਜਿਸ ਤਰ੍ਹਾਂ ਨਾਲ ਮਛੰਦਰਨਾਥ ਰਾਜੇ ਅਮਰੂ ਦੇ ਮਿਰਤਕ ਸਰੀਰ ਵਿਚ ਦਾਖਲ ਹੋ ਕੇ 14 ਸਾਲ ਵਿਸ਼ੇ ਵਿਕਾਰਾਂ ਵਿਚ ਮਸਤ ਰਿਹਾ। ਇਸ ਨੂੰ **'ਪਰ-ਕਾਏ ਪ੍ਰਵੇਸ਼ ਸਿੱਧੀ'** ਆਖਦੇ ਹਨ। ਇਸ ਤੋਂ ਅੱਗੇ ਇਕ ਹੋਰ ਸਿੱਧੀ ਹੋਇਆ ਕਰਦੀ ਹੈ ਜਿਸ ਅਨੁਸਾਰ ਸੰਸਾਰ ਤੋਂ ਆਪਣੀ ਮਰਜ਼ੀ ਨਾਲ ਜਾਣਾ ਹੋਇਆ ਕਰਦਾ ਹੈ। ਜਿਸ ਤਰ੍ਹਾਂ ਭੀਸ਼ਮ ਪਿਤਾਮਾ ਤੀਰਾਂ ਦੇ ਨਾਲ ਵਿੰਨਿਆ ਹੋਇਆ ਕਈ ਮਹੀਨੇ ਤੀਰਾਂ ਦੀ ਸੇਜਾ ਤੇ ਜੀਵਤ ਪਿਆ ਰਿਹਾ ਅਤੇ ਆਪਣੀ ਮਰਜ਼ੀ ਨਾਲ ਸਰੀਰ ਛੱਡਿਆ। ਇਸ ਨੂੰ **'ਸਵ ਛੰਦ ਮ੍ਰਿਤੂ'** ਸਿੱਧੀ ਆਖਦੇ ਹਨ। ਇਸ ਤੋਂ ਇਕ ਹੋਰ ਸਿੱਧੀ ਵਿਲੱਖਣ ਹੋਇਆ ਕਰਦੀ ਹੈ ਕਿ ਸੰਸਾਰ ਵਿਚੋਂ ਆਪਣੇ ਸਰੀਰ ਵਿਚੋਂ ਨਿਕਲ ਕੇ ਸਵਰਗ ਲੋਕਾਂ ਵਿਚ ਅਪਛਰਾਵਾਂ ਨਾਲ ਮਿਲ ਕੇ ਪ੍ਰੇਮ ਕਰੀੜਾ ਕਰਨੀ ਅਤੇ ਦੇਵਤਿਆਂ ਦੇ ਲੋਕ ਦੇਖਣੇ। ਇਸ ਨੂੰ **'ਸੁਰ ਕਰੀੜਾ ਸਿੱਧੀ'** ਆਖਦੇ ਸਨ। ਸਤਾਰਵੀਂ ਸਿੱਧੀ **'ਸੰਕਲਪ ਸਿੱਧੀ'** ਹੋਇਆ ਕਰਦੀਆਂ ਹੈ। ਜੋ ਵੀ ਕੋਈ ਗੱਲ ਦਿਲ ਵਿਚ ਧਾਰਨ ਕਰਨੀ ਉਹ ਪੂਰੀ ਹੋ ਜਾਣੀ। ਇਕ ਸਿੱਧੀ ਹੋਰ ਹੋਇਆ ਕਰਦੀ ਹੈ ਜਿਸ ਨੂੰ **'ਅਪ੍ਰਹਿਤਗਤ ਸਿੱਧੀ'** ਆਖਦੇ ਹਨ। ਜਿਥੇ ਵੀ ਜਾਣ ਦੀ ਇੱਛਿਆ ਹੋਵੇ ਉਥੇ ਹੀ ਬਿਨਾਂ ਦੇਰੀ ਤੋਂ ਪਹੁੰਚ ਜਾਣਾ। ਇਹ ਅਠਾਰਾਂ ਸਿੱਧੀਆਂ ਹੁੰਦੀਆਂ ਹਨ ਜੋ ਬੰਦਗੀ ਕਰਨ ਵਾਲੇ ਨੂੰ ਸੁਤੇ ਸਿੱਧ ਸਹੰਸਰਾਰ ਦਲ ਕਮਲ ਵਿਚੋਂ ਸੁਰਤ ਦੇ ਗਮਨ ਕਰਨ ਵਿਚ ਆਵਾਜ਼ ਮਾਰ ਕੇ ਆਪਣੇ ਬਾਰੇ ਦਸਦੀਆਂ ਹਨ। ਇਥੇ ਵੱਡੇ-ਵੱਡੇ ਸਾਧਕ ਉਲਝ ਜਾਇਆ ਕਰਦੇ ਹਨ ਅਤੇ ਇਹ ਸੂਖਸ਼ਮ ਮਾਇਆ ਸਾਧਕ ਨੂੰ ਮੋਹ ਲੈਂਦੀ ਹੈ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਰਿਧਿ ਸਿਧਿ ਸਭੁ ਮੋਹੁ ਹੈ***
***ਨਾਮੁ ਨ ਵਸੈ ਮਨਿ ਆਇ॥ ਅੰਗ - 593***

***ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ***
***ਧਿਗੁ ਸਿਧੀ ਧਿਗੁ ਕਰਮਾਤਿ॥***
***ਸਾ ਸਿਧਿ ਸਾ ਕਰਮਾਤਿ ਹੈ***
***ਅਚਿੰਤੁ ਕਰੇ ਜਿਸੁ ਦਾਤਿ॥***
***ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ***
***ਏਹਾ ਸਿਧਿ ਏਹਾ ਕਰਮਾਤਿ॥***

ਸੋ ਸੰਤ ਮਹਾਰਾਜ ਜੀ ਕਹਿਣ ਲੱਗੇ ਕਿ ਜਗਿਆਸੂ ਵਾਸਤੇ ਇਹ ਬਹੁਤ ਹੀ ਉਲਝਣ ਦਾ ਸਮਾਂ ਹੋਇਆ ਕਰਦਾ ਹੈ। ਜਦੋਂ ਅਸੀਂ ਉਨ੍ਹਾਂ ਦੀਆਂ ਅਵਾਜ਼ ਦਾ ਕੋਈ ਧਿਆਨ ਨਾ ਦਿਤਾ ਤਾਂ ਇਹ ਰੂਪ ਧਾਰਨ ਕਰਕੇ ਸੁੰਦਰ ਇਸਤ੍ਰੀਆਂ ਦੇ ਰੂਪ ਵਿਚ ਹੱਥ ਬੰਨ੍ਹ-ਬੰਨ੍ਹ ਕੇ ਮਿੰਨਤਾਂ ਕਰਨ ਲੱਗੀਆਂ ਪਰ ਅਸਾਡੇ ਹਿਰਦੇ ਵਿਚ ਪਿਆਰੇ ਪ੍ਰੀਤਮ ਦੇ ਮਿਲਾਪ ਦਾ ਐਨਾ ਜ਼ਬਰਦਸਤ ਬੈਰਾਗ ਸੀ ਕਿ ਉਸ ਤੋਂ ਬਿਨਾਂ ਇਕ ਖਿਨ ਪਲ ਰਹਿਣਾ ਵੀ ਐਸਾ ਸੀ -

***ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥***
***ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥***
***ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ***
***ਬਿਨੁ ਦੇਖੇ ਗੁਰ ਦਰਬਾਰੇ ਜੀਉ॥***
***ਹਉ ਘੋਲੀ ਜੀਉ ਘੋਲਿ ਘੁਮਾਈ***
***ਤਿਸੁ ਸਚੇ ਗੁਰ ਦਰਬਾਰੇ ਜੀਉ॥ ਅੰਗ - 96***

ਅਸਾਨੂੰ ਨਾਮ ਤੋਂ ਬਗੈਰ ਸੰਸਾਰ ਵਿਚ ਕੁਝ ਵੀ ਚੰਗਾ ਨਹੀਂ ਸੀ ਲਗਦਾ। ਰਿਧੀਆਂ ਸਿਧੀਆਂ ਸਾਨੂੰ ਇਕ ਬਹੁਤ ਭੁੱਲ-ਭੁਲਾਈਆਂ ਵਿਚ ਪਾਉਣ ਵਾਲੀਆਂ ਸ਼ਕਤੀਆਂ ਪ੍ਰਤੀਤ ਦਿੰਦੀਆਂ ਸਨ। ਜਦੋਂ ਅਸੀਂ ਆਪਣੀ ਮੰਜਲ ਵਲ ਨੂੰ ਵਧੇ ਅਤੇ ਨਾਮ ਮੰਡਲ ਵਿਚ ਪ੍ਰਵੇਸ਼ ਕਰਕੇ ਪੰਜੇ ਭਰਮਾਂ ਦਾ ਨਾਸ਼ ਹੋ ਗਿਆ ਤਾਂ ਪ੍ਰਤੱਖ ਰੂਪ ਵਿਚ ਹਰ ਪਾਸੇ ਇਕੋ ਪ੍ਰਭੂ ਦੇ ਦਰਸ਼ਨ ਦਾ ਝਲਕਾਰਾ ਵਜਣ ਲੱਗਿਆ ਉਸ ਸਮੇਂ ਸਿੱਧੀਆਂ ਦਾਸੀਆਂ ਬਣ ਕੇ ਸੇਵਾ ਕਰਨ ਲੱਗੀਆਂ। ਮਹਾਰਾਜ ਜੀ ਦਾ ਫੁਰਮਾਨ ਹੈ -

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥***
***ਅੰਗ - 649***

ਮਹਾਤਮਾ ਇਨ੍ਹਾਂ ਤੋਂ ਘੱਟ ਹੀ ਕੰਮ ਲਿਆ ਕਰਦੇ ਹਨ ਪਰ ਪਰਉਪਕਾਰ ਵਸ ਇਨ੍ਹਾਂ ਨੂੰ ਵਰਤਣ ਦਾ ਕੋਈ ਸੰਕੋਚ ਵੀ ਨਹੀਂ ਹੋਇਆ ਕਰਦਾ। ਜਿਸ ਤਰ੍ਹਾਂ ਮਹਾਂਪੁਰਸ਼ਾਂ ਬਾਬਾ ਬੀਰ ਸਿੰਘ ਜੀ ਨੇ ਅਟਕ ਦੇ ਉਛਲਦੇ ਪ੍ਰਵਾਹ ਨੂੰ ਕੁਝ ਦੇਰ ਲਈ ਸ਼ਾਂਤ ਕਰਕੇ ਖਾਲਸਾ ਫੌਜਾਂ ਨੂੰ ਦਰਿਆ ਤੋਂ ਪਾਰ ਕਰਾ ਦਿਤਾ ਸੀ। ਪੂਰੇ ਮਹਾਂਪੁਰਸ਼ਾਂ ਦੀ ਦੇਖ-ਰੇਖ ਤੋਂ ਬਗੈਰ ਜਗਿਆਸੂ ਰਿਧੀਆਂ-ਸਿਧੀਆਂ-ਨਉਨਿਧੀਆਂ ਵਿਚ ਫਸ ਜਾਇਆ ਕਰਦਾ ਹੈ। ਆਪਣੀ ਉਚੀ ਮੰਜ਼ਲ ਪ੍ਰਾਪਤ ਕਰਕੇ ਹੇਠਾਂ ਗਿਰ ਜਾਇਆ ਕਰਦਾ ਹੈ। ਚੌਥੀ ਕਿਸਮ ਦੀ ਮਾਇਆ ਉਹ ਮਾਇਆ ਹੈ ਜਿਸ ਵਿਚ ਸਾਰੇ ਦੇਵੀ-ਦੇਵ, ਪਸ਼ੂ, ਪੰਛੀ, ਸੰਸਾਰ ਫਸਿਆ ਹੋਇਆ ਜੰਮਦਾ ਤੇ ਮਰਦਾ ਰਹਿੰਦਾ ਹੈ। ਇਹ ਮਾਇਆ ਬਹੁਤ ਹੀ ਪ੍ਰਬਲ ਹੈ। ਇਹ ਅਨਾਦੀ ਨਹੀਂ ਹੈ, ਇਹ ਮੇਰੇ ਮਾਲਕ ਦੀ ਮਰਜ਼ੀ ਨਾਲ ਹੀ ਰਚੀ ਗਈ ਹੈ। ਇਕ ਖੇਲ੍ਹ ਵਿਚ ਇਸਨੂੰ ਪਾਤਰ ਬਣਾ ਕੇ ਇਕ ਨਾਟਕ ਕੀਤਾ ਜਾ ਰਿਹਾ ਹੈ। ਉਹ ਪ੍ਰਭੂ ਆਪ ਹੀ ਖੇਲ੍ਹ ਕਰਦਾ ਹੈ ਜਿਸ ਤਰ੍ਹਾਂ ਕਿ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਬਾਜੀਗਰਿ ਜੈਸੇ ਬਾਜੀ ਪਾਈ।।***
***ਨਾਨਾ ਰੂਪ ਭੇਖ ਦਿਖਲਾਈ।।***
***ਸਾਂਗੁ ਉਤਾਰਿ ਥੰਮਿਓ ਪਾਸਾਰਾ॥***
***ਤਬ ਏਕੋ ਏਕੰਕਾਰਾ॥***
***ਅੰਗ 736***

# ਪੜਿਐ ਨਾਹੀ ਭੇਦੁ ਬੁਝਿਐ ਪਾਵਣਾ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ ਮਿਸ਼ਨ।*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*
*ਅੰਗ- ੫੩੭*

*ਧਾਰਨਾ - ਏਕੋ ਕਹੀਐ ਨਾਨਕਾ, ਦੂਜਾ ਕਾਹੇ ਕੂ।*

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥ ਅਕਾਲ ਉਸਤਤਿ*

ਸਾਧਸੰਗਤ ਜੀ, ਗੱਜ ਕੇ ਬੋਲਣਾ ਜੀ, ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਮਹਾਰਾਜ ਦਾ ਫੁਰਮਾਨ ਹੈ ਕਿ-

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥*
*ਅੰਗ- ੧੨੯੧*

ਬਹੁਤ ਵੱਡਾ ਉਪਦੇਸ਼ ਬਖਸ਼ੇ ਹੋਏ, (ਉੱਤਮ) ਜਗਿਆਸੂਆਂ ਵਾਸਤੇ ਹੈ। ਜੇ ਕੋਈ ਕਹੇ ਕਿ ਮੈਂ ਬਹੁਤ ਪੜ੍ਹਿਆ ਹੋਇਆ ਹਾਂ, ਮੈਂ ਬਹੁਤ ਗ੍ਰੰਥ ਦੇਖੇ ਨੇ। ਹੁਣ ਵੀ ਮੈਂ ਬਹੁਤ ਸਾਧਨਾ ਕੀਤੀਆਂ ਨੇ। ਉਨ੍ਹਾਂ ਵਾਸਤੇ ਨਹੀਂ ਹੈ ਹੁਣ ਇਹ ਉਪਦੇਸ਼ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਤਿੰਨ ਵਰਗ ਨੇ ਉਪਦੇਸ਼ਾਂ ਦੇ। ਇਹ ਗੱਲ ਅੱਛੀ ਤਰ੍ਹਾਂ ਨਾਲ ਸਮਝ ਲੈਣੀ ਚਾਹੀਦੀ ਹੈ। ਜਿਸ ਤਰ੍ਹਾਂ ਦੇ ਨਾਲ ਦੁਨਿਆਵੀ ਪੜ੍ਹਾਈ ਪੜ੍ਹਨ ਵਾਸਤੇ ਦਰਜੇ-ਬ-ਦਰਜੇ ਕਿਤਾਬਾਂ, ਸਿਲੇਬਸ ਹੋਇਆ ਕਰਦਾ ਹੈ, ਇਸੇ ਤਰ੍ਹਾਂ ਦੇ ਨਾਲ ਰੂਹਾਨੀ ਪੜ੍ਹਾਈ ਪੜ੍ਹਨ ਵਾਸਤੇ, ਵੱਖਰੀ-ਵੱਖਰੀ ਅਵਸਥਾ ਦੇ ਮੁਤਾਬਿਕ ਉਪਦੇਸ਼ ਹੋਇਆ ਕਰਦਾ ਹੈ। ਸਿਆਣਿਆਂ ਨੇ ਇਨ੍ਹਾਂ ਨੂੰ ਚਾਰ ਦਰਜਿਆਂ ਦੇ ਵਿਚ ਵੰਡਿਆ ਹੈ। ਦੂਸਰੇ ਪਾਸੇ ਮਾਨਸਿਕ ਬੁੱਧੀ ਦੇ ਹਿਸਾਬ ਨਾਲ ਤੇ ਉਹਦਾ ਸੰਸਾਰ ਵਿਚ ਰਹਿ ਕੇ ਕਰਮ ਕਰਨਾ ਤੇ ਜਾ ਕੇ ਉਹਦਾ ਫਲ ਭੁਗਤਣਾ। ਉਹਨੂੰ ਵੀ ਚਾਰ ਦੇ ਵਿਚ ਵੰਡਿਆ ਹੈ। ਪਹਿਲੇ ਦੇ ਵਿਚ ਹੈ ਉਹ ਉਪਦੇਸ਼ ਜੋ ਸ਼ਰੀਅਤ ਦੇ ਵਿਚ ਦਿਤਾ ਜਾਂਦਾ ਹੈ। ਇਉਂ ਸਮਝ ਲਓ ਪੰਜਵੀਂ ਜਮਾਤ 'ਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਮੰਦੇ ਕਰਮ ਨਾ ਕਰਨ ਦਾ ਉਪਦੇਸ਼ ਹੋਇਆ ਕਰਦੈ। ਨਿੰਦਿਆ ਨਾ ਕਰੋ, ਚੁਗਲੀ ਨਾ ਕਰੋ, ਈਰਖਾ ਨਾ ਕਰੋ, ਕਿਸੇ ਨਾਲ ਵੈਰ ਨਾ ਕਰੋ, ਕਿਸੇ ਨਾਲ ਵਿਰੋਧ ਨਾ ਕਰੋ, ਲਾਲਚ ਨਾ ਕਰੋ, ਧੋਖਾ ਨਾ ਦਿਓ, ਕਪਟ ਨਾ ਕਰੋ, ਕਿਸੇ ਦਾ ਧਨ ਲੈ ਕੇ ਨਾ ਦੱਬੋ, ਕਿਸੇ ਦਾ ਵਿਸ਼ਵਾਸ਼ਘਾਤ ਨਾ ਕਰੋ, ਹਿੰਸਾ ਵਿਚ ਨਾ ਆਓ। ਬੜਾ ਕੁਛ ਹੈ ਤੇ ਨਾਲ ਉਹਨਾਂ ਦਾ ਫਲ ਲਿਖਿਆ ਹੁੰਦੈ ਕਿ ਜੇ ਇਹੋ ਜਿਹੇ ਕਰਮ ਕਰੇਂਗਾ ਤਾਂ ਅੱਗੇ ਜਾ ਕੇ ਜਿਸ ਥਾਂ ਦੇ ਉਤੇ ਲੇਖਾ ਪੱਤਾ ਹੋਣਾ ਹੈ, ਸੰਸਾਰ ਛੱਡ ਕੇ ਜਾਣਾ ਹੈ। ਉਸ ਥਾਂ 'ਤੇ ਉਹ ਸਾਰਿਆਂ ਦਾ ਇਕੱਲੇ-ਇਕੱਲੇ ਤੇਰੇ ਕੀਤੇ ਹੋਏ ਕਰਮ ਦਾ ਹਿਸਾਬ-ਕਿਤਾਬ ਹੋਵੇਗਾ। ਉਸ ਵੇਲੇ ਇਹ ਜਿਹੜੀ ਜਿੰਦ ਹੈ ਇਹ ਮਰਦੀ ਨਹੀਂ ਹੈ। ਐਵੇਂ ਜਿਵੇਂ ਰਹਿੰਦੀ ਹੈ। ਕੁਛ ਚੀਜ਼ਾਂ ਇਹਦੇ ਕੋਲੋਂ ਚਲੀਆਂ ਜਾਂਦੀਆਂ ਨੇ।

*ਮੁਈ ਸੁਰਤਿ ਬਾਦੁ ਅਹੰਕਾਰੁ ॥ ਅੰਗ- ੧੫੨*

ਇਕ ਤਾਂ ਸੁਰਤਿ ਮਰ ਜਾਂਦੀ ਹੈ ਦੁਨੀਆਂ ਵਾਲੀ, ਦੂਜੇ ਝਗੜੇ ਝਾਟੇ ਮਰ ਜਾਂਦੇ ਨੇ, ਤੀਸਰਾ ਜਿਹੜਾ ਅਭਿਮਾਨ ਕਰਦਾ ਹੈ ਆਪਣੀ ਕੁਰਸੀ ਦਾ, ਪੜ੍ਹਾਈ ਦਾ, ਪੈਸੇ ਦਾ, ਇਹ ਵੀ ਓਥੇ ਕੰਮ ਨਹੀਂ ਆਉਂਦਾ ਤੇ -

*ਓਹੁ ਨ ਮੂਆ ਜੋ ਦੇਖਣਹਾਰੁ ॥ ਅੰਗ- ੧੫੨*

ਇਹਦੇ ਵਿਚ ਜਿਹੜਾ ਹੈਗਾ ਉਹ ਨਹੀਂ ਮਰਦਾ। ਉਹਨੂੰ ਮਹਾਰਾਜ ਕਹਿੰਦੇ, ਜਾ ਕੇ ਆਪਣੇ ਸਾਰੇ ਕੰਮਾਂ ਦਾ ਜਿੰਨੇ ਚੰਗੇ ਤੇ ਮੰਦੇ ਕਰਮ ਕੀਤੇ ਨੇ, ਉਹ ਹਿਸਾਬ ਵਿਚ ਹੁੰਦੇ ਨੇ, ਜੇ ਤਾਂ ਉਹ ਵਧੀਆ ਹੋਣ ਫੇਰ ਤਾਂ ਖੁਸ਼ੀ ਵਿਚ ਜਾਂਦਾ ਹੈ, ਜੇ ਮਾੜੇ ਹੋਣ ਫੇਰ ਰੋਂਦਾ, ਔਖਾ ਹੋ ਜਾਂਦੈ -

*ਧਾਰਨਾ - ਜਿੰਦੇ ਰੋਵੇਂਗੀ ਤੇ ਰੋ-ਰੋ ਪਛੋਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ।*
*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥ ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ- ੪੬੪*

ਐਸਾ ਉਪਦੇਸ਼, ਆਦਮੀ ਕਰਮਾਂ ਵਿਚ ਪ੍ਰਵਿਰਤ ਹੁੰਦੈ। ਤਿੰਨ ਦੋਸ਼ ਇਸ ਨੂੰ ਸੰਸਾਰ ਵਿਚ ਵਿਚਰਦੇ ਨੂੰ ਲਗ ਜਾਂਦੇ ਨੇ। ਇਕ ਨੂੰ ਮਲ ਕਹਿੰਦੇ ਨੇ, ਦੂਸਰੇ ਨੂੰ ਵਿਖਸ਼ੇਪ ਕਹਿੰਦੇ ਨੇ, ਤੀਸਰੇ ਨੂੰ ਆਵਰਨ ਕਹਿੰਦੇ ਨੇ। ਸਾਦੀ ਜ਼ੁਬਾਨ ਦੇ ਅੰਦਰ ਮਲ ਉਹਨਾਂ ਕਰਮਾਂ ਦੀ ਮੈਲ ਨੂੰ ਕਹਿੰਦੇ ਨੇ ਜਿਹਦੇ ਨਾਲ ਇਹ ਆਦਮੀ ਪ੍ਰਮੇਸ਼ਰ ਤੋਂ ਵਿਛੜ ਕੇ ਬਹੁਤ ਦੂਰ ਹੋ ਗਿਆ। ਜਿਹੜੇ ਕਰਮਾਂ ਦੇ ਕਰਨ ਨਾਲ ਇਹਦੇ ਅੰਦਰ ਪ੍ਰਕਾਸ਼ ਮਿਟ ਗਿਆ ਤੇ ਹਨ੍ਹੇਰਾ ਛਾ ਗਿਆ। ਕੋਈ ਵਿਰਲਾ ਹੈ ਜਿਸਦੇ ਮਨ ਵਿਚ ਪ੍ਰਕਾਸ਼ ਹੈ, ਹਨ੍ਹੇਰਾ ਹੀ ਹਨ੍ਹੇਰਾ ਹੈ। ਕਿਉਂਕਿ ਮਾਇਆ ਕਹਿੰਦੇ ਹੀ ਹਨ੍ਹੇਰੇ ਨੂੰ, ਗੁਬਾਰ ਨੂੰ ਕਹਿੰਦੇ ਨੇ, ਗੁਬਾਰ ਚੜ੍ਹਦੈ। ਉਹਦੇ ਨਾਲ ਕੀ ਹੁੰਦੈ, ਪ੍ਰਮੇਸ਼ਰ ਕੋਲ ਰਹਿੰਦਾ, ਨਾ ਰਹਿੰਦਾ, ਉਹਨੂੰ ਭੁੱਲ ਜਾਂਦੈ ਤੇ ਇਹ ਵਿਛੜ ਜਾਂਦੈ। ਸੋ ਇਹ ਚੀਜ਼ ਹੈ ਇਹਨੂੰ ਮਲ ਕਹਿੰਦੇ ਨੇ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਅੰਗ- ੬੫੧*

ਬਾਹਰੋਂ ਚੰਗੇ ਕੱਪੜੇ, ਵਧੀਆ, ਚੰਗੇ ਕੀਮਤੀ ਤੋਂ ਕੀਮਤੀ ਵਸਤਰ ਪਹਿਨ ਕੇ ਹੋਰ ਸਰੀਰ ਦੀਆਂ ਅਨੇਕਾਂ ਸਜਾਵਟਾਂ ਲਾ ਕੇ ਆਦਮੀ ਅੰਦਰੋਂ ਜੇ ਮੈਲਾ ਹੈ, ਬਾਹਰੋਂ ਨਹੀਂ ਕੋਈ ਵੀ ਗੱਲ ਹੋਇਆ ਕਰਦੀ। ਧੋਖਾ ਖਾਂਦੀ ਹੈ ਨਿਗ੍ਹਾ, ਉਨ੍ਹਾਂ ਪੁਰਸ਼ਾਂ ਦੀ, ਜਿਨ੍ਹਾਂ ਨੇ ਮਾਇਆ ਦੇ ਉਤੇ ਆਪਣੀ ਨਿਗ੍ਹਾ ਜਮਾਈ ਹੋਈ ਹੈ, ਮੈਟਰ ਦੇ ਉਤੇ, ਪ੍ਰਕ੍ਰਿਤੀ ਦੇ ਉਤੇ। ਲੇਕਿਨ ਅੰਦਰਲੇ ਪਾਸੇ ਮੈਲ ਹੀ ਮੈਲ ਹੁੰਦੀ ਹੈ। ਥੋੜ੍ਹੀ ਮੈਲ ਨਹੀਂ ਹੈ। ਜਨਮਾਂ-ਜਨਮਾਂਤਰਾਂ ਤੋਂ ਲੱਗੀ ਹੋਈ ਮੈਲ ਹੈ। ਐਨੀ ਹੈ ਕਿ ਮਹਾਰਾਜ ਨੇ ਕਾਲਾ ਅੱਖਰ ਵਰਤ ਕੇ, ਇਕ ਅੱਖਰ ਹੋਰ ਇਹਦੇ ਨਾਲ ਲਾ ਦਿਤਾ ਕਿ ਕਾਲਾ ਐਵੇਂ ਨਾ ਸਮਝਿਓ, 'ਸਿਆਹੁ' ਹੈ। ਤੇ ਉਹ ਧੋਤਾ ਨਹੀਂ ਜਾਂਦਾ, ਕਿਸੇ ਤਰੀਕੇ ਨਾਲ 'ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ।' ਕੋਹਲੂ ਦੀ ਲੀਰ ਨੂੰ ਖੰਨਲੀ ਕਹਿੰਦੇ ਨੇ। ਉਹਦੇ 'ਚ ਸਰ੍ਹੋਂ ਦਾ ਜੋ ਕੁੜੱਤਣਪਨਾ ਹੈ, ਪੀਲਾਪਨ ਹੈ, ਉਹ ਐਨਾ ਰਚ ਜਾਂਦੈ ਕਿ ਉਹਦੇ 'ਚ ਮੁੜ ਕੇ ਚਟਿਆਈ ਨਹੀਂ ਆਉਂਦੀ। ਸੈਂਕੜੇ ਵਾਰੀ ਚਾਹੇ ਧੋਵੋ।

ਮਿਸਾਲ ਹੈ ਸਾਨੂੰ ਇਕ ਸਮਝਣ ਵਾਸਤੇ, ਸੋ ਐਸੇ ਤਰ੍ਹਾਂ ਜੋ ਆਪਾਂ ਸਫਰ ਕਰ ਰਹੇ ਹਾਂ। ਬੜਾ ਲੰਮਾ ਸਫਰ ਹੈ ਆਪਣਾ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ਅੰਗ- ੧੭੬*

ਹੈਰਾਨੀ ਹੁੰਦੀ ਹੈ ਕਿ ਅਸੀਂ ਇਹੋ ਜਿਹੇ ਥਾਵਾਂ ਤੋਂ ਆਏ ਹਾਂ, ਦਰਖਤ ਵੀ ਬਣੇ ਹਾਂ, ਪੱਥਰ ਵੀ ਬਣੇ ਹਾਂ। ਮਹਾਰਾਜ ਕਹਿੰਦੇ -

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਅੰਗ- ੧੫੬*

24 ਲੱਖ ਕਿਸਮ ਦੀਆਂ ਜੜ੍ਹੀਆਂ-ਬੂਟੀਆਂ, ਰੁਖ ਤੇ ਬਿਰਖ ਨੇ। ਇਹਦੇ ਵਿਚੀਂ ਜੋ ਸਾਡਾ ਜੋ ਜੀਵ ਆਤਮਾ ਹੈ, ਉਹ ਸਾਰਿਆਂ ਦਾ ਅਨੁਭਵ ਲੈ ਕੇ ਅੱਗੇ ਨੂੰ ਵਧਿਆ ਹੈ। ਸਾਢੇ ਸੱਤ ਲੱਖ ਕਿਸਮ ਦੇ ਉਹ ਜੀਵ ਨੇ, ਜਿਹੜੇ ਫੰਗਾਂ ਦੇ ਨਾਲ ਉਡਦੇ ਨੇ। ਸਾਢੇ ਸੱਤ ਲੱਖ ਕਿਸਮ ਦੇ ਉਹ ਜੀਵ ਨੇ, ਜਿਹੜੇ ਪੇਟ ਦੇ ਭਾਰ ਚਲਦੇ ਨੇ। ਚਾਰ ਲੱਖ ਕਿਸਮ ਦੇ ਉਹ ਜੀਵ ਨੇ ਜਿਹੜੇ ਪੈਰਾਂ ਦੇ ਨਾਲ ਚਲਦੇ ਨੇ; ਕਿਸੇ ਨੂੰ ਦੋ ਪੈਰ ਮਿਲੇ ਨੇ, ਕਿਸੇ ਨੂੰ ਸੌ ਪੈਰ ਵੀ ਮਿਲਿਆ ਹੈ, ਕਿਸੇ ਨੂੰ ਚਾਰ ਮਿਲੇ। ਪੇਟ ਨਹੀਂ ਲਾਉਂਦੇ, ਪੈਰਾਂ ਦੇ ਭਾਰ ਚਲਦੇ ਨੇ। ਉਸ ਤੋਂ ਇਲਾਵਾ ਬੇਅੰਤ ਅਵਿਅਕਤ ਜੂਨੀਆਂ ਨੇ, ਜਿਹੜੀਆਂ ਦਿਸਦੀਆਂ ਹੈ ਨਹੀਂ, ਭੂਤ, ਪ੍ਰੇਤ, ਸੂਕਰ, ਮ੍ਰਿਗਾਚ; ਮਹਾਰਾਜ ਕਹਿੰਦੇ ਉਹ ਸਾਰੀਆਂ ਜੂਨਾਂ ਨਜ਼ਰ ਨਹੀਂ ਆਉਂਦੀਆਂ। ਇਹਨਾਂ ਸਾਰੀਆਂ ਤੋਂ ਇਲਾਵਾ ਬਾਕੀ ਪਾਣੀ ਦੇ ਅੰਦਰ ਨੇ, ਜੀਵ ਜੰਤੂ ਪਤਾ ਹੀ ਨਹੀਂ ਕਿੰਨੀ ਹੀ ਕਿਸਮ ਦੇ ਨੇ। ਚਾਰ ਲੱਖ ਕਿਸਮ ਦੇ ਪੱਥਰ ਨੇ ਜਿਨ੍ਹਾਂ ਦੇ ਵਿਚ ਜਾਨ ਗਿਣੀ ਗਈ ਹੈ। ਜੀਵਨ ਹੈ ਜਿਹਨਾਂ ਦੇ ਅੰਦਰ। ਪੁਆਇੰਟ 000 ਲਾ ਕੇ 1 ਲਾ ਦਿਓ, ਐਨੀ ਕੇ ਉਹਦੇ 'ਚ ਜੀਵਨ ਹੈ। ਵਧਦੇ-ਘਟਦੇ ਨੇ ਉਹ। ਸੋ ਇਹਨਾਂ 'ਚੋਂ ਮਹਾਰਾਜ ਕਹਿੰਦੇ -

*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ- ੧੭੬*

ਉਸ ਤੋਂ ਬਾਅਦ ਮਨੁੱਖ ਅਸੀਂ ਕਿੰਨੀ ਵਾਰ ਬਣੇ ਹਾਂ, ਮਹਾਰਾਜ ਕਹਿੰਦੇ ਇਹਦਾ ਵੀ ਕੋਈ ਅੰਦਾਜ਼ਾ ਨਹੀਂ ਹੈ। ਬਹੁਤ ਵਾਰੀ ਬਣਿਆ ਹੈਂ ਤੂੰ। ਲੇਕਿਨ ਤੇਰੇ ਤੋਂ

ਇਕ ਗਲਤੀ ਹੁੰਦੀ ਹੈ, ਸਾਧਾਰਣ ਤੌਰ 'ਤੇ ਹੀ ਕਰ ਜਾਂਦੈ। ਸਹਿਜ ਸੁਭਾਅ ਗਲਤੀ 'ਚ ਆ ਜਾਂਦੈ, ਕਿਉਂਕਿ ਅੰਦਰ ਰੋਸ਼ਨੀ ਨਹੀਂ ਆਉਂਦੀ ਹੈ, ਚੇਤਨਤਾ ਨਹੀਂ ਆਉਂਦੀ ਅੰਦਰੋਂ ਕਿ ਤੂੰ ਹੁਣ ਗਲਤ ਚੱਲ ਰਿਹਾ ਹੈਂ। ਜਾਗੇ ਹੋਏ ਪੁਰਸ਼ ਜਿਹਨਾਂ ਦੇ ਅੰਦਰ ਲਾਈਟ ਹੈ ਉਥੇ ਸਿਗਨਲ ਆ ਜਾਂਦੈ ਲਾਲ ਰੌਸ਼ਨੀ ਦਾ ਕਿ ਤੂੰ ਗਲਤ ਚੱਲ ਰਿਹਾ ਹੈਂ ਏਸ ਵੇਲੇ। ਉਹ ਅਨੁਭਵੀ ਸੂਝ ਹੁੰਦੀ ਹੈ, ਹਰੇਕ ਦੇ ਅੰਦਰ ਨਹੀਂ ਹੁੰਦੀ। ਬਾਕੀ ਇਕ ਆਵਾਜ਼ ਹੈ ਪ੍ਰਮੇਸ਼ਰ ਦੇ ਦਰ ਤੋਂ ਆ ਰਹੀ ਕਿ ਐ ਬੰਦੇ ਤੂੰ ਗਲਤ ਕੰਮ ਕਰ ਰਿਹੈਂ। ਉਹ ਓਨੀ ਦੇਰ ਤਕ ਤਾਂ ਸੁਣਦੀ ਹੈ, ਜਦੋਂ ਤਕ ਉਹਨੂੰ ਪੂਰੀ ਤਰ੍ਹਾਂ ਨਾਲ ਬੰਦ ਨਹੀਂ ਕਰ ਦਿਤਾ ਜਾਂਦਾ। ਜਦੋਂ ਬੰਦ ਹੋ ਜਾਂਦੀ ਹੈ ਕਹਿੰਦੇ ਨੇ ਇਹਦੀ ਜ਼ਮੀਰ ਆਵਾਜ਼ ਦੇਣ ਤੋਂ ਬੰਦ ਹੋ ਗਈ ਹੁਣ। ਹੁਣ ਨਹੀਂ ਇਹ ਸੁਣਦਾ ਆਪਣੇ ਅੰਦਰਲੀ ਗੱਲ। ਸੋ ਇਹਨਾਂ ਚੀਜ਼ਾਂ ਦੇ ਵਿਚ ਪੈ ਕੇ -

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ- ੨੬੮*

ਸੋ ਇਸ ਤਰ੍ਹਾਂ ਬੇਅੰਤ ਵਾਰੀ ਅਸੀਂ ਸੰਸਾਰ 'ਤੇ ਆਏ ਹਾਂ। ਕਿਉਂਕਿ ਸੰਸਾਰ ਦਾ ਹੀ ਨਹੀਂ ਪਤਾ ਕਿ ਕਦੋਂ ਤੋਂ ਚਾਲੂ ਹੋਇਐ -

*ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥*
*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥*
*ਅੰਗ- ੪*

ਇਕ ਗੱਲ ਹੋਰ ਹੈ ਕਿ ਇਹ ਜ਼ਰੂਰੀ ਨਹੀਂ ਹੈ ਸਰੀਰ ਛੱਡਣ ਤੋਂ ਬਾਅਦ ਇਸ ਧਰਤੀ 'ਤੇ ਹੀ ਆਵਾਂਗੇ। ਮਹਾਰਾਜ ਜੀ ਕਹਿੰਦੇ, ਧਰਤੀਆਂ ਦਾ ਕੋਈ ਹਿਸਾਬ-ਕਿਤਾਬ ਨਹੀਂ ਹੈ। ਕੋਈ ਪਤਾ ਨਹੀਂ ਹੈ ਕਿ ਕਿਥੋਂ ਤਕ ਰਚਨਾ ਹੈ, ਕਿਹੋ ਜਿਹੀ ਦੁਨੀਆਂ ਹੈ, ਕਿਹੋ ਜਿਹੇ ਉਹਨਾਂ ਨੂੰ ਸਰੀਰ ਦਿਤੇ ਨੇ, ਕਿਹੋ ਜਿਹੇ ਅਨੁਭਵ ਨੇ। ਹਰ ਥਾਂ 'ਤੇ ਮਨੁੱਖ ਹੀ ਨਹੀਂ ਹੈਗੇ। ਪ੍ਰਮੇਸ਼ਰ ਦੀ ਰਚਨਾ ਹੈ, ਬੇਅੰਤ ਤਰੀਕਿਆਂ ਦੀ ਰਚੀ ਹੋਈ ਰਚਨਾ ਹੈ। ਕੋਈ ਇਸ ਪਾਸੇ ਨੂੰ ਸੋਚ ਵੀ ਨਹੀਂ ਸਕਦਾ। ਮਹਾਰਾਜ ਕਹਿੰਦੇ, ਜਿਹੜਾ ਸੋਚੇ ਕਿ ਮੈਂ ਜਾਣ ਲਿਆ। ਕਹਿੰਦੇ ਉਹ -

*ਜੇ ਕੋ ਆਖੈ ਬੋਲੁਵਿਗਾੜੁ ॥*
*ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥ ਅੰਗ- ੬*

ਮੂਰਖਾਂ ਦੇ ਵਿਚੋਂ ਸ਼੍ਰੋਮਣੀ ਮੂਰਖ ਹੈ। ਜਿਹੜੀ ਚੀਜ਼ ਜਾਣੀ ਹੀ ਨਹੀਂ ਜਾ ਸਕਦੀ -

*ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥ ਅੰਗ- ੫*

ਲੇਖਾ ਕਹਿਣਾ ਵੀ ਗਲਤ ਹੈ। ਕਰਨਾ ਵੀ ਗਲਤ ਹੈ। ਕਰਿਐ ਲੇਖਾ। ਡਾ. ਸਟੀਫਨ ਨੇ ਬੜਾ ਜ਼ੋਰ ਲਾਇਆ। ਨੋਬਲ ਪਰਾਈਜ਼ ਜੇਤੂ ਸੀ ਲੰਡਨ ਦੇ ਰਹਿਣ ਵਾਲਾ। ਉਹਨੇ ਸਮਾਂ ਤੇ ਆਕਾਸ਼ ਦੀ ਨਵੀਂ ਥਿਊਰੀ ਗਣਿਤ ਦੇ ਹਿਸਾਬ ਨਾਲ ਦੁਨੀਆਂ ਨੂੰ ਦਿਤੀ। ਉਹ ਜਿਸ ਵਕਤ ਫੈਲਾਅ 'ਚ ਆਉਂਦੈ ਕਿ ਕਿੰਨਾ ਫੈਲਦੇ ਹਨ -

*ਜਬ ਉਦਕਰਖ ਕਰਾ ਕਰਤਾਰਾ।*
*ਪਰਜਾ ਧਰਤ ਤਬ ਦੇਹ ਅਪਾਰਾ।*

ਜਦੋਂ ਉਦਕਰਸ਼ਣ ਸ਼ਕਤੀ ਖਿੱਚ ਲੈਂਦੀ ਹੈ, ਸੰਸਾਰ ਨੂੰ, ਗਣਿਤ ਨਾਲ ਉਸ ਨੇ ਕੱਢਣ ਦਾ ਯਤਨ ਕਰਿਆ ਸਾਰੇ ਫਾਰਮੂਲੇ ਲਾ ਕੇ ਤਾਂ ਲਿਖਿਆ ਹੁੰਦੇ .0000000....(80 ਜ਼ੀਰੋ) ਉਸ ਤੋਂ ਬਾਅਦ ਏਕਾ ਲਾਉਣਾ ਪਿਆ ਉਹਨੂੰ। ਦੋ ਤਿੰਨ ਅੱਖਰ ਲਿਖੇ ਉਹਨੇ। infinity (ਅਨੰਤ) ਬਈ ਜ਼ੀਰੋ ਲਾਈ ਜਾਓ ਜਦੋਂ ਅੱਖਰ ਲਾ ਲਓਂਗੇ, ਅਗਾਂਹਾਂ ਫੇਰ ਹੈ, ਅਗਾਂਹਾਂ ਫੇਰ ਹੈ। ਆਦਮੀ ਦਾ ਦਿਮਾਗ ਤਾਂ ਚੱਕਰ ਖਾ ਜਾਂਦੈ ਕਿ ਇਹ ਤਾਂ ਗੱਲ ਹੀ ਹੁਣ ਖਤਮ ਹੋ ਗਈ। ਸੋਚਣਾ ਕੀ ਹੈ ਇਹਦੇ ਬਾਰੇ। ਇਸੇ ਕਰਕੇ ਅਗੰਮ ਤੇ ਅਗੋਚਰ ਹੈ। ਅੱਸੀ ਜ਼ੀਰੋ ਲਾ ਕੇ ਏਕਾ ਲਾ ਦਿਤਾ। ਜਦੋਂ ਫਿਲਾਵਟ ਹੋਈ, ਇਹਦੇ ਵਿਚ ਰਚਨਾ ਆ ਗਈ। ਖੰਡ ਬ੍ਰਹਿਮੰਡ ਬਣਨੇ ਸ਼ੁਰੂ ਹੋਏ, ਗੁਪਤ ਤੋਂ ਨਿਰੰਕਾਰ ਪ੍ਰਗਟ ਹੋਣ ਲੱਗਿਆ, ਉਸ ਵੇਲੇ ਏਕਾ ਲਾ ਕੇ ਅੱਸੀ ਜ਼ੀਰੋ ਲਾਉਣ ਤੋਂ ਬਾਅਦ infinity (ਅਨੰਤ) ਲਿਖ ਦਿਤੀ। ਕਹਿੰਦਾ ਇਹ ਵੀ ਅੰਤ ਨਹੀਂ ਹੈ। ਕਿਹਾ ਹੀ ਨਹੀਂ ਜਾ ਸਕਦਾ। ਅਖੀਰ ਉਹਨੇ ਚਾਰ ਲਾਈਨਾਂ ਲਿਖੀਆਂ ਉਹਦੇ 'ਚ ਕਹਿਣ ਲੱਗਿਆ, ਮੈਂ ਐਨਾ ਬੋਂਦਲ ਹੋ ਗਿਆ, ਮੈਨੂੰ ਕੁਛ ਨਹੀਂ ਸੁੱਝਦਾ। ਕੋਈ ਰੂਹਾਨੀ ਬੰਦਾ, ਕਿਸੇ ਰਹਿਬਰ ਨੇ ਇਸ ਪਾਸੇ ਲਿਖਿਆ ਹੋਵੇ ਤਾਂ ਮੇਰੇ ਨਾਲ ਆ ਕੇ ਗੱਲ ਕਰੋ।

ਮੈਂ ਯੂ.ਐਸ.ਏ ਸੀ, ਮੇਰੇ ਮਨ 'ਚ ਆਇਆ ਕਿ ਮੈਂ ਇਹਨੂੰ ਮਿਲ ਕੇ ਜਾਵਾਂ ਪਰ ਮਿਲ ਨਾ ਸਕਿਆ ਲੰਡਨ 'ਚ। ਅਧਰੰਗ ਹੋਇਆ-ਹੋਇਆ ਸੀ ਉਸ ਪ੍ਰੇਮੀ ਨੂੰ। ਪਿਛਲੇ ਦੋ ਸਾਲ ਹੋਏ ਜਦੋਂ ਹਵਾਈ ਹਾਦਸੇ ਵਿਚ ਉਹ ਮਾਰਿਆ ਗਿਆ। ਸੋ ਮਹਾਰਾਜ ਕਹਿੰਦੇ ਕਿਹਾ ਹੀ ਨਹੀਂ ਜਾ ਸਕਦਾ। ਇਸ ਗੱਲ ਨੂੰ ਸੋਚੋ ਹੀ ਨਾ। ਸੋਚ ਵਿਚ ਨਾ ਆਉਣ ਵਾਲੀ ਬਾਤ ਹੈ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, ਇਕ ਵਾਰੀ ਨਹੀਂ, ਤੂੰ ਤਾਂ ਬਹੁਤ ਵਾਰੀ ਮਨੁੱਖ ਬਣਿਆ ਹੈਂ ਪਿਆਰਿਆ, ਲੇਖੇ ਇਥੇ ਹੈ ਨਹੀਂ। ਨਾ ਇਹ ਕਹਿ ਸਕਦੇ ਹਾਂ ਕਿ ਦੁਨੀਆਂ ਕਦੋਂ ਬਣੀ। ਕਈ ਬੰਦੇ ਦੁਨੀਆਂ ਦੀ ਉਮਰ ਕੱਢਦੇ ਨੇ, ਹੋਣਾ ਕੋਈ ਪਸਾਰਾ ਖਤਮ ਹੋ ਗਿਆ, ਉਸ ਤੋਂ ਬਾਅਦ ਜਿਹੜਾ ਨਵਾਂ ਚੱਲਿਆ ਹੈ, ਕਿਸੇ ਦੇ ਹਿਸਾਬ ਕਿਤਾਬ ਕੰਪਿਊਟਰ

'ਚ ਆ ਜਾਵੇ। ਲੇਕਿਨ ਇਹ ਤਾਂ ਕਲਪ ਦਰ ਕਲਪ ਚਲਦੈ। ਜੋ ਹਿਸਾਬ-ਕਿਤਾਬ ਹੈ, ਮਹਾਂਪੁਰਸ਼ਾਂ, ਰਿਸ਼ੀਆਂ ਦਾ, ਉਹਨਾਂ ਨੇ ਇਸ ਪਾਸੇ ਬੜੀ ਖੋਜ ਕਰੀ ਹੈ। ਅਨੁਭਵ ਦੇ ਨਾਲ, ਮਸ਼ੀਨਾਂ ਨਾਲ ਨਹੀਂ ਕਰੀ। ਉਮਰਾਂ ਲਾਈਆਂ ਨੇ ਬੈਠ-ਬੈਠ ਕੇ ਧਿਆਨ ਦੇ ਅੰਦਰ। ਉਹਨਾਂ ਨੇ ਸਮੇਂ ਨੂੰ ਵੰਡਿਆ ਹੈ। ਇਸ ਨੂੰ ਵੰਡ ਕੇ 14 ਕਲਪਾਂ ਦੇ ਵਿਚ ਕਲਪਿਤ ਕੀਤਾ ਹੈ। ਚਾਰ ਅਰਬ 32 ਕਰੋੜ ਸਾਲ ਦਾ ਇਕ ਕਲਪ ਹੋਇਆ ਕਰਦੈ। ਉਹ ਕਹਿੰਦੇ 14 ਕਲਪ ਤੋਂ ਬਾਅਦ ਫੇਰ ਪਰਲੋਂ ਆਇਆ ਕਰਦੀ ਹੈ, ਫੇਰ ਉਸ ਤੋਂ ਬਾਅਦ ਮਹਾਂ ਪਰਲੋਂ ਦਾ ਕੱਢਿਆ ਹੈ ਤੇ ਮਾਇਆ ਦੀ ਉਮਰ ਗਿਣਨ ਦਾ ਯਤਨ ਕਰਿਆ ਹੈ ਉਹਨਾਂ ਨੇ, ਬੜੇ ਲੰਮੇ ਹਿਸਾਬ-ਕਿਤਾਬ ਨੇ, ਜੇ ਕੋਈ ਜਾਵੇ। ਸ਼ਿਵ ਜੀ ਦੀ ਉਮਰ ਉਹਨਾਂ ਨੇ ਕੱਢੀ ਹੈ -

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥*
*ਅੰਗ- ੭*

16 ਕਰੋੜ ਖਰਬ ਸਾਲ ਦੀ ਉਮਰ ਕੱਢੀ ਹੈ। ਸੋ ਇਸ ਪਸਾਰੇ ਦਾ ਕੋਈ ਅੰਤ ਨਹੀਂ ਹੈ, ਇਸ ਪਸਾਰੇ ਦਾ ਅੰਤ ਕੋਈ ਪਾ ਨਹੀਂ ਸਕਦਾ। ਅਸੀਂ ਇਹਦੇ ਵਿਚ ਜੀਵ ਬਣ ਕੇ ਆ ਗਏ। ਬਣ ਕੇ ਆਉਣ ਦੇ ਨਾਲ ਸਾਡੇ ਉਤੇ ਐਨਾ ਅਸਰ ਪੈ ਗਿਆ ਵਾਤਾਵਰਣ ਦਾ, ਆਲੇ-ਦੁਆਲੇ ਦਾ, ਖਿਆਲਾਂ ਦਾ ਕਿ ਨੀਵੇਂ ਪੱਧਰ 'ਤੇ ਅਸੀਂ ਆ ਗਏ। ਮਨੁੱਖੀ ਪੱਧਰ ਤੋਂ ਹੇਠਾਂ ਅਸੀਂ ਉਤਰ ਆਏ। ਹੁਣ ਸਾਨੂੰ ਕੁਛ ਨਹੀਂ ਪਤਾ ਲਗਦਾ। ਮਹਾਰਾਜ ਕਹਿੰਦੇ, ਤੂੰ ਮਾਇਆ ਦੇ ਅੰਧ ਗੁਬਾਰ 'ਚ ਘਿਰ ਗਿਆ।

ਸੋ ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਜੋ ਪਹਿਲਾ ਉਪਦੇਸ਼ ਹੈ ਉਹਨੂੰ ਕਰਮ ਦੇ ਵਿਚ ਬਰੈਕਟ ਕੀਤਾ ਜਾਂਦਾ ਹੈ। ਮਲ ਦੂਰ ਕਰਨ ਵਾਸਤੇ, ਕਿਉਂਕਿ ਦੋਸ਼ ਪਹਿਲਾਂ ਮਲ ਦਾ ਲੱਗਿਆ ਹੋਇਆ ਹੈ ਅੰਤਸ਼ਕਰਣ ਦੇ ਅੰਦਰ। ਵਾਹਿਗੁਰੂ ਤਾਂ ਨਾਲ ਰਹਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਂ ਬਾਰ-ਬਾਰ ਕਹਿੰਦੇ ਨੇ। ਸਾਨੂੰ ਵਿਸ਼ਵਾਸ਼ ਕਿਉਂ ਨਹੀਂ ਆਉਂਦਾ ਗੁਰੂ ਦੀ ਗੱਲ ਦਾ। ਸਾਨੂੰ ਅਨੁਭਵ ਕਿਉਂ ਨਹੀਂ ਹੁੰਦਾ। ਮਹਾਰਾਜ ਕਹਿੰਦੇ ਮੈਲ ਐਨੀ ਲੱਗੀ ਹੈ ਕਿ ਤੇਰੇ ਤੱਕ ਕਰੰਟ ਪਹੁੰਚ ਨਹੀਂ ਰਹੀ ਕਿ ਤੂੰ ਉਸ ਨੂੰ ਸੋਚ ਸਕੇਂ। ਕਾਰਬੋਰੇਟਰ ਹੁੰਦਾ ਹੈ ਇੰਜਣ ਦਾ, ਉਹਦੇ ਵਿਚ ਜੇ ਕਾਰਬਨ ਜੰਮ ਜਾਵੇ, ਬੈਟਰੀ ਵਲੋਂ ਤਾਂ ਕਰੰਟ ਆ ਰਹੀ ਹੈ, ਇੰਜਣ 'ਚੋਂ ਨਹੀਂ ਲੰਘਦੀ। ਉਹ ਕਹਿੰਦੇ ਨੇ ਕਿ ਕਾਰਬਨ ਲੱਗ ਗਈ, ਕਾਰਬਨ ਨੂੰ ਲਾਹੋ ਪਹਿਲਾਂ, ਫੇਰ ਕਰੰਟ ਆਏਗੀ। ਬਿਲਕੁਲ ਠੀਕ ਇਸੇ ਤਰ੍ਹਾਂ ਸਾਡੇ ਨਾਲ ਹੈ। ਸੋ ਪਹਿਲਾਂ ਜੋ ਉਪਦੇਸ਼ ਹੈ ਸਾਧਾਰਨ ਬੰਦੇ ਵਾਸਤੇ। ਉਹ ਮੈਲ ਨੂੰ ਦੂਰ ਕਰਨ ਵਾਸਤੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਬਹੁਤ ਵੱਡਾ ਹਿੱਸਾ ਹੈ, ਜਿਹੜਾ ਇਹ ਉਪਦੇਸ਼ ਦਿੰਦੈ। ਬਾਰ-ਬਾਰ ਇਸ ਨੂੰ ਸਮਝਾਉਂਦੇ ਨੇ ਕਿ ਪਿਆਰਿਆ -

*ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥*
*ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥*
*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥*
*ਕਰਿ ਅਉਗਣ ਪਛੋਤਾਵਣਾ ॥ ਅੰਗ- ੪੭੧*

ਸਮਝਾਉਂਦੇ ਨੇ ਸਾਨੂੰ ਬਾਰ-ਬਾਰ, ਉਸ ਤੋਂ ਬਾਅਦ ਪ੍ਰੇਰਨਾ ਦਿੰਦੇ ਨੇ ਕਿ ਤੁਸੀਂ ਨੇਕੀ ਕਮਾਓ, ਸੇਵਾ ਕਰੋ। ਸੱਚ ਦੀ ਜ਼ਿੰਦਗੀ ਨੂੰ ਅਪਨਾਓ। ਸਤਿਸੰਗ ਕਰੋ। ਇਹਦੇ ਫਲ ਤੈਨੂੰ ਮਿਲਣਗੇ। ਸੇਵਾ ਦਾ ਫਲ ਤੈਨੂੰ ਮਿਲੇਗਾ -

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ- ੨੬*

ਉਹਦੇ ਨਾਲ ਕੀ ਹੋਏਗਾ, ਮੈਲ ਜਿਹੜੀ ਸਾਡੀ ਹੈ, ਉਹ ਦੂਰ ਹੋਣੀ ਸ਼ੁਰੂ ਹੋ ਜਾਣੀ ਹੈ, ਸ਼ੁਭ ਕਰਮਾਂ ਤੇ ਨਿਸ਼ਕਾਮ ਕਰਮਾਂ ਦੇ ਨਾਲ, ਬਾਣੀ ਪੜ੍ਹਨ ਦੇ ਨਾਲ, ਨਾਮ ਵਲ ਮਨ ਲਾਉਣ ਦੇ ਨਾਲ। ਕਿਉਂਕਿ ਇਲਾਜ ਮਹਾਰਾਜ ਨੇ -

*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥ ਅੰਗ- ੪*

ਪੂਰਨ ਤਾਂ ਉਹ ਤਾਂ ਹੁੰਦੀ ਹੈ ਜੇ ਨਾਮ ਦਾ ਪਿਆਰ ਹਿਰਦੇ 'ਚ ਵਸ ਜਾਵੇ। ਜਦੋਂ ਤਕ ਨਹੀਂ ਵਸਿਆ ਅਸੀਂ ਝੁੰਜਲਾਹਟ 'ਚ ਹਾਂ, ਓਨਾਂ ਚਿਰ ਮੈਲ ਸਾਡੇ ਹਿਰਦੇ 'ਚ ਚੜ੍ਹੀ ਹੋਈ, ਅੰਧ ਗੁਬਾਰ ਸਾਡੇ ਦਿਮਾਗ ਦੇ ਅੰਦਰ ਛਾਇਆ ਹੋਇਆ ਹੈ। ਸਾਨੂੰ ਕੁਛ ਨਹੀਂ ਪਤਾ ਲਗਦਾ, ਕੋਲ ਰਹਿੰਦੇ ਵਾਹਿਗੁਰੂ ਦਾ। ਵਾਹਿਗੁਰੂ ਐਨਾ ਨੇੜੇ ਰਹਿੰਦਾ ਹੈ? ਮਹਾਰਾਜ ਕਹਿੰਦੇ, ਹਰ ਵਕਤ ਤੇਰੇ ਅੱਗੇ ਪਿਛੇ ਪ੍ਰਮੇਸ਼ਰ ਹੈ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥*
*ਅੰਗ- ੬੭੭*

ਐਨੀ ਸਚਾਈ ਦੀ ਬਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ, ਅਸੀਂ ਕਿਉਂ ਨਹੀਂ ਸਮਝਦੇ। ਕਿਉਂਕਿ ਸਾਡੀ ਬੁੱਧੀ ਬਹੁਤ ਨੀਵੇਂ ਪੱਧਰ 'ਤੇ ਗਈ ਹੋਈ ਹੈ। ਕਿਤਾਬਾਂ ਪੜ੍ਹਨ, ਲਿਖਣ ਦੇ ਨਾਲ ਕੋਈ ਫਰਕ ਨਹੀਂ ਪਿਆ ਕਰਦਾ। ਜਦੋਂ ਤੱਕ ਅੰਦਰ ਅਨੁਭਵ ਨਾ ਖੁਲ੍ਹੇ-

*ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥ ਅੰਗ- ੧੪੮*

ਬੁੱਝਣ ਦੀ ਬਾਤ ਹੈ। ਕਈ ਵਾਰੀ ਮੈਂ ਬੇਨਤੀ ਕਰੀ ਹੈ ਕਿ ਕੁਝ ਸਿਆਣੇ ਜੋ ਐਗਰੀਕਲਚਰ ਦੇ ਮਾਹਿਰ ਸੀ। ਇਕ ਅੰਬ ਦੇ ਦੁਆਲੇ ਖੜ੍ਹੇ ਇਸਦੀਆਂ ਖੂਬੀਆਂ ਗਿਣ ਰਹੇ ਨੇ ਕਿ ਐਨੀਆਂ ਕੈਲਰੀਆਂ ਨੇ, ਇਹ ਫਲ ਇਸ ਤਰ੍ਹਾਂ ਪਲ ਰਿਹੈ, ਇਸ ਤਰ੍ਹਾਂ ਇਹਨੂੰ ਫਲ ਲੱਗਿਆ ਹੈ, ਇਸ ਫਲ ਦੇ ਅੰਦਰ ਐਨੀ ਸ਼ੂਗਰ ਹੈ, ਐਨਾ ਇਸ 'ਚ ਐਸਿਡ ਹੈ, ਐਨੀ ਇਸ ਦੇ ਪੌਸ਼ਟਿਕ ਲਾਭ (food value) ਹੈ। ਇਹੋ ਜਿਹਾ ਸੁਆਦ ਹੈ ਇਹਦਾ, ਫਲਾਣੇ ਨਾਲੋਂ ਵੱਖਰਾ ਹੈ। ਜਿਹੜਾ ਲੰਗੜਾ ਬਨਾਰਸੀ ਤੇ ਦੂਸਰਾ ਹੈ, ਦੁਸਹਿਰੀ ਦੋਹਾਂ ਦੇ ਸਵਾਦ ਵਿਚ ਫਰਕ ਹੈ। ਇਹ ਗੱਲ ਤਾਂ ਕਰੀ ਜਾਂਦੇ ਨੇ ਲੇਕਿਨ ਅਨੁਭਵ ਨਹੀਂ ਹੋਇਆ। ਅਨੁਭਵ ਉਹਨੂੰ ਹੋਇਆ ਜਿਹਨੇ ਦੋਵੇਂ ਅੰਬ ਤੋੜ ਲਏ। ਉਹਨੇ ਇਕ ਚੂਪ ਕੇ ਦੇਖਿਆ, ਫੇਰ ਦੂਜਾ ਚੂਪ ਕੇ ਦੇਖਿਆ। ਉਹਨੂੰ ਚੀਜ਼ਾਂ ਆਪੇ ਹੀ ਪ੍ਰਾਪਤ ਹੋ ਗਈਆਂ, ਉਹਨੂੰ ਜਾਨਣ ਦੀ ਲੋੜ ਨਹੀਂ ਪਈ ਕਿ ਇਹਦੇ ਵਿਚ ਕੀ-ਕੀ ਹੈ। ਉਹਨੇ ਤਾਂ ਚੱਖ ਲਿਆ ਉਹਨੂੰ। ਐਨਾ ਹੀ ਫਰਕ ਹੈ। ਇਕ ਵਿਦਿਆ ਉਹ ਹੈ ਜਿਹੜੀ ਅੰਦਰ ਅਸੀਂ ਅਨੁਭਵ ਦੇ ਰਾਹੀਂ ਖੋਲ੍ਹ ਲਈ। ਅਨੁਭਵ ਕਰ ਲਈ, ਉਹਦਾ ਅਨੰਦ ਮਾਣ ਲਿਆ। ਦੂਸਰਾ ਉਹ ਹੈ ਜਿਹੜੀ ਅਸੀਂ ਪੁਸਤਕਾਂ ਤੋਂ ਜਾਣਕਾਰੀ ਪ੍ਰਾਪਤ ਕਰੀ। ਉਹ ਵੀ ਨਿਹਫਲ ਨਹੀਂ ਹੋਇਆ ਕਰਦੀ। ਪਰ ਉਹ ਗਾਈਡ ਕਰਦੀ ਹੈ ਤਾਕਿ ਆਦਮੀ ਉਸਦੀ ਗਾਈਡੈਂਸ ਲੈ ਕੇ ਤੁਰੇ। ਸੋ ਇਸ ਤਰ੍ਹਾਂ ਜਿਹੜਾ ਪਹਿਲਾ ਉਪਦੇਸ਼ ਹੈ ਉਹ ਕਰਮ ਦਾ ਉਪਦੇਸ਼ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਕਿ ਸ਼ੁਭ ਕਰਮ ਕਰ, ਨੇਕੀ ਕਰ, ਠੱਗੀ ਨਾ ਕਰ, ਧੋਖਾ ਨਾ ਕਰ, ਜੇ ਕਰੇਂਗਾ ਸਜ਼ਾ ਬੜੀ ਵੱਡੀ ਮਿਲਦੀ ਹੈ। ਉਥੇ ਬੜਾ ਔਖਾ ਹੋ ਜਾਏਗਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥* *ਅੰਗ- ੩੧੫*

ਮਲ ਦੀ ਅਵਸਥਾ ਵਿਚ ਚੱਲਣ ਵਾਲੇ ਬੰਦੇ ਦੇ ਵਾਸਤੇ ਗੁਰੂ ਮਹਾਰਾਜ ਇਹਨਾਂ ਨੂੰ ਭਿਆਨਕ ਉਪਦੇਸ਼ ਦਿੰਦੇ ਨੇ। ਇਹ ਆਪਣੀ ਥਾਂ 'ਤੇ ਬਿਲਕੁਲ ਸਤਿ ਨੇ, ਇਹ ਨਾ ਕਹੇ ਕਿ ਇਹ ਸਤਿ ਨਹੀਂ ਹੈ ਕਿ ਇਹ ਡਰਾਉਣ ਵਾਸਤੇ ਹੈ। ਡਰਾਉਣ ਵਾਸਤੇ ਕੋਈ ਬਾਤ ਨਹੀਂ ਹੈ। ਮਹਾਰਾਜ ਕਹਿੰਦੇ ਨੇ -

*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ॥* *ਅੰਗ- ੮੯੪*

ਜਿਹੜੀ ਗੱਲ ਅੱਖਾਂ ਨਾਲ ਦੇਖਦੇ ਨੇ ਓਹੀ ਬਚਨ ਕਰਦੇ ਨੇ। ਸੋ ਦੂਸਰਾ ਉਪਦੇਸ਼ ਹੋਇਆ ਕਰਦੈ, ਜਦੋਂ ਆਦਮੀ ਸ਼ੁਭ ਕਰਮ ਕਰਦੈ, ਸੇਵਾ ਕਰਦੈ, ਬਾਣੀ ਪੜ੍ਹਦੈ, ਗੁਰੂ ਧਾਰਨ ਕਰਦੈ, ਚੰਗਾ ਜੀਵਨ ਬਤੀਤ ਕਰਦੈ, ਗੁਰੂ ਦੇ ਹੁਕਮਾਂ ਦੀ ਆਪਣੇ ਜੀਵਨ ਵਿਚ ਪਾਲਣਾ ਕਰਦੈ, ਉਸ ਵੇਲੇ ਜੋ ਉਪਦੇਸ਼ ਹੁੰਦੈ ਉਹ ਰੁਚੀ ਵਧਾਉਣ ਵਾਸਤੇ ਹੋਇਆ ਕਰਦੈ। ਕਿਉਂਕਿ ਪਹਿਲਾਂ ਮਾੜੇ ਕਰਮ ਉਹ ਕਰਦਾ ਨਹੀਂ ਹੈ। ਉਸ ਤੋਂ ਬਾਅਦ ਰੁਚੀ ਵਾਲੇ ਉਪਦੇਸ਼ ਨੇ ਕਿ ਪ੍ਰਭੂ ਦਾ ਸਿਮਰਨ ਕਰਨ ਨਾਲ ਕੀ ਫਾਇਦਾ ਹੁੰਦੈ। ਸੋ ਸੁਖਮਨੀ ਸਾਹਿਬ ਦੇ ਅੰਦਰ ਪਹਿਲੀ ਅਸਟਪਦੀ ਦੇ ਅੰਦਰ ਇਹ ਬਹੁਤ ਵਿਸਥਾਰ ਦੇ ਨਾਲ ਵਰਣਨ ਕੀਤੈ-

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥* *ਅੰਗ- ੨੮੩*

ਇਹਦੇ ਵਿਚ ਉਪਾਸ਼ਨਾ ਕਾਂਡ ਹੋਇਆ ਕਰਦੈ ਤਰੱਕੀ ਕਰਨ ਵਾਸਤੇ। ਮਹਾਂਪੁਰਸ਼ਾਂ ਨੂੰ ਇਸ ਗੱਲ ਦਾ ਪਤਾ ਹੁੰਦੈ, ਉਸੇ ਤਰ੍ਹਾਂ ਦਾ ਉਪਦੇਸ਼, ਉਸੇ ਤਰ੍ਹਾਂ ਦਾ ਅਭਿਆਸ ਉਸ ਨੂੰ ਦਸਿਆ ਜਾਂਦੈ ਕਿ ਕਿਸ ਤਰ੍ਹਾਂ ਦੇ ਨਾਲ ਇਹ ਉਪਾਸ਼ਨਾ ਕਾਂਡ 'ਚੋਂ ਲੰਘ ਸਕਦੈ। ਤੀਸਰਾ ਹੋਇਆ ਕਰਦੈ ਜਿਹਨੂੰ ਯਥਾਰਥ ਕਹਿੰਦੇ ਨੇ। ਉਹ ਵੀ ਆਪਣਾ ਹੀ ਹੈ, ਉਹਦੇ ਵਿਚ ਜੋ ਬਚਨ ਹੁੰਦੈ, ਪਹਿਲੀਆਂ ਦੋ ਅਵਸਥਾ 'ਚੋਂ ਆਦਮੀ ਕਮਾ ਨਹੀਂ ਸਕਦਾ, ਕੇਵਲ ਦਿਮਾਗੀ ਤੌਰ 'ਤੇ ਸਮਝ ਤਾਂ ਲੈਂਦੈ, ਲੇਕਿਨ ਉਹਦੇ ਜੀਵਨ 'ਚ ਨਹੀਂ ਆਉਂਦਾ। ਜੀਵਨ 'ਚ ਵਰਤੋਂ ਨਹੀਂ ਉਹਦੀ ਕਰ ਸਕਦਾ।

ਸੋ ਤੀਸਰੇ ਜੋ ਉਤਮ ਗਤੀ ਦੇ ਜਗਿਆਸੂ ਹੁੰਦੇ ਨੇ, ਉਹਨਾਂ ਵਾਸਤੇ ਹੋਇਆ ਕਰਦੈ। ਚੌਥਾ ਜੋ ਉਪਦੇਸ਼ ਹੈ ਉਹ ਉਹਦੇ ਵਾਸਤੇ ਹੁੰਦੈ ਜਿਹਦਾ ਸਿਰਫ ਇਕ ਕਦਮ ਪੁੱਟਣ ਨੂੰ ਬਾਕੀ ਰਹਿ ਜਾਂਦੈ। ਉਹ ਨਦਰਿ ਤੋਂ ਬਗੈਰ ਨਹੀਂ ਪੁੱਟਿਆ ਜਾਂਦਾ -

*ਨਾਨਕ ਨਦਰੀ ਨਦਰਿ ਨਿਹਾਲ ॥* *ਅੰਗ- ੮*

ਉਥੇ ਰੁਕ ਜਾਂਦੈ ਜਗਿਆਸੂ। ਉਥੇ ਦਰਵਾਜ਼ਾ ਬਾਰ-ਬਾਰ ਖੜਕਾਉਣਾ ਪੈਂਦੈ, ਪ੍ਰਭੂ ਦਿਆਲ ਹੁੰਦੈ ਦਰਵਾਜ਼ਾ ਖੁਲ੍ਹ ਜਾਂਦੈ। ਸੋ ਇਹ ਸਾਰੀ ਸਾਇੰਟਿਫਿਕ ਹੈ ਸਾਧਸੰਗਤ ਜੀ।

ਸੋ ਇਹਦੇ ਵਿਚ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਸੇਵਾ ਕਰਾ ਰਹੇ ਨੇ ਕਿਉਂਕਿ ਸ੍ਰੀ ਗੁਰੂ ਨਾਨਕ ਪਾਤਸ਼ਾਹ ਵੇਲੇ ਤੋਂ ਹੀ ਹੁਕਮ ਸੀ ਕਿ ਜੋ ਅੰਮ੍ਰਿਤਸਰ ਹੈ ਅੱਜਕਲ੍ਹ ਦਾ, ਤੁੰਗ ਪਿੰਡ ਦੇ ਨੇੜੇ ਬੜਾ ਭਾਰਾ ਜੰਗਲ ਹੁੰਦਾ ਸੀ। ਉਸ ਜੰਗਲ 'ਚ ਆਪ ਬੈਠੇ ਸੀ, ਉਸ ਵੇਲੇ ਜੋ ਬਚਨ ਹੋਏ ਸੀ। ਕਹਿਣ ਲੱਗੇ ਕਿ ਆਹ ਥਾਂ ਆਬਾਦ ਹੋਣੈ, ਇਹ ਕਲਜੁਗ ਦਾ ਤੀਰਥ ਹੋਏਗਾ। ਬਾਕੀ ਜੋ ਤੀਰਥ

ਨੇ ਉਹਨਾਂ 'ਚ ਅਸ਼ੁੱਧੀਆਂ ਆ ਜਾਣੀਆਂ ਨੇ। ਇਥੇ ਨਾਮ ਬਾਣੀ ਹਰ ਵਕਤ ਚੱਲਣ ਕਰਕੇ ਪਵਿੱਤਰਤਾ ਰਹੇਗੀ। ਦੂਸਰੇ ਪਾਤਸ਼ਾਹ ਵੇਲੇ ਵੀ, ਤੀਸਰੇ ਪਾਤਸ਼ਾਹ ਮਹਾਰਾਜ ਨੂੰ ਕਿਹਾ, ਉਹਨਾਂ ਨੇ ਜਾ ਕੇ ਗੁਰੂ ਰਾਮਦਾਸ ਮਹਾਰਾਜ ਜੀ ਨੂੰ ਉਹ ਥਾਂ ਦਿਖਾਈ, ਉਥੇ ਬੈਠ ਕੇ ਕਾਫੀ ਥਾਂ ਪੁੱਟਿਆ ਵੀ, ਲੇਕਿਨ ਸਮਾਂ ਬੀਤਣ ਨਾਲ ਉਹ ਮੁੜ ਕੇ ਫੇਰ ਛੱਪਰੀ ਰਹਿ ਗਈ, ਨਿਸ਼ਾਨ ਮਿਟ ਗਏ, ਮੁੜ ਕੇ ਝਾੜੀਆਂ ਫੇਰ ਉੱਗ ਆਈਆਂ। ਗੁਰੂ ਚੌਥੇ ਮਹਾਰਾਜ ਨੇ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਨੂੰ ਹੁਕਮ ਦਿਤਾ ਕਿ ਇਹ ਤੀਰਥ ਪ੍ਰਗਟ ਕਰਨੈ। ਸੋ ਆਪ, ਉਸ ਸਮੇਂ ਦੇ ਅੰਦਰ ਉਥੇ ਜਦੋਂ ਬੜਾ ਭਾਰਾ ਜੰਗਲ ਹੁੰਦਾ, ਉਥੇ ਮਹਾਰਾਜ ਜੀ ਸਰੋਵਰ ਦੀ ਖੁਣਵਾਈ ਕਰ ਰਹੇ ਨੇ ਤੇ ਸੰਗਤਾਂ ਨੂੰ ਉਪਦੇਸ਼ ਦੇ ਰਹੇ ਨੇ ਬਹੁਤ ਜ਼ਬਰਦਸਤ ਕਿ ਪਿਆਰਿਓ! ਨਾਮ ਜਪਣ ਦੇ ਨਾਲ ਸੇਵਾ ਵੀ ਕਰੋ। ਸੇਵਾ ਕਰਨ ਦੇ ਨਾਲ - ***'ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ ॥'*** ਇਥੇ ਵੀ ਮਾਣ ਹੈ ਤੇ ਦਰਗਾਹ ਵਿਚ ਵੀ ਮਾਣ ਮਿਲਦੈ -

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ।*

ਸਿਮਰਨ ਤੇ ਸੇਵਾ ਉਸ ਤਰ੍ਹਾਂ ਨੇ ਜਿਵੇਂ ਇਕ ਹਵਾਈ ਜਹਾਜ਼ ਇਕ ਫੰਘ ਨਾਲ ਉਡ ਨਹੀਂ ਸਕਦਾ ਜਾਂ ਇਸ ਤਰ੍ਹਾਂ ਸਮਝ ਲਓ ਕਿ ਸਮਾਂ ਥੋੜ੍ਹਾ ਹੋਵੇ, ਕਿਸਾਨ ਨੇ ਫਸਲ ਬੀਜੀ ਹੋਈ ਹੈ, ਔੜ ਲੱਗੀ ਹੋਈ ਹੈ, ਧਾਨਾਂ ਦੀ ਫਸਲ ਹੈ, ਤ੍ਰੇੜਾਂ ਫਟ ਗਈਆਂ, ਪਾਣੀ ਦੇਣਾ ਚਾਹੁੰਦਾ ਹੈ। ਲੇਕਿਨ ਇਕ ਟਿਊਬਵੈੱਲ ਦਾ ਪਾਣੀ ਤ੍ਰੇੜਾਂ 'ਚ ਹੀ ਜਾਈ ਜਾਂਦੈ। ਕੁਛ ਨਹੀਂ ਕਰਦਾ। ਜਿਹਨਾਂ ਨੂੰ ਧਾਨ ਬੀਜਣ ਦਾ ਤਜਰਬਾ ਹੈ ਉਹਨਾਂ ਨੂੰ ਪਤਾ ਹੈ ਇਹਨਾਂ ਗੱਲਾਂ ਦਾ ਅੱਛੀ ਤਰ੍ਹਾਂ ਨਾਲ ਕਿ ਜੇ ਦੋ ਟਿਊਬਵੈੱਲ ਜੋੜ ਦਿਓ ਜਾਂ ਨਹਿਰ ਕੋਲ ਦੀ ਜਾਂਦੀ ਹੈ, ਉਹਦਾ ਮੋਘੇ ਦਾ ਪਾਣੀ, ਟਿਊਬਵੈੱਲ ਦਾ ਪਾਣੀ ਦੋਵੇਂ ਇਕੱਠੇ ਕਰ ਦਿਓ, ਫੇਰ ਧੱਕਾ ਮਾਰ ਕੇ ਸਾਰੀਆਂ ਤਰੇੜਾਂ ਨੂੰ ਢੱਕ ਲਿਆ ਕਰਦੈ। ਤਾਂ ਖੇਤ ਭਰਿਆ ਕਰਦੈ, ਨਹੀਂ ਤਾਂ ਭਰਿਆ ਨਹੀਂ ਕਰਦਾ। ਪਾਣੀ ਰਹਿੰਦਾ ਨਹੀਂ, ਜਦੇ ਸੁੱਕ ਜਾਂਦੈ। ਇਸੇ ਤਰ੍ਹਾਂ ਦੇ ਨਾਲ ਕਲਜੁਗ ਦੇ ਵਿਚ ਆਦਮੀ ਦੀ ਉਮਰ ਐਨੀ ਥੋੜ੍ਹੀ ਹੈ ਕਿ ਕੋਈ ਪਤਾ ਨਹੀਂ ਹੈ ਕਿ ਕਿਹੜੇ ਵੇਲੇ ਕਾਲ ਦਾ ਗੁਲੇਲਾ ਵੱਜ ਜਾਵੇ ਤੇ ਆਦਮੀ ਸੰਸਾਰ ਤੋਂ ਚਲਿਆ ਜਾਵੇ। ਮਹਾਰਾਜ ਕਹਿੰਦੇ-

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥*
*ਅੰਗ- ੨੫੪*

ਜਮ੍ਹਾਂ ਦੇ ਫੰਧੇ ਵਾਲਾ ਵੇਲਾ ਨਹੀਂ ਲਗਦਾ। ਅਖ਼ਬਾਰ ਚੁੱਕ ਲਓ, ਰੋਜ਼ ਹੀ ਦੇਖ ਲਓ ਐਨੇ ਮਰ ਗਏ, ਐਨੇ ਐਕਸੀਡੈਂਟ ਹੋ ਗਏ, ਐਨਾ ਆਹ ਹੋ ਗਿਆ, ਐਨਾ ਔਹ ਹੋ ਗਿਆ। ਇਥੇ ਰਹਿਣ ਦਾ ਥਾਂ ਨਹੀਂ ਸਾਧਸੰਗਤ ਜੀ! ਚਲੋ ਚੱਲੀ ਦਾ ਮੇਲਾ ਹੈ। ਬਿਲਕੁਲ ਇਸ ਨਿਸ਼ਚੇ ਦੇ ਨਾਲ ਆਦਮੀ ਨੂੰ ਪਹਿਲਾਂ ਹੀ ਮੰਨ ਲੈਣਾ ਚਾਹੀਦਾ ਹੈ ਕਿ ਸੰਸਾਰ 'ਚ ਰਹਿਣਾ ਨਹੀਂ।

*ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥*
*ਅੰਗ- ੪੭੩*

ਫੇਰ ਉਲਟੀਆਂ-ਫੁਲਟੀਆਂ ਗੱਲਾਂ ਕਰਨ ਦਾ ਕੀ ਫਾਇਦਾ ਹੈ, ਜਦ ਰਹਿਣਾ ਹੀ ਨਹੀਂ, ਇਥੋਂ ਚਲੇ ਜਾਣੈ। ਕੋਈ ਵੀ ਨਹੀਂ ਰਿਹਾ। ਐਸਾ ਫੁਰਮਾਨ ਹੈ -

*ਧਾਰਨਾ - ਇਥੇ ਰਿਹਾ ਨਾ ਜਗਤ ਉਤੇ ਕੋਈ,*
*ਵਾਰੀ ਆਈ ਤੁਰ ਜਾਵਣਾ।*
*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ*
*ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥*
*ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*

ਇਸ ਤਰ੍ਹਾਂ ਸਮੇਂ ਦਾ ਨਹੀਂ ਪਤਾ ਕੋਈ ਨਹੀਂ ਜਾਣਦਾ -

*ਕਾਲੁ ਅਹੇਰੀ ਫਿਰੈ ਬਧਿਕ ਜਿਉ*
*ਕਹਹੁ ਕਵਨ ਬਿਧਿ ਕੀਜੈ ॥ ਅੰਗ- ੬੯੨*

ਕਹਿੰਦੇ ਕਰੀਏ ਕੀ ਸ਼ਿਕਾਰੀ ਕਾਲ ਜਿਹੜਾ ਹੈ ਉਹ ਫਿਰ ਰਿਹੈ, ਪਤਾ ਨਹੀਂ ਕਿਹੜੇ ਵੇਲੇ ਗੁਲੇਲਾ ਮਾਰ ਦੇਵੇ।

ਸੋ ਜਦੋਂ ਪਤਾ ਹੀ ਨਹੀਂ ਹੈ ਕਿ ਸੰਸਾਰ ਤੋਂ ਕਦੋਂ ਜਾਣਾ ਹੈ। ਕੋਈ ਗਰੰਟੀ ਹੈ ਕਿ ਜ਼ਰੂਰ ਬੁਢਾਪੇ ਤੱਕ ਪਹੁੰਚਣੈ? ਮਹਾਰਾਜ ਕਹਿੰਦੇ, ਨਾ ਇਤਬਾਰ ਕਰ -

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥*
*ਅੰਗ- ੨੫੪*

ਫੇਰ ਤਾਂ ਬੜਾ ਸਮਾਂ ਸਾਨੂੰ ਬਚਾਣਾ ਪੈਣਾ ਹੈ ਸਾਰੇ ਕਾਰੋਬਾਰਾਂ 'ਚ। ਉਹ ਲਾਉਣੈ ਕਿ ਸਾਡੀ ਕਲਿਆਣ ਹੋ ਜਾਵੇ, ਭਜਨ ਬੰਦਗੀ ਕਰੀਏ। ਮਹਾਰਾਜ ਕਹਿੰਦੇ ਦੋ ਵਿੰਗ ਨੇ, ਡਬਲ ਕੰਮ ਸ਼ੁਰੂ ਕਰ ਲੈ। ਇਕ ਪਾਸੇ ਤੂੰ ਸੇਵਾ ਕਰ ਲੈ, ਇਕ ਪਾਸੇ ਸਿਮਰਨ ਕਰ ਲੈ। ਛੇਤੀ ਤੋਂ ਛੇਤੀ ਕਰ ਲੈ ਕਿਉਂਕਿ ਪਤਾ ਨਹੀਂ -

*ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ*
*ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥*
*ਅੰਗ- ੫੪੦*

'ਚਲਦਾ.......!'

# ਬਿਨੁ ਸਬਦੈ ਅੰਤਰਿ ਆਨੇਰਾ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ ਮਿਸ਼ਨ।*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛੁ ਨਾਹੀ-ਮੈਂ ਕਿਛੁ ਨਾਹੀ।*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ ੧ ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ ੧ ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥ ਅੰਗ- ੮੨੭*

*ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥*
*ਤ੍ਵਪ੍ਰਸਾਦਿ ਕਬਿੱਤ*

ਸਾਧਸੰਗਤ ਜੀ! ਚਿੱਤ ਬਿਰਤੀਆਂ ਨੂੰ ਇਕਾਗਰ ਕਰੋ। ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਕਰੋ। ਕੰਨਾਂ ਦੇ ਨਾਲ ਬਾਣੀ ਸਰਵਣ ਕਰਨੀ। ਜਿਹਭਾ ਦੇ ਨਾਲ ਬੋਲਣਾ, ਬੁੱਧੀ ਦੇ ਨਾਲ ਵਿਚਾਰ ਕਰਨਾ। ਹਿਰਦੇ 'ਚ ਧਾਰਨ ਕਰਕੇ ਜੀਵਨ ਨੂੰ ਉਸ ਤਰ੍ਹਾਂ ਚਲਾਉਣਾ, ਫਲ ਕਿੰਨਾ ਹੈ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ- ੫੪੬*

ਕਰੋੜਾਂ ਯੱਗਾਂ ਦਾ ਫਲ ਪ੍ਰਾਪਤ ਹੁੰਦੈ ਇਸ ਕਲਜੁਗ ਦੇ ਅੰਦਰ। ਬਾਕੀ ਜਿਹੜੇ ਫਲ ਨੇ, ਉਹਨਾਂ ਨੂੰ ਗਿਣਿਆ ਨਹੀਂ ਗਿਆ। ਤੀਰਥ ਕਰਨਾ, ਵੱਡੇ-ਵੱਡੇ ਔਖੇ-ਔਖੇ ਵਰਤ ਧਾਰਨ ਕਰਨੇ। ਭੀਸ਼ਮ ਪਿਤਾਮਾ ਨੇ ਇਕ ਵਰਤ ਧਾਰਨ ਕਰਿਆ ਸੀ ਕਿ ਮੈਂ ਸਾਰੀ ਜ਼ਿੰਦਗੀ ਬ੍ਰਹਮਚਾਰੀ ਰਹਾਂਗਾ। ਉਹਨੂੰ ਬ੍ਰਹਮਚਾਰੀਆਂ 'ਚ ਗਿਣਿਆ ਗਿਆ ਹੈ, ਜਤੀਆਂ 'ਚ ਗਿਣਿਆ ਗਿਆ ਹੈ। ਛੇ ਜਤੀ ਹੋਏ ਨੇ ਭਾਰਤ ਵਰਸ਼ ਦੀ ਜੋ ਕਲਚਰ ਹੈ, ਉਹਦੇ ਵਿਚ ਛੇ ਜਤੀ ਲਿਖੇ ਨੇ। ਉਹਨਾਂ ਵਿਚੋਂ ਇੱਕ ਇਹ ਸੀਗਾ। ਬੜਾ ਕਰੜਾ ਵਰਤ ਹੈ ਇਹ। ਤੀਰਥ ਕਰਨੇ। 68 ਤੀਰਥਾਂ ਦਾ ਇਸ਼ਨਾਨ ਕਰਨਾ। ਫੇਰ ਮੁੜ ਕੇ ਤੀਰਥ ਕਰਨੇ, ਫੇਰ ਮੁੜ ਕੇ ਤੀਰਥ ਕਰਨੇ। ਬੜੀ ਔਖੀ ਕਿਰਿਆ ਹੈ। ਦਾਨ ਕਰਨਾ, ਪੈਸੇ ਟਕੇ ਦਾ ਦਾਨ ਕਰਨਾ, ਅੰਨ ਦਾ ਦਾਨ ਕਰਨਾ, ਵਸਤਰਾਂ ਦਾ ਦਾਨ ਕਰਨਾ, ਭੂਮੀ ਦਾ ਦਾਨ ਕਰਨਾ, ਆਪਣੇ ਸਮੇਂ ਦਾ ਦਾਨ ਕਰਨਾ, ਅਨੇਕਾਂ ਕਿਸਮ ਦੇ ਦਾਨ ਕਰ ਰਿਹਾ ਹੈ, ਕੋਈ ਦਵਾਈਆਂ ਦਾ ਦਾਨ ਕਰ ਰਿਹਾ ਹੈ। ਕੋਈ ਹੋਰ ਕਿਸਮ ਦਾ, ਪੜ੍ਹਾਈ-ਲਿਖਾਈ ਦਾ ਟੀਚਰ ਦਾਨ ਕਰ ਰਿਹੈ। ਕਹਿੰਦੇ, ਜੇ ਉਹਦੇ ਮਨ ਵਿਚ ਇਹ ਆ ਜਾਵੇ ਕਿ 'ਮੈਂ' ਦਾਨ ਕਰਿਆ ਹੈ। ਸਭ ਕੁਛ ਕਰਨ ਤੋਂ ਬਾਅਦ ਇਕ ਜਜ਼ਬਾ ਉੱਠ ਖੜ੍ਹੇ ਕਿ ਮੈਂ ਦਾਨ ਕਰਿਆ ਹੈ।

ਗੱਲ ਸਮਝਣੀ ਚਾਹੀਦੀ ਹੈ ਗੁਰੂ ਸਾਹਿਬ ਦੀ, ਇਹ ਕੋਈ ਐਵੇਂ ਕਵਿਤਾਵਾਂ ਨਹੀਂ ਲਿਖੀਆਂ ਹੋਈਆਂ। ਇਹ ਨਿਰੋਲ ਸਤਿ 'ਤੇ ਅਧਾਰਿਤ -

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ ॥ ਅੰਗ- ੭੨੨*

ਇਹ ਇਸ ਤਰ੍ਹਾਂ ਨਹੀਂ ਹੈ ਕਿ ਆਹ ਗੁਰੂ ਨਾਨਕ ਸਾਹਿਬ ਦੀ ਬਾਣੀ ਹੈ, ਆਹ ਗੁਰੂ ਅੰਗਦ ਸਾਹਿਬ ਦੀ ਹੈ। ਕਈ ਪ੍ਰੇਮੀ ਇਸ ਤਰ੍ਹਾਂ ਨਾਲ ਕਹਿ ਦਿੰਦੇ ਨੇ। ਜਿਹਨਾਂ ਦੇ ਅੰਦਰ ਗਿਆਨ ਦੇ ਨੇਤਰ ਖੁਲ੍ਹੇ ਨੇ ਉਹ ਕਹਿੰਦੇ ਇਹ ਤਾਂ ਬਾਣੀ ਹੀ ਅਕਾਲ ਪੁਰਖ ਦੀ ਹੈ, ਚਾਹੇ ਪਹਿਲੇ ਸਰੀਰ 'ਚੋਂ ਆ ਗਈ, ਦੂਜੇ 'ਚੋਂ ਆ ਗਈ। ਲੇਕਿਨ ਗੁਰੂ ਜੋਤ ਇੱਕੋ ਹੀ ਹੈ। ਹੁਣ ਵੀ ਹੈਗੀ, ਪਹਿਲਾਂ ਵੀ ਹੈਗੀ। ਜਦੋਂ ਸੰਸਾਰ ਬਣਿਆ ਜਦ ਵੀ

ਸੀਗੀ। ਜਦੋਂ ਸੰਸਾਰ ਨਹੀਂ ਹੋਣਾ ਫੇਰ ਵੀ ਗੁਰੂ ਜੋਤ, ਅਕਾਲ ਪੁਰਖ ਦਾ ਆਪਣਾ ਹੀ ਇਕ ਕਰਿਸ਼ਮਾ ਗੁਰੂ ਜੋਤ ਹੋਇਆ ਕਰਦੈ। ਇਹ ਬਾਣੀ ਧੁਰ ਕੀ ਹੈ ਸੋ ਇਹਨੂੰ ਵਿਚਾਰ ਕੇ ਜਦੋਂ ਅਸੀਂ ਹਿਰਦੇ 'ਚ ਧਾਰਨ ਕਰਦੇ ਹਾਂ, ਕਰੋੜਾਂ ਯੱਗਾਂ ਦਾ ਫਲ ਹੁੰਦੈ। ਸੋ ਮਹਾਰਾਜ ਕਹਿੰਦੇ-

*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥*
*ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ ॥*
*ਅੰਗ- ੧੪੨੮*

ਹਉਮੈ ਦੇ ਦੋ ਅਰਥ ਨੇ। ਜਿੱਥੇ ਕੁ ਅਸੀਂ ਬੋਲਦੇ ਹਾਂ ਇਹ ਹੋਰ ਹੈ, ਜਿਹੜਾ ਇਹਦਾ ਅਸਲੀ ਅਰਥ ਹੈ ਇਹ ਹੋਰ ਹੈ। ਉਹ ਗੁਮਾਨ ਆ ਗਿਆ ਕਿ ਮੈਂ ਕਰਦਾ ਹਾਂ। ਮੈਂ ਐਨੇ ਤੀਰਥ ਕਰੇ। ਮੈਂ ਇਹੋ ਜਿਹਾ ਔਖਾ ਵਰਤ ਧਾਰਨ ਕਰਿਆ। ਵਰਤ ਧਾਰਨ ਕਰ ਲਿਆ ਕਿ ਮੈਂ ਸਾਰੀ ਜ਼ਿੰਦਗੀ ਜੁੱਤੀ ਨਹੀਂ ਪਾਉਣੀ। ਮਹਾਰਾਜ ਕਹਿੰਦੇ, ਕੀ ਧਾਰਨ ਕਰ ਲਿਆ, ਬਾਂਦਰਾਂ ਦੇ ਕੌਣ ਮੌਜੇ ਪਾਉਂਦੈ। ਬਲਦਾਂ ਦੇ ਕੌਣ ਮੌਜੇ ਪਾਉਂਦੈ। ਪਾਉਂਦੈ ਕੋਈ ਬੂਟ ਬਲਦਾਂ ਦੇ? ਭੇਡਾਂ ਦੇ ਕੌਣ ਪਾਉਂਦੈ, ਬੱਕਰੀਆਂ ਦੇ ਕੌਣ ਪਾਉਂਦੈ। ਜੰਗਲਾਂ 'ਚ ਜਿੰਨੇ ਵੀ ਜਾਨਵਰ ਫਿਰਦੇ ਨੇ ਕੀਹਦੇ ਬੂਟ ਪਾਏ ਹੋਏ ਨੇ? ਜੇ ਤੂੰ ਵੀ ਉਹਨਾਂ 'ਚ ਰਲ ਗਿਆ, ਤੂੰ ਕੀ ਕਰ ਦਿਤਾ, ਕੋਈ ਵਿਸ਼ੇਸ਼ ਬਾਤ ਹੋ ਗਈ? ਕਹਿੰਦੇ, ਇਹ ਬਾਂਦਰ ਨੇ ਜਿਹੜੇ ਇਹ ਸਦਾ ਹੀ ਨੰਗੇ ਪੈਰ ਫਿਰਦੇ ਰਹਿੰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਬਹੁਤ ਵਰਤ ਲਿਖਦੇ ਨੇ ਮਹਾਰਾਜ ਜੀ। ਔਖੇ-ਔਖੇ ਸਾਧਨ ਕਰ ਲਏ। -

*ਖੂਕ ਮਲਹਾਰੀ ਗਜ ਗਦਾਹਾ ਬਿਭੂਤ ਧਾਰੀ*
*ਗਿਦੂਆ ਮਸਾਨ ਬਾਸ ਕਰਿਓਈ ਕਰਤ ਹੈ। ਤ੍ਵਪ੍ਰਸਾਦਿ ਕਬਿੱਤ*

20 ਕਬਿੱਤ ਮਹਾਰਾਜ ਨੇ ਲਿਖੇ ਨੇ ਅਕਾਲ ਉਸਤਤ ਦੇ ਅੰਦਰ। ਜਿਹਨਾਂ ਦੇ ਵਿਚੋਂ ਬਹੁਤ ਸਾਰੇ ਆਦਮੀ ਦੇ ਜੋ ਨਿਰਾਰਥਕ ਕਰਮ ਨੇ ਉਹਨਾਂ ਬਾਰੇ ਲਿਖਿਆ ਹੈ। ਇਕ ਬੰਦਾ ਹੈ ਦੁੱਖ ਪਾ ਰਿਹੈ। ਕੰਡਿਆਂ ਦੀ ਸੇਜ ਬਣਾ ਲਈ ਉਹਨਾਂ 'ਤੇ ਪੈ ਗਿਆ। ਮਹਾਰਾਜ ਕਹਿੰਦੇ ਇਹਦੇ ਵਿਚ ਕੀ ਹੋ ਗਿਆ। ਤੇਰੇ ਨਾਲੋਂ ਤਾਂ ਜਿਹੜਾ ਘਾਇਲ ਹੋ ਗਿਆ ਉਹ ਜ਼ਿਆਦਾ ਦੁਖ ਸਹਿੰਦਾ ਹੈ -

*ਤਾਪ ਕੇ ਸਹੇ ਤੇ ਜੋ ਪੈ ਪਾਈਐ ਅਤਾਪ ਨਾਥ*
*ਤਾਪਨਾ ਅਨੇਕ ਤਨ ਘਾਇਲ ਸਹਤ ਹੈ।*

ਜੇ ਇਕ ਕੋਈ ਕਹੇ ਕਿ ਮੈਂ ਜਾਪ ਕਰੀ ਜਾਂਦਾ, ਦਿਨ ਰਾਤ ਮੈਂ ਟਿਕਦਾ ਹੀ ਨਹੀਂ।

ਜਾਪ ਕੇ ਕੀਏ ਤੇ ਜੋ ਪੈ ਪਾਯਤ ਅਜਾਪ ਦੇਵ
ਪੂਦਨਾ ਸਦੀਵ ਤੁਹੀ ਤੁਹੀ ਉਚਰਤ ਹੈ।

ਇਥੇ ਇਕ ਚਿੜੀ ਹੁੰਦੀ ਹੈ, ਤੂੰਹੀਂ-ਤੂੰਹੀਂ ਕਰੀ ਜਾਂਦੀ ਹੈ। ਕਹਿੰਦੇ ਜਦੋਂ ਤੱਕ ਅੰਦਰ ਗਿਆਨ ਨਹੀਂ ਆਇਆ -

*ਅੰਗਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ*
*ਏਕ ਗਿਆਨ ਕੇ ਬਿਹੀਨ ਛੀਨ ਕੈਸੇ ਕੈ ਤਰਤ ਹੈ।*

ਜੀਵਨ ਸਚਿਆਰ ਨਹੀਂ ਬਣਿਆ। ਉਹਨਾਂ ਵਿਚ ਦਸ ਤੂੰ ਕਿਵੇਂ ਤਰ ਜਾਵੇਂਗਾ? ਕੋਈ ਹੈ ਤਰੀਕਾ? ਤੇਰੇ ਸਾਮ੍ਹਣੇ ਕੋਈ ਨਿਸ਼ਾਨਾ ਤਾਂ ਹੈ ਨਹੀਂ। ਤੂੰ ਕਿਸੇ ਖਿਆਲ ਵਿਚ ਮਹਿਵ ਨਹੀਂ ਹੋਇਆ। ਤਰੇਂਗਾ ਕਿਵੇਂ?

ਇਕ ਮਿਸਾਲ ਦਿੰਦੇ ਨੇ, ਬੜੀ ਸੋਹਣੀ ਮਿਸਾਲ ਹੈ। ਇਸ਼ਕੇ ਮਿਜਾਜ਼ੀ ਹੁੰਦੈ, ਇਕ ਇਸ਼ਕੇ-ਹਕੀਕੀ ਹੁੰਦੈ। ਪਿਆਰ ਦੋਹਾਂ ਦਾ ਆਧਾਰ ਹੈ। ਇਕ ਪਿਆਰ ਜਿਹੜਾ ਹੈ ਉਹਦਾ ਹੱਦ ਬੰਨਾ ਹੁੰਦਾ ਹੈ, ਇਕ ਹੱਦ ਬੰਨੇ ਤੋਂ ਉਪਰ ਪਿਆਰ ਹੁੰਦੈ, ਜਿਹਨੂੰ ਇਸ਼ਕੇ-ਹਕੀਕੀ ਕਹਿੰਦੇ ਨੇ। ਇਸ਼ਕੇ ਮਜ਼ਾਜ਼ੀ ਹੁੰਦੈ ਕਿਸੇ ਸਰੀਰ ਦੇ ਨਾਲ ਪਿਆਰ ਕਰਨਾ। ਉਹਦੀ extreme (ਅਸੀਮ ਹੱਦ) ਹੁੰਦੀ ਹੈ ਕਿ ਉਹਦੇ ਵਿਚ ਗੁੰਮ ਹੋ ਜਾਣਾ, ਆਪਣਾ ਆਪਾ ਲੀਨ ਕਰ ਦੇਣਾ। ਆਪਣੇ ਆਪ ਨੂੰ ਸਮਝਣਾ ਨਾ ਕੁਛ ਵੀ।

ਇਥੇ ਮੈਂ ਥੋੜ੍ਹਾ ਜਿਹਾ ਫਰਕ ਦਸਦਾ ਹਾਂ। ਕਈ ਪ੍ਰੇਮੀ ਇਹ ਕਹਿੰਦੇ ਨੇ ਕਿ ਵਿਸਾਖੀ 'ਤੇ ਗੁਰੂ ਦਸਵੇਂ ਪਾਤਸ਼ਾਹ ਨੇ ਸ੍ਰੀ ਸਾਹਿਬ ਨੰਗੀ ਕਰਕੇ, ਬੜਾ ਭਿਆਨਕ ਰੂਪ ਧਾਰ ਕੇ ਘੁੰਮਾ ਕੇ ਉੱਚੀ ਆਵਾਜ਼ ਦਿਤੀ, ਪੂਰੇ ਗਲੇ ਨਾਲ ਕਿ ਕੋਈ ਹੈ? ਮੈਂ ਇਸ ਦੇਵੀ ਨੂੰ ਪ੍ਰਸੰਨ ਕਰਨੈ, ਭਗਉਤੀ ਨੂੰ, ਇਕ ਸੀਸ ਦੀ ਮੈਨੂੰ ਲੋੜ ਹੈ। ਸਾਰੇ ਹੀ ਇਤਿਹਾਸ ਮੈਂ ਦੇਖੇ ਨੇ ਜਿੰਨਿਆਂ ਨੇ ਵੀ ਲਿਖੇ ਨੇ, ਇਕ ਇਤਿਹਾਸ ਤੋਂ ਬਗੈਰ। ਉਹਨਾਂ 'ਚ ਇਹ ਲਿਖਿਆ ਹੋਇਐ ਕਿ ਸਨਾਟਾ ਛਾ ਗਿਆ। ਹੁਣ ਜਿਹੜਾ ਇਤਿਹਾਸਕਾਰ ਸਿੱਖ ਦੇ ਮਨੋਵਿਗਿਆਨ ਨੂੰ ਨਹੀਂ ਜਾਣਦਾ ਉਹ ਫੇਰ ਐਵੇਂ ਲਿਖਦੈ। ਪਤਾ ਨਹੀਂ ਹੈ ਕਿ ਸਿੱਖ ਕਿੱਥੇ ਰਹਿੰਦਾ ਹੈ? ਕੀ ਹੁੰਦਾ ਹੈ ਸਿੱਖ? ਨਾ ਪਤਾ ਹੋਣ ਕਰਕੇ ਬੁੱਧੀ ਦੇ ਹਨ੍ਹੇਰੇ ਵਿਚ ਟੋਹਾਂ ਲਾਉਂਦੈ। ਬੁੱਧੀ ਚਾਨਣਾ ਨਹੀਂ ਹੁੰਦੀ, ਹਨ੍ਹੇਰਾ ਹੋਇਆ ਕਰਦੀ ਹੈ। ਕਹਿੰਦੇ ਸਨਾਟਾ ਛਾ ਗਿਆ। ਦੂਜੀ ਵਾਰੀ ਫੇਰ ਕਿਹਾ ਗੁਰੂ ਸਾਹਿਬ ਨੇ ਕਿ ਹੈ ਕੋਈ ਸਿੱਖ, ਜਿਹੜਾ ਆਪਣਾ ਸੀਸ ਭੇਟਾ ਕਰੇ? ਕਹਿੰਦੇ ਉੱਚੀ ਗਰਦਨ ਨਹੀਂ ਕੋਈ ਕਰਦਾ, ਗੁਰੂ ਮਹਾਰਾਜ ਦੇ ਨੇਤਰਾਂ ਨਾਲ ਨੇਤਰ ਨਹੀਂ ਮਿਲਾਉਂਦਾ, ਨੀਵੀਆਂ ਹੀ ਪਾ ਲਈਆਂ ਸਾਰਿਆਂ ਨੇ। ਤੀਸਰੀ ਆਵਾਜ਼ ਮਹਾਰਾਜ ਜੀ ਨੇ ਦਿਤੀ, ਉਸ ਤੋਂ ਇਹ ਲਗਦਾ ਸੀ ਕਿ ਹੁਣ ਨਿਰਾਸ਼ਾ 'ਚ ਬੋਲ ਰਹੇ ਨੇ ਕਿ ਹੈ ਕੋਈ, ਸੰਗਤ 'ਚ ਕੋਈ ਸਿੱਖ ਨਹੀਂ ਜਿਹੜਾ ਆਪਣਾ

ਸੀਸ ਦੇ ਦੇਵੇ। ਫੇਰ ਕਹਿੰਦੇ, ਭਾਈ ਦਇਆ ਰਾਮ ਜੀ ਉੱਠੇ। ਇਤਿਹਾਸਕਾਰਾਂ ਦੀਆਂ ਬਾਤਾਂ ਨੇ, ਪਰ ਇਕ ਇਤਿਹਾਸ ਉਹ ਹੈ ਜਿਹੜਾ ਬੁੱਧੀ ਦੇ ਬਲ 'ਤੇ ਲਿਖਿਆ ਜਾਂਦੈ, ਇਕ ਉਹ ਹੈ ਜਿਹੜਾ ਗੁਰਮਤਿ ਦੇ ਚਾਨਣੇ 'ਚ ਲਿਖਿਆ ਜਾਂਦੈ। ਗੁਰਮਤਿ ਦੇ ਪ੍ਰਕਾਸ਼ ਵਿਚ ਇਹ ਗੱਲ ਨਹੀਂ ਆਉਂਦੀ। ਇਸ ਤੋਂ ਬਿਲਕੁਲ ਵਿਪਰੀਤ ਹੈ। ਕਿਉਂਕਿ ਦੋ ਸੌ ਸਾਲ ਦੀ ਸਿੱਖੀ ਹੋਵੇ ਤੇ ਸਿੱਖ ਗੁਰੂ ਤੋਂ ਕੁਰਬਾਨ ਹੁੰਦੇ ਹੋਣ ਤੇ ਉਹਨਾਂ ਦਾ ਪਿਆਰ ਹੋਵੇ ਗੁਰੂ ਦੇ ਨਾਲ ਤੇ ਪਿਆਰ ਬਾਰੇ ਪੜ੍ਹਦੇ ਹੋਣ ਕਿ ਪਿਆਰ ਕੀ ਹੁੰਦੈ ਤੇ ਫੇਰ ਐਨੀ ਕਮਜ਼ੋਰੀ? ਜਦੋਂ ਪਿਆਰ ਦਾ ਜ਼ਿਕਰ ਕਰਦੇ ਨੇ ਤਾਂ ਇਸ ਤਰ੍ਹਾਂ ਦੇ ਨਾਲ ਕਰਦੇ ਨੇ ਪੜ੍ਹੋ ਪਿਆਰ ਨਾਲ -

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*
*ਅੰਗ- ੭੦੮*

ਐਸਾ ਪਿਆਰ ਗੁਰੂ ਦਾ ਤੇ ਸਿੱਖ ਦਾ ਭਾਈ ਗੁਰਦਾਸ ਜੀ ਨੇ ਵਰਣਨ ਕਰਿਐ। ਕੋਈ ਕਾਲਪਨਿਕ ਗੱਲਾਂ ਨਹੀਂ। ਜਿਹੜਾ ਇਹਦੇ ਵਿਚ ਇਕ ਪੁਆਇੰਟ ਆਉਂਦੈ - ***'ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥'*** ਜਿਹੜਾ ਹਰਨ ਹੈ ਉਹ ਘੰਡੇਹੇੜੇ ਦਾ ਜੇ ਸ਼ਬਦ ਵਜਾ ਦੇਵੋ ਤਾਂ ਜਿਥੋਂ ਆਵਾਜ਼ ਆ ਰਹੀ ਹੈ ਸ਼ਿਕਾਰੀ ਪਾਸੋਂ, ਉਥੇ ਨੂੰ ਦੌੜ ਜਾਂਦਾ ਹੈ। ਸਾਮ੍ਹਣੇ ਜਾ ਕੇ ਲਿਟਣ ਲਗ ਜਾਂਦੈ, ਐਨਾ ਮਸਤ ਹੋ ਜਾਂਦੈ। ਉਹ ਸ਼ਿਕਾਰੀ ਉਹਨੂੰ ਫੜ ਲੈਂਦੈ, ਪਤਾ ਹੁੰਦੈ ਉਸ ਨੂੰ ਲੇਕਿਨ ਉਹ ਭੁੱਲ ਜਾਂਦੈ ਇਸ ਗੱਲ ਨੂੰ। ਕਹਿੰਦੇ, ਇਸ ਤਰ੍ਹਾਂ ਜਿਵੇਂ ਸਿੱਖ ਦੀ ਤੇ ਗੁਰੂ ਦੀ ਪ੍ਰੀਤੀ ਹੈ। ਸਿੱਖ ਬਣਦਾ ਹੀ ਤਾਂ ਹੈ ਜੇ ਆਪਣੇ ਕੋਲੋਂ ਸਭ ਕੁਛ ਗੁਰੂ ਨੂੰ ਦੇ ਦੇਵੇ। ਬਾਕੀ ਕੁਛ ਚੀਜ਼ ਨਾ ਰੱਖੇ। ਇਹਦੇ ਹੁਣ ਦੋ ਮਤਲਬ ਹੋ ਗਏ, ਇਕ ਤਾਂ ਇਹਦਾ negative point (ਨਕਾਰਾਤਮਕ ਨੁਕਤਾ) ਹੈ। ਉਹ ਇਹ ਹੈ ਕਿ ਦੋ ਸੌ ਸਾਲ 'ਚ ਕੋਈ ਸਿੱਖ ਬਣ ਨਹੀਂ ਸੀ ਸਕਿਆ। ਸਿੱਖੀ ਨੇ ਅਜੇ ਮੌਤ ਨੂੰ ਫਤਿਹ ਨਹੀਂ ਸੀ ਕੀਤਾ। ਮੌਤ ਪਾਰਲੇ ਜੀਵਨ ਨੂੰ ਕਿਸੇ ਸਿੱਖ ਨੇ ਜਾਣਿਆ ਨਹੀਂ ਸੀ। ਵਿਚਾਰ ਕਰਿਓ ਇਸ ਨੂੰ। ਇਹ ਜਿਹੜੀਆਂ ਚੀਜ਼ਾਂ ਉਹ ਜੋ ਕਹਿੰਦੇ ਨੇ ਕਿ ਪਹਿਲੀ ਆਵਾਜ਼, ਦੂਜੀ ਆਵਾਜ਼, ਤੀਜੀ ਆਵਾਜ਼, ਪੀਲੇ ਮੂੰਹ ਪੈ ਗਏ, ਡਰ ਗਏ ਸਾਰੇ, ਉਹ ਇਤਿਹਾਸ ਲਿਖਣ ਵਾਲਿਆਂ ਨੂੰ ਅਧਿਆਤਮਵਾਦ ਦਾ ਪਤਾ ਨਹੀਂ ਹੈ ਕਿ ਸਿੱਖ ਦਾ ਤੇ ਗੁਰੂ ਦਾ ਕਿੰਨਾ ਪਿਆਰ ਹੈ। ਸਿੱਖ ਆਪਣੇ ਕੋਲ ਕੁਛ ਨਹੀਂ ਰਖਦਾ, ਕੇਵਲ ਗੁਰੂ ਦੀ ਅਮਾਨਤ ਹੁੰਦੀ ਹੈ -

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ......॥ਅੰਗ - ੯੧੮*

ਜਿਵੇਂ ਆਹ ਕੋਠੀ ਮੈਂ ਕਿਸੇ ਮਹਾਂਪੁਰਸ਼ ਨੂੰ ਦਾਨ ਕਰ ਦਿਤੀ, ਫੇਰ ਤਾਂ ਮੇਰਾ ਹੱਕ ਨਹੀਂ ਇਸ ਉਪਰ, ਜਦ ਕਹਿਣ ਖਾਲੀ ਕਰ ਦਿਓ, ਖਾਲੀ ਕਰ ਦੇਵਾਂਗੇ ਉਸੇ ਵੇਲੇ। ਫੇਰ ਤਾਂ ਨਹੀਂ ਮੈਂ ਸੋਚਾਂ 'ਚ ਪੈਣਾ। ਮੈਂ ਕਹਾਂਗਾ, ਇਹ ਤਾਂ ਮਿਹਰਬਾਨੀ ਹੈ ਇਨ੍ਹਾਂ ਦੀ, ਬੜੇ ਦਿਨ ਇਹਨਾਂ ਨੇ ਗੁਜ਼ਾਰਾ ਕਰਾ ਦਿਤਾ, ਅੱਜ ਮਾਲਕ ਆ ਗਏ, ਆਪਣੀ ਚੀਜ਼ ਮੰਗ ਲਈ।

*ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥*
*ਪ੍ਰਭ ਕੀ ਆਗਿਆ ਮਾਨੈ ਮਾਥੈ ॥ ਅੰਗ- ੨੬੮*

ਸੋ ਜੇ ਇਕ ਹਰਨ ਸ਼ਬਦ ਦੇ ਨਾਲ ਬੇਧਿਆ ਹੋਇਆ, ਸਾਮ੍ਹਣੇ ਚਲੇ ਜਾਂਦੈ ਸ਼ਿਕਾਰੀ ਦੇ ਤੇ ਮਾਰਿਆ ਜਾਂਦੈ। ਫੇਰ ਗੁਰੂ ਦੇ ਪਿਆਰ ਵਿਚ ਸਿੱਖ ਜਿਹੜਾ ਬੇਧਿਆ ਹੋਇਐ, ਵਿੰਨ੍ਹਿਆ ਹੋਇਐ ਉਹ ਤਾਂ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦੈ ਕਿ ਮੈਨੂੰ ਆਵਾਜ਼ ਦਿਤੀ। ਫੇਰ ਨਹੀਂ ਇਹ ਕਮਜ਼ੋਰੀ ਆਉਂਦੀ। ਨਾਲੇ ਦੇਹ ਹੰਗਤਾ ਜਿਹਦੀ ਟੁੱਟ ਜਾਵੇ, ਉਹ ਮੁੜ ਕੇ ਦੇਹ ਨੂੰ ਨਹੀਂ ਪਿਆਰ ਕਰਿਆ ਕਰਦਾ। ਉਹ ਤਾਂ ਜਿਵੇਂ ਕਿਰਾਏ ਦੇ ਮਕਾਨ 'ਚ ਰਹਿੰਦੈ ਇਸ ਤਰ੍ਹਾਂ ਹੀ ਰਿਹਾ ਕਰਦੈ ਇਹਦੇ ਵਿਚ। ਗੱਲਾਂ ਸਮਝਣ ਵਾਲੀਆਂ ਨੇ। ਸੋ ਇਸੇ ਤਰ੍ਹਾਂ ਨਾਲ ਜਦੋਂ ਪਿਆਰ ਹੋ ਗਿਆ ਗੁਰੂ ਨਾਲ, ਫੇਰ ਗੁਰੂ ਦਾ ਹੀ ਹੋ ਜਾਇਆ ਕਰਦੈ। ਸੋ ਪਿਆਰ ਦੋਵੇਂ ਤਰ੍ਹਾਂ ਦਾ ਮੈਂ ਦਸਿਆ ਹੈ, ਇਕ ਇਸ਼ਕ-ਏ-ਹਕੀਕੀ ਹੈ, ਇਕ ਹੈ ਇਸ਼ਕ-ਏ-ਮਜਾਜ਼ੀ। ਇਸ਼ਕੇ-ਮਜਾਜ਼ੀ ਸਰੀਰ ਨਾਲ ਪਿਆਰ ਹੁੰਦੈ। ਹੋਰ ਵੀ ਬੜੇ ਪਿਆਰ ਨੇ ਕਿਰਤ ਨਾਲ ਵੀ ਹੋ ਸਕਦੈ। ਪਸ਼ੂਆਂ ਨਾਲ ਵੀ ਹੋ ਸਕਦੇ ਨੇ। ਲੇਕਿਨ ਹਮ ਜਿਨਸ, ਮਾਨਸ ਜਾਤ ਦਾ ਮਾਨਸ ਜਨਮ ਨਾਲ ਪਿਆਰ ਮਸ਼ਹੂਰ ਹੈ। ਪਿਆਰ ਦੇ ਵਿਚ ਲੀਨ ਹੋਈ-ਹੋਈ ਇਕ ਬੀਬੀ ਤੁਰੀ ਜਾ ਰਹੀ ਹੈ। ਨਮਾਜ਼ ਪੜ੍ਹ ਰਹੇ ਨੇ ਬਹੁਤ ਸਾਰੇ, ਇਕ ਕਾਫਲੇ 'ਚੋਂ ਸਰਦਾਰ ਉਤਰਿਆ, ਨਮਾਜ਼ ਪੜ੍ਹ ਰਿਹਾ ਸੀ। ਈਰਾਨ ਦੀ, ਸ਼ਹਿਰਾਜ਼ ਦੀ ਬਾਤ ਹੈ ਇਹ। ਉਹ ਆਪਣੇ 'ਚ ਮਸਤ ਹੋਈ-ਹੋਈ, ਖੋਈ ਹੋਈ, ਤੁਰੀ ਜਾ ਰਹੀ ਹੈ, ਨਮਾਜ਼ੀਆਂ ਦੇ ਅੱਗੇ ਦੀ ਲੰਘ ਗਈ। ਉਹਨਾਂ ਦੀ ਐਸੀ ਕੋਈ ਮਰਿਆਦਾ ਹੈ ਕਿ ਜੇ ਕੋਈ ਔਰਤ ਸਾਮ੍ਹਣੇ ਦੀ ਲੰਘ ਜਾਵੇ ਤਾਂ ਨਮਾਜ਼ ਕਜ਼ਾ ਹੋ ਜਾਂਦੀ ਹੈ। ਖੰਡਤ ਹੋ ਜਾਂਦੀ ਹੈ। ਸਾਡੇ ਨਾਲੋਂ ਇਕ ਦੋ ਗੱਲਾਂ 'ਚ ਉਹਨਾਂ 'ਚ ਜ਼ਿਆਦਾ ਵਿਸ਼ੇਸ਼ਤਾ ਹੈ। ਅਸੀਂ ਜਪੁਜੀ ਸਾਹਿਬ ਪੜ੍ਹਦੇ, ਸੁਖਮਨੀ ਸਾਹਿਬ ਪੜ੍ਹਦੇ ਕਈ ਵਾਰੀ ਬੱਚਿਆਂ ਨੂੰ ਗਾਲ੍ਹਾਂ ਵੀ ਕੱਢ ਦਿੰਦੇ ਹਾਂ।

ਇਕ ਪ੍ਰੇਮੀ ਸੀ। ਮੈਂ ਸਵੇਰੇ-ਸਵੇਰੇ ਚਲਿਆ ਗਿਆ, ਬੱਚੇ ਤੋਂ ਕੋਈ ਗਲਤੀ ਹੋ ਗਈ। ਗੁਟਕਾ ਦੂਹਰਾ ਕਰ

ਲਿਆ, ਗਾਲ੍ਹਾਂ ਕੱਢਣ ਲੱਗ ਗਿਆ। ਮੈਂ ਕਿਹਾ, ਓਏ ਤੂੰ ਤਾਂ ਬਾਣੀ ਪੜ੍ਹ ਰਿਹੈਂ। ਕਹਿੰਦਾ, ਬਾਣੀ ਆਪਣੇ ਥਾਉਂ ਹੈ, ਇਹ ਹੋਰ ਮਹਿਕਮਾ ਹੈ। ਅਸੀਂ ਨਹੀਂ ਦੇਖਦੇ। ਲੇਕਿਨ ਇਸਲਾਮ ਵਾਲਿਆਂ 'ਚ ਇਹ ਵੱਧ ਹੈ ਕਿ ਜਿਸ ਵਕਤ ਨਮਾਜ਼ ਪੜ੍ਹਨ ਲਗ ਗਏ, ਜਦੋਂ ਤਕ ਖਤਮ ਨਹੀਂ ਹੁੰਦੀ, ਓਨੀਂ ਦੇਰ ਤਕ ਨਹੀਂ ਉਹ ਬੋਲਦੇ, ਹੋਰ ਕੁਛ ਨਹੀਂ ਕਰਦੇ, ਚਾਹੇ ਉਹਨਾਂ ਦਾ ਸਾਰਾ ਹੀ ਸਮਾਨ ਚੁੱਕ ਕੇ ਲੈ ਜਾਓ।

ਸੋ ਜਦ ਤਾਂ ਕਿਸੇ ਨੇ ਬੀਬੀ ਬਾਰੇ ਗੱਲ ਨਾ ਕਰੀ। ਉਸ ਤੋਂ ਬਾਅਦ ਕਾਜ਼ੀ ਦੇ ਕੇਸ ਦਾਇਰ ਕਰ ਦਿਤਾ। ਮੁਕੱਦਮਾ ਹੋ ਗਿਆ। ਨਮਾਜ਼ ਕਜ਼ਾ ਕਰਨ ਦੀ ਸਜ਼ਾ ਮੌਤ ਹੋਇਆ ਕਰਦੀ ਹੈ। ਉਹ ਬੀਬੀ ਦੀ ਪੇਸ਼ੀ ਹੋਈ, ਕਹਿਣ ਲੱਗੀ, ਕਾਜ਼ੀ ਸਾਹਿਬ! ਮੈਨੂੰ ਮਰਨ ਤੋਂ ਤਾਂ ਕੋਈ ਡਰ ਨਹੀਂ ਲਗਦਾ। ਪਰ ਇਕ ਮੇਰੇ ਸਵਾਲ ਦਾ ਜਵਾਬ ਹੈ ਜੇ ਉਹ ਮਿਲ ਜਾਵੇ, ਤਾਂ ਮੇਰੀ ਤਸੱਲੀ ਹੋ ਜਾਵੇ। ਕਹਿਣ ਲੱਗੇ, ਉਹ ਕੀ ਹੈ? ਕਹਿਣ ਲੱਗੀ ਉਹ ਇਹ ਹੈ ਕਿ ਮੈਂ ਇਕ ਮਨੁੱਖ ਨੂੰ ਪਿਆਰ ਕਰਦੀ ਹਾਂ। ਮੇਰਾ ਜਿਹੜਾ ਇਸ਼ਕ ਹੈ ਉਹ ਮਜਾਜ਼ੀ ਹੈ, ਮੈਨੂੰ ਇਹ ਵੀ ਪਤਾ ਹੈ ਕਿ ਇਹ ਦਰਗਾਹ 'ਚ ਨਹੀਂ ਨਾਲ ਜਾਣਾ। ਦੁਨੀਆਂ 'ਚ ਜਿੰਨਾਂ ਚਿਰ ਹੈ ਉਸ ਪਿਆਰ ਦਾ ਨਸ਼ਾ ਮੈਨੂੰ ਰਹਿਣਾ ਹੈ। ਮੈਂ ਉਸ ਤੋਂ ਅਲਾਹਿਦਾ ਨਹੀਂ ਰਹਿ ਸਕਦੀ। ਸੋ ਮੈਂ ਉਸ ਦੇ ਖਿਆਲ ਵਿਚ ਖੋਈ ਹੋਈ ਸੀ। ਮੈਨੂੰ ਇਹ ਬਿਲਕੁਲ ਨਹੀਂ ਪਤਾ, ਮੇਰੇ ਆਲੇ-ਦੁਆਲੇ ਕੌਣ ਹੈ, ਕੀ ਹੋ ਰਿਹੈ। ਨਾ ਮੈਂ ਨਮਾਜ਼ੀਆਂ ਨੂੰ ਦੇਖਿਆ ਹੈ। ਨਾ ਮੈਨੂੰ ਇਹ ਪਤੈ ਕਿ ਕਿੱਥੇ ਨਮਾਜ਼ ਪੜ੍ਹਦੇ ਸੀ। ਇਹ ਤਾਂ ਹੈਗਾ ਮੇਰਾ ਪੱਖ। ਲੰਘ ਗਈ ਹੋਵਾਂਗੀ ਮੈਂ ਜ਼ਰੂਰ। ਕਿਉਂਕਿ ਐਨੇ ਬੰਦੇ ਝੂਠੇ ਨਹੀਂ ਹੋ ਸਕਦੇ। ਪਰ ਇਕ ਮੇਰਾ ਸਵਾਲ ਹੈ ਕਿ ਇਹ ਇਸ਼ਕੇ-ਹਕੀਕੀ ਵਿਚ ਅੱਲਾਹ ਤਾਲਾ ਵਲ ਇਹਨਾਂ ਦੀ ਸੁਰਤ ਗਈ ਹੋਈ ਸੀ। ਇਹ ਜੇ ਸੱਚਮੁੱਚ ਅੱਲਾਹ ਤਾਲਾ ਨਾਲ ਪਿਆਰ ਕਰਦੇ ਸੀ, ਇਹਨਾਂ ਨੂੰ ਕਿਵੇਂ ਪਤਾ ਲਗ ਗਿਆ ਕਿ ਮੈਂ ਇਹਨਾਂ ਦੇ ਸਾਮ੍ਹਣੇ ਦੀ ਲੰਘ ਰਹੀ ਹਾਂ। ਮੇਰਾ ਇਹ ਜਵਾਬ ਹੈ ਕਿ ਨਮਾਜ਼ੀ ਨਮਾਜ਼ ਨਹੀਂ ਸੀ ਪੜ੍ਹ ਰਹੇ। ਇਹਨਾਂ ਦਾ ਜਿਹੜਾ ਮਨ ਹੈ ਉਹ ਸਾਥ ਨਹੀਂ ਸੀ ਦੇ ਰਿਹਾ। ਕੇਵਲ ਅੱਖਰ ਪੜ੍ਹ ਰਹੇ ਸੀ। ਸੋ ਇਸ ਕਰਕੇ ਇਹ ਨੁਕਤਾ ਮੇਰਾ ਤੁਸੀਂ ਦੇਖ ਲਓ। ਕਾਜ਼ੀ ਸਿਆਣਾ ਸੀ ਉਹ ਕਹਿਣ ਲੱਗਿਆ, ਬਿਲਕੁਲ ਠੀਕ, ਜੇ ਨਮਾਜ਼ ਦਿਲ ਤੋਂ ਨਹੀਂ ਪੜ੍ਹੀ ਜਾ ਰਹੀ, ਮਨ ਸਾਥ ਨਹੀਂ ਦੇ ਰਿਹਾ ਤਾਂ ਨਮਾਜ਼ੀ ਕਾਹਦਾ ਹੈ। ਕੰਮ ਸਾਰਾ ਮਨ ਨਾਲ ਹੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ॥* *ਅੰਗ- ੩੪੨*

ਸੋ ਇਹ ਹੈ ਕਿ ਜਦੋਂ ਅਸੀਂ ਬਾਣੀ ਪੜ੍ਹਦੇ ਹਾਂ, ਬੰਦਗੀ ਕਰਦੇ ਹਾਂ ਉਸ ਵੇਲੇ ਸਾਡੀ ਸੁਰਤ ਇਕਾਗਰ ਹੋਣੀ ਚਾਹੀਦੀ ਹੈ। ਸਭ ਆਲਾ-ਦੁਆਲਾ ਸਾਨੂੰ ਭੁੱਲ ਜਾਣਾ ਚਾਹੀਦਾ ਹੈ। ਕੇਵਲ ਧੇਅ ਸਾਡੇ ਸਾਮ੍ਹਣੇ ਹੋਣਾ ਚਾਹੀਦਾ ਹੈ। ਫੇਰ ਇਹ ਕੀਰਤਨ ਸਮਾਧੀ ਰੂਪ ਹੋ ਕੇ ਫਲ ਦਿੰਦੈ-

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - ੫੪੬*

ਕਈ ਕਰੋੜ ਯੱਗਾਂ ਦਾ ਫਲ ਮਿਲਦੈ ਜਿਹੜੇ ਸੁਣਦੇ ਨੇ ਤੇ ਫੇਰ ਗਾਉਂਦੇ ਨੇ। ਸੋ ਇਸ ਕਰਕੇ ਮੈਂ ਬੇਨਤੀ ਕਰੀ ਸੀ ਕਿ 'ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥ ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ ॥ '

ਗੁਰੂ ਮਹਾਰਾਜ ਨੂੰ ਪੁੱਛਿਆ ਕਿ ਮਹਾਰਾਜ! ਕਲਜੁਗ 'ਚ ਕੋਈ ਐਸਾ ਪੁੰਨ ਹੈ ਜਿਹੜਾ ਨਾਸ਼ ਨਾ ਹੋਵੇ। ਮਹਾਰਾਜ ਕਹਿੰਦੇ, ਇਕੋ ਇਕ ਹੈ -

*ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥ ਅੰਗ- ੯੬੨*

ਇਹ ਪੁੰਨ ਨਾਸ਼ ਨਹੀਂ ਹੁੰਦਾ ਤੇ ਇਹਦਾ ਫਲ ਕਿੰਨਾ ਹੈ -

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥* *ਅੰਗ- ੧੦੭੬*

ਕਿੱਡਾ ਵੱਡਾ ਫਲ ਹੈ। ਸੋ ਆਪ ਸਾਰੇ ਕਾਰੋਬਾਰ ਸੰਕੋਚਦੇ ਹੋਏ ਇਥੇ ਪਹੁੰਚੇ ਹੋਂ। ਪਿਛਲੀ ਵਾਰੀ ਮੈਂ ਕਾਫੀ ਬੇਨਤੀਆਂ ਕੀਤੀਆਂ ਸੀ। ਉਹਦੇ ਵਿਚ ਇਕ ਯੋਗੀ ਦਾ ਹਵਾਲਾ ਦਿਤਾ ਸੀ ਕਿ ਜਦੋਂ ਦਰਬਾਰ ਸਾਹਿਬ ਦੀ ਰਚਨਾ ਹੋ ਰਹੀ ਸੀ, ਅੰਮ੍ਰਿਤ ਸਰੋਵਰ ਦੀ ਤਾਂ ਕੋਲ ਹੀ ਇਕ ਸਰੋਵਰ ਸੀ ਸੰਤੋਖਸਰ। ਉਹਦੇ ਵਿਚੋਂ ਇਕ ਮੱਠ ਵਿਚੋਂ ਇਕ ਯੋਗੀ ਨਿਕਲਿਆ। ਉਸ ਦੇ ਜਦੋਂ ਮਹਾਰਾਜ ਨੇ ਕਸਤੂਰੀ ਵਗੈਰਾ ਮਲੀ, ਬਦਾਮ ਰੋਗਨ ਵਗੈਰਾ ਝਸਾਇਆ ਉਸ ਦੇ, ਪੈਰਾਂ ਵਿਚ ਤੇ ਤਾਲੂਏ ਵਿਚ। ਦਸਵੇਂ ਦੁਆਰ ਦੇ ਥਾਂ ਉਤੇ, ਤਾਂ ਉਸ ਵੇਲੇ ਇਹਨੂੰ ਹੋਸ਼ ਆ ਗਈ। ਪ੍ਰਾਣ ਜਿਹੜੇ ਰੋਕੇ ਹੋਏ ਸੀ ਉਹ ਸਰੀਰ ਵਿਚ ਚਲ ਪਏ। ਪ੍ਰਾਣਾਯਾਮ ਦੇ ਨਾਲ ਆਦਮੀ ਲੱਖ ਸਾਲ, ਦਸ ਲੱਖ ਸਾਲ ਰਹਿ ਸਕਦੈ। ਕੋਈ ਔਖੀ ਬਾਤ ਨਹੀਂ ਹੈ। ਡੱਡੂ ਜਿਹੜਾ ਹੈ ਇਹ ਸਵਾਸ ਰੋਕ ਲੈਂਦੈ, ਰਿੱਛ ਜਿਹੜਾ ਹੈ ਜਦੋਂ ਬਰਫਾਂ ਪੈਣ ਲਗਦੀਆਂ ਨੇ ਉਹ ਸਵਾਸ ਰੋਕ ਕੇ ਲੰਮਾ ਪੈ ਜਾਂਦੈ। ਛੇ ਮਹੀਨੇ ਤੋਂ ਬਾਅਦ ਸੁਰਤ ਉਤਾਰਦੈ

ਜਦੋਂ ਬਰਫਾਂ ਢਲ ਜਾਂਦੀਆਂ ਨੇ। ਸੋ ਇਸੇ ਤਰ੍ਹਾਂ ਬੇਅੰਤ ਨੇ ਐਸੇ ਜੀਵ। ਅਮਰੀਕਾ 'ਚ ਮੈਂ ਦੇਖਿਆ ਸੀ, ਉਹ ਦਿਖਾ ਰਹੇ ਸੀ ਕਿ ਇਹ ਖੁਰਾਕ ਇਕੱਠੀ ਕਰ ਰਹੇ ਨੇ, ਇਹਨਾਂ ਨੂੰ ਇਹ ਪਤੈ ਕਿ ਹੁਣ ਬਰਫਾਂ ਪੈਣੀਆਂ ਨੇ ਤੇ ਖੁਰਾਕ ਦੱਬ ਦੇਈਏ। ਬਰਫਾਂ 'ਚ ਦੱਬ ਰਹੇ ਸੀ ਟੋਲ੍ਹ-ਟੋਲ ਕੇ। ਉਸ ਤੋਂ ਸੁਰੱਖਿਸ਼ਤ ਥਾਂ ਕਰਕੇ ਟਾਹਣੀਆਂ ਵਗੈਰਾ ਇਕੱਠੀਆਂ ਕਰਕੇ ਉਹਦੇ ਥੱਲੇ ਪੈ ਗਏ। ਸੁਰਤ ਖਿੱਚ ਲਈ, ਸਵਾਸ ਰੋਕ ਲਏ। ਤਿੰਨ ਚਾਰ-ਛੇ ਮਹੀਨੇ ਤੋਂ ਬਾਅਦ ਜਦੋਂ ਬਰਫ ਢਲੀ, ਉਹ ਥਾਉਂ ਉਹਨਾਂ ਨੂੰ ਪਤੈ ਕਿ ਜਿੱਥੇ ਅਸੀਂ ਚੀਜ਼ਾਂ ਦੱਬੀਆਂ ਨੇ, ਆਪਣੀ-ਆਪਣੀ ਖੁਰਾਕ ਕੱਢ ਕੇ ਫੇਰ ਖਾਣ ਲੱਗ ਗਏ। ਉਹ ਇਕ ਤਰ੍ਹਾਂ ਦੀ ਸਮਾਧੀ ਹੋਇਆ ਕਰਦੀ ਹੈ। ਸੁੰਨ ਹੋਇਆ ਕਰਦੀ ਹੈ ਉਹਦੇ ਵਿਚ ਜਾਨ ਤਾਂ ਹੋਇਆ ਕਰਦੀ ਹੈ। ਲੇਕਿਨ ਕੋਈ ਵਲਵਲਾ ਨਹੀਂ ਹੋਇਆ ਕਰਦਾ, ਇਕ ਸਰੀਰਕ ਕ੍ਰਿਆ ਹੈ। ਉਹ ਸਰੀਰਕ ਕਿਰਿਆ ਦੇ ਤਹਿਤ, ਕਹਿਣ ਲੱਗਿਆ ਕਿ ਕਿਹੜਾ ਯੁੱਗ ਹੈ?

ਉਸ ਦਿਨ ਮੈਂ ਬੇਨਤੀ ਕਰੀ ਸੀ ਕਿ ਯੋਗੀਆਂ ਨੂੰ ਬੋਲੀ ਦੀ ਮੁਸ਼ਕਲ ਨਹੀਂ ਹੋਇਆ ਕਰਦੀ। ਸਰਬ ਯੋਗ ਹੁੰਦੈ, ਉਹਦੇ ਵਿਚ ਕਿਸੇ ਤਰ੍ਹਾਂ ਦੀ ਵੀ ਬੋਲੀ, ਪੜ੍ਹਾਈ ਜੋ ਹੈ ਪੜ੍ਹ ਲੈਂਦੈ ਬੰਦਾ, ਬਗੈਰ ਪੜ੍ਹਾਉਣ ਤੋਂ, ਕਿਉਂਕਿ ਸਭ ਪੜ੍ਹਾਈਆਂ ਅੰਦਰ ਪਈਆਂ ਨੇ। ਇਸੇ ਕਰਕੇ ਭਾਈ ਗੁਰਦਾਸ ਜੀ ਨੇ ਲਿਖਿਆ ਕਿ ਗੁਰੂ ਨਾਨਕ ਪਾਤਸ਼ਾਹ ਜਿਥੇ ਤਕ ਆਬਾਦੀ ਸੀ ਉਥੇ ਤਕ ਗਏ। ਸਾਡੇ ਜਿਹੜੇ ਹਿਸਾਬ-ਕਿਤਾਬ ਜੋੜਨ ਵਾਲੇ ਨੇ ਕਿ ਇਥੇ ਕੁ ਤਕ ਗੁਰੂ ਨਾਨਕ ਸਾਹਿਬ ਜੀ ਦੀ ਬੋਲੀ ਆ ਜਾਣੀ ਹੈ ਸਮਝ ਆ ਜਾਣੀ ਹੈ। ਫਾਰਸੀ ਪੜ੍ਹੇ ਹੋਏ ਸੀ, ਅਰਬੀ ਵੀ ਪੜ੍ਹੇ ਹੋਏ ਨੇ, ਲੰਕਾ ਤੱਕ ਤੇ ਏਧਰਲੇ ਪਾਸੇ ਬ੍ਰਮਾ ਤਕ ਕਰ ਦਿਤਾ। ਤਿੱਬਤ ਚਾਇਨਾ ਤਕ ਥੋੜ੍ਹਾ ਜਿਹਾ ਕਰ ਦਿਤਾ। ਭਾਈ ਗੁਰਦਾਸ ਜੀ ਜਿਹੜੇ ਥੋੜ੍ਹੇ ਸਮੇਂ ਬਾਅਦ ਨਾਲ ਹੀ ਹੋਏ ਨੇ ਉਹਨਾਂ ਨੇ ਕਿਹੈ ਕਿ ਬਾਬਾ ਉਥੇ ਤਕ ਗਿਆ, ਜਿੱਥੇ ਤਕ ਸ੍ਰਿਸ਼ਟੀ ਸੀ। ਉਥੇ ਤਕ ਜਾ ਕੇ ਉਹਨਾਂ ਨੂੰ ਸਮਝਾਉਣਾ ਕੀਤਾ। ਉਹ ਅਸੀਂ ਨਹੀਂ ਲਿਖ ਸਕੇ, ਸਾਡੀ ਭੁੱਲ ਹੈ। ਕਿਉਂਕਿ ਮਹਾਂਪੁਰਸ਼ ਤਾਂ ਆਪਣੀਆਂ ਗੱਲਾਂ ਨਹੀਂ ਲਿਖਦੇ ਹੁੰਦੇ। ਹੋਰ ਲਿਖਦੇ ਹੁੰਦੇ ਨੇ। ਉਹਦੇ ਵਿਚ ਗੁਰੂ ਮਹਾਰਾਜ ਜੀ ਨੇ ਉਪਦੇਸ਼ ਦਿਤਾ ਸਾਰਿਆਂ ਨੂੰ।

ਸੋ ਇਹ ਯੋਗੀ ਇਹਨੂੰ ਬੋਲੀ ਦੀ ਕੋਈ ਮੁਸ਼ਕਲ ਨਹੀਂ ਸੀ। ਸਾਡੇ ਮਨ 'ਚ ਇਹ ਸ਼ੰਕਾ ਉੱਠ ਖੜ੍ਹਦੈ ਇਹ ਗੱਲ ਸੁਣਦੇ ਸਾਰ ਕਿ ਉਹਨੂੰ ਬੈਠੇ ਨੂੰ ਕਿੰਨਾ ਚਿਰ ਹੋ ਗਿਆ? ਉਹਨੇ ਕਿਹਾ ਕਿ ਮੈਂ ਉੱਚਾ ਥਾਉਂ ਦੇਖ ਕੇ ਮੱਠ ਬਣਾਇਆ ਸੀ। ਉਸ ਥਾਂ 'ਚ ਐਨਾ ਪਰਿਵਰਤਨ ਆਇਆ ਕਿ ਧਰਤੀ ਤੋਂ ਵੀ ਸੱਤ-ਅੱਠ ਫੁੱਟ ਗਹਿਰਾ ਤਾਂ ਉਹਦਾ ਸਿਰ ਸੀਗਾ, ਉਪਰਲੀ ਚੋਟੀ ਸੀਗੀ ਮੱਠ ਦੀ। ਉਸ ਥਾਂ ਗੁਰੂ ਮਹਾਰਾਜ ਨੇ ਕਿਹਾ ਇਹਦੇ ਆਲੇ-ਦੁਆਲੇ ਤੋਂ ਫਰੋਲੋ। 10-10 ਫੁੱਟ ਆਲੇ ਦੁਆਲੇ ਤੋਂ ਜਗ੍ਹਾਂ ਖਾਲੀ ਕਰੋ। ਮੱਠ ਦੀ ਸਾਰੀ ਜਗ੍ਹਾ ਖਾਲੀ ਕੀਤੀ ਗਈ। ਹੇਠਾਂ ਜਾ ਕੇ ਦਰਵਾਜ਼ਾ ਆਇਆ, ਉਹ ਚਿਣਿਆ ਹੋਇਆ ਸੀ। ਉਹ ਖੋਲ੍ਹ ਕੇ ਯੋਗੀ ਨੂੰ ਬਾਹਰ ਕੱਢਿਆ। ਹੁਣ ਐਨੀ ਮਿੱਟੀ, ਜੇ ਅਸੀਂ ਮੋਟਾ ਜਿਹਾ ਵੀ ਹਿਸਾਬ ਲਾਈਏ, ਤਾਂ 15-16 ਫੁੱਟ ਮਿੱਟੀ ਉਪਰ ਆ ਚੁੱਕੀ ਸੀ। ਉਹ ਉੱਚਾ ਥਾਉਂ ਕਿੰਨਾ ਕੁ ਸੀ, ਪਾਣੀ ਥੱਲੇ ਵਗਦਾ ਸੀ, ਜਦ ਵੀ 10-20 ਫੁੱਟ ਉੱਚਾ ਦੇਖ ਕੇ ਬੈਠਿਆ ਹੋਣੈ। 30 ਫੁੱਟ ਦੇ ਕਰੀਬ ਉੱਚੀ ਮਿੱਟੀ ਫੈਲ ਗਈ ਸੀ ਉਹਦੇ ਉੱਤੇ ਤੇ ਗੁਰੂ ਮਹਾਰਾਜ ਜੀ ਨੇ ਜਿਸ ਵਕਤ ਉਸ ਨੂੰ ਕੱਢਿਆ ਤਾਂ ਪਹਿਲਾ ਸਵਾਲ ਉਸਦਾ ਇਹ ਸੀ ਕਿ ਯੁੱਗ ਕਿਹੜਾ ਆ ਗਿਆ?

ਕਹਿਣ ਲੱਗੇ, ਕਲਜੁਗ।

ਪਹਿਰਾ ਕੀਹਦਾ ਹੈ?

ਕਹਿਣ ਲੱਗੇ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਪਹਿਰਾ ਹੈ। ਗੁਰੂ ਨਾਨਕ ਪਾਤਸ਼ਾਹ ਗੁਰੂ ਅੰਗਦ ਸਾਹਿਬ ਦੇ ਰੂਪ 'ਚ ਪ੍ਰਗਟ ਹੋ ਗਏ, ਗੁਰੂ ਅੰਗਦ ਸਾਹਿਬ ਗੁਰੂ ਅਮਰਦਾਸ ਜੀ ਦੇ ਤੇ ਗੁਰੂ ਰਾਮਦਾਸ ਜੀ ਦੇ ਇਸ ਵੇਲੇ ਜਿਹੜਾ ਸਰੀਰ ਸਾਮ੍ਹਣੇ ਹੈ। ਉਹ ਗੁਰੂ ਨਾਨਕ ਸਾਹਿਬ ਦਾ ਪੰਜਵਾਂ ਸਰੀਰ ਗੁਰੂ ਅਰਜਨ ਪਾਤਸ਼ਾਹ ਜੀ ਦੇ ਨਾਮ ਨਾਲ ਹੈ। ਜੋ ਸੰਸਾਰ ਨੂੰ ਤਾਰ ਰਹੇ ਹਨ।

ਮਹਾਰਾਜ ਜੀ ਬੈਠੇ ਨੇ। ਉਸ ਵੇਲੇ ਉਸ ਨੇ ਨਮਸ਼ਕਾਰ ਕੀਤੀ। ਕਹਿਣ ਲੱਗਿਆ, ਧੰਨ ਹੋ ਗੁਰੂ ਮਹਾਰਾਜ। ਸਵਾਲ ਹੋਇਆ ਕਿ ਯੋਗੀ ਰਾਜ ਤੂੰ ਇਥੇ ਕਦੋਂ ਬੈਠਿਆ ਸੀ?

ਕਹਿਣ ਲੱਗੇ, ਇਥੇ ਲਵ ਤੇ ਕੁਸ਼ ਦਾ ਯੁੱਧ ਹੋਇਆ ਸੀ, ਸ੍ਰੀ ਰਾਮ ਚੰਦਰ ਜੀ ਨਾਲ। ਜਦੋਂ ਮੁਰਛਿਤ ਹੋ ਗਈਆਂ ਫੌਜਾਂ, ਮਾਰੀਆਂ ਗਈਆਂ। ਉਸ ਵੇਲੇ ਉਹਨਾਂ ਜਾ ਕੇ ਸਵਰਗ ਲੋਕਾਂ ਨੂੰ ਅੰਮ੍ਰਿਤ ਪ੍ਰਾਪਤ ਕਰਿਆ ਤੇ ਸਾਰੀ ਫੌਜ ਜੀਵਤ ਕਰ ਦਿਤੀ।

ਜੇ ਤਾਂ ਅਸੀਂ ਇਹਨੂੰ ਮਿੱਥ ਕਹੀਏ ਤਾਂ, ਤਾਂ ਝਗੜਾ ਹੀ ਖਤਮ ਹੈ। ਨਾ ਗੱਲ ਕਰੀਏ, ਨਾ ਆਗਾਂਹਾਂ ਸੋਚੀਏ। ਲੇਕਿਨ ਅਸੀਂ ਲੋਕ ਮਿੱਥ ਨਹੀਂ ਕਹਿੰਦੇ ਕਿਉਂਕਿ ਸਾਡੇ ਬਜ਼ੁਰਗਾਂ ਨਾਲ ਸਬੰਧ ਹੈ ਇਹਦਾ। ਦੂਜੇ ਕਹਿ ਦੇਣ ਤਾਂ ਕਹਿ ਦੇਣ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ ਜਦੋਂ

ਆਪਣਾ ਸਜਰਾ ਮੱਸ਼ਫ ਲਿਖਿਐ ਬਚਿੱਤਰ ਨਾਟਕ 'ਚ ਉਹ ਰਾਮ ਚੰਦਰ ਜੀ ਤੋਂ ਸ਼ੁਰੂ ਕਰਦੇ ਨੇ। ਲਵ ਤੇ ਕੁਸ਼ ਦਾ ਯੁੱਧ ਲਿਖਾ ਕੇ, ਲਾਹੌਰ ਤੇ ਕਸੂਰ ਵਸਾਉਣਾ ਮਹਾਰਾਜ ਨੇ ਲਿਖਿਐ। ਉਹਨਾਂ ਨੇ ਨਾਲ ਇਹ ਲਿਖਿਐ ਕਿ ਇਹ ਸਾਰੀਆਂ ਚੀਜ਼ਾਂ ਮੈਂ ਸਿਮ੍ਰਿਤੀ ਤੋਂ ਬੋਲ ਰਿਹਾ ਹਾਂ। ਇਹਦੇ ਉਤੇ ਅਸੀਂ ਹੈਰਾਨ ਹੁੰਦੇ ਹਾਂ ਕਿ ਇਹ ਵੀ ਕੋਈ ਵਿਦਿਆ ਹੈ ਸਿਮ੍ਰਿਤੀ। ਉਹ ਇਹ ਹੈ ਕਿ ਸਮਰੱਥ ਪੁਰਸ਼ ਜੋ ਹੋਇਆ ਕਰਦੇ ਨੇ, ਉਹਨਾਂ 'ਤੇ ਸਮੇਂ ਦੀ ਬੰਧਸ਼ ਨਹੀਂ ਹੋਇਆ ਕਰਦਾ। ਉਹ ਚਾਹੇ 10 ਹਜ਼ਾਰ ਸਾਲ ਪੁਰਾਣਾ ਸਮਾਂ ਖਿੱਚ ਕੇ ਦੇਖ ਲੈਣ। ਜਿਵੇਂ ਅਸੀਂ ਵੀਡੀਓ ਫਿਲਮ ਨੂੰ ਪਿੱਛੇ ਕਰ ਦੇਈਏ, ਤਾਂ ਉਹੀ ਆਏਗਾ ਜਿਹੜਾ ਪਹਿਲਾਂ ਲੰਘ ਚੁੱਕਿਐ। ਉਹ ਸਮਾਂ ਖਿੱਚ ਲੈਂਦੇ ਨੇ। ਉਹਨਾਂ ਨੂੰ ਤ੍ਰਿਕਾਲਦਰਸ਼ੀ ਕਹਿੰਦੇ ਨੇ। ਤ੍ਰਿਕਾਲਦਰਸ਼ੀ ਦਾ ਮਤਲਬ ਇਹੀ ਹੁੰਦੈ ਕਿ ਉਹ ਭੂਤ ਵਿਚ ਵੀ ਤੇ ਭਵਿੱਖਤ ਵਿਚ ਵੀ ਝਾਤੀ ਮਾਰ ਸਕਦੇ ਨੇ। ਗੁਰੂ ਸਾਹਿਬ ਨੇ ਸਮੇਂ ਨੂੰ ਪਿੱਛੇ ਕਰ ਲਿਆ। ਬਚਿੱਤ੍ਰ ਨਾਟਕ ਦੀ ਜਦੋਂ ਰਚਨਾ ਕਰੀ ਤਾਂ ਮਹਾਰਾਜ ਸਾਮ੍ਹਣੇ ਦੇਖੀ ਜਾਂਦੇ ਨੇ ਤੇ ਲਿਖੀ ਜਾਂਦੇ ਨੇ। ਫੇਰ ਅਖੀਰ ਉਹਨਾਂ ਨੇ ਇਹ ਲਿਖਿਆ ਕਿ ਜੇ ਮੈਂ ਸਾਰਾ ਲਿਖਿਆ ਗ੍ਰੰਥ ਐਨਾ ਵਧ ਜਾਏਗਾ ਸਜਰਾ ਨਸ਼ਰ ਏ ਚੱਲਣੈ। ਦੂਜਾ ਕਹਿੰਦੇ ਨੇ ਕਿ ਜਿੰਨੀ-ਜਿੰਨੀ ਸਾਨੂੰ ਸੁੱਧ ਆਈ, ਉਹ ਅਸੀਂ ਲਿਖਦੇ ਚਲੇ ਜਾਂਦੇ ਹਾਂ। ਸੁੱਧ ਆਈ ਹੈ, ਇਹ ਨਹੀਂ ਲਿਖਿਆ ਕਿ ਫਲਾਣੇ ਗ੍ਰੰਥ 'ਚੋਂ ਅਸੀਂ ਪੜ੍ਹਿਆ ਹੈ। ਜਿੱਥੇ ਗ੍ਰੰਥ 'ਚੋਂ ਪੜ੍ਹਿਐ, ਉਥੇ ਗੁਰੂ ਮਹਾਰਾਜ ਨੇ ਨਾਲ ਹਵਾਲਾ ਦੇ ਦਿਤਾ ਕਿ ਫਲਾਣੇ ਗ੍ਰੰਥ ਦਾ ਅਸੀਂ ਅਨੁਵਾਦ ਕਰ ਰਹੇ ਹਾਂ। ਅੱਖਰ-ਅੱਖਰ ਕਰ ਰਹੇ ਹਾਂ, ਨਾ ਕੁਛ ਘਟਾ ਰਹੇ ਹਾਂ, ਨਾ ਕੁਛ ਵਧਾ ਰਹੇ ਹਾਂ। ਉਹ ਤ੍ਰਿਕਾਲਦਰਸ਼ੀ ਪੁਰਸ਼ ਜਿਹੜੇ ਹੁੰਦੇ ਨੇ ਜਿਹੜਾ ਲੰਘ ਚੁੱਕਿਆ ਸਮਾਂ ਹੈ ਉਹਨੂੰ ਖਿੱਚ ਕੇ ਵਰਤਮਾਨ 'ਚ ਬਦਲ ਲੈਂਦੇ ਨੇ। ਇਹ ਗੱਲਾਂ ਸਾਇੰਟੇਫਿਕ ਨੇ ਯੋਗੀਆਂ ਨੂੰ ਪਤਾ ਨੇ। ਅਜੇ ਯੂਰਪ ਵਾਲਿਆਂ ਨੂੰ ਤੇ ਸਾਇੰਸਦਾਨਾਂ ਨੂੰ ਇਹਦੀ ਕੋਈ ਸੋਝੀ ਨਹੀਂ ਹੋਈ ਕਿ ਦਿਮਾਗ ਦੇ ਅੰਦਰ ਕਿੰਨੀਆਂ dimentions (ਦਿਸ਼ਾਵਾਂ) ਨੇ। ਇਹਨਾਂ ਨੂੰ ਤਾਂ ਇਹ ਹੈ ਕਿ ਜਿਹੜਾ ਮੈਂ ਬੋਲ ਰਿਹਾ ਹਾਂ। ਇਹਨੂੰ ਉਹ ਜਾਗ੍ਰਤ ਦਿਮਾਗ ਕਹਿੰਦੇ ਨੇ, ਜਿਹੜਾ ਇਹਦੇ ਵਿਚ ਹੈ ਉਹ subconsciousness (ਅਰਧ-ਚੇਤਨ) ਹੈ। ਅੱਧਾ ਜਾਗਦਾ, ਅੱਧਾ ਸੁੱਤਾ। ਜਿਹੜਾ ਤੀਸਰਾ ਹੈ ਇਹਦੀ ਤਹਿ, ਉਹ ਕਹਿੰਦੇ un-conscious (ਅਚੇਤ) ਹੈ ਲੇਕਿਨ ਅਧਿਆਤਮਕ ਵਾਦ ਦੇ ਵਿਚ ਉਲਟ ਹੈ ਜਿਹੜਾ ਇਹ ਹੈ ਇਹ ਸੁੱਤਾ ਪਿਆ mind ਹੈ। ਜੇ ਕਹੀਏ ਕਿ ਗੁਰੂ ਮਹਾਰਾਜ ਨੇ ਵੀ ਕਿਹਾ ਹੈ। ਗੁਰੂ ਮਹਾਰਾਜ ਕਹਿੰਦੇ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*

*ਅੰਗ- ੯੨੦*

ਰਜੋ ਗੁਣ, ਤਮੋ ਗੁਣ, ਸਤੋ ਗੁਣ ਦੇ ਵਿਚ ਸੰਸਾਰ ਸਾਰਾ ਹੀ ਸੁੱਤਾ ਪਿਐ। ਸੁੱਤੇ ਦੀ ਹੀ ਇਹਦੀ ਉਮਰ ਲੰਘ ਜਾਂਦੀ ਹੈ। ਜਿਹੋ ਜਿਹਾ ਸੁਪਨਾ ਹੈ ਉਹੋ ਜਿਹਾ ਹੀ ਹੈ। ਜਾਗਦਾ ਕਿਹੜਾ ਹੈ? ਕਹਿੰਦੇ ਵਿਚਕਾਰਲਾ ਅੱਧਾ ਜਾਗਦਾ ਹੈ, ਅੱਧਾ ਸੁੱਤਾ ਹੈ। ਜਿਹਨੂੰ ਇਹ ਕਹਿੰਦੇ ਨੇ ਕਿ ਬਿਲਕੁਲ ਸੁੱਤਾ ਪਿਆ ਹੈ ਉਹ ਮਹਾਂਪੁਰਸ਼ਾਂ, ਬੰਦਗੀ ਕਰਨ ਵਾਲਿਆਂ ਦਾ ਜਾਗਦਾ ਮਨ ਹੈ। ਉਹਦੇ ਵਿਚ ਪ੍ਰਮੇਸ਼ਰ ਨੂੰ ਪ੍ਰਤੱਖ ਦੇਖ ਰਹੇ ਹੁੰਦੇ ਨੇ। ਸਤਿ ਦੀ ਸੋਝੀ ਹੁੰਦੀ ਹੈ। ਅਸਤਿ ਤੋਂ ਨਿਗ੍ਹਾ ਉੱਠ ਖੜ੍ਹਦੀ ਹੈ।

ਸੋ ਇਹ ਕੁਛ ਬੇਨਤੀਆਂ ਨੇ ਜਿਹੜੀਆਂ ਸਮਝਣ ਵਾਲੀਆਂ ਨੇ। ਸੋ ਇਸ ਤਰ੍ਹਾਂ ਦੇ ਨਾਲ ਜਿਸ ਵਕਤ ਗੁਰੂ ਮਹਾਰਾਜ ਨੇ ਉਸ ਯੋਗੀ ਨੂੰ ਕੱਢਿਆ, ਉਹਨੇ ਪੁਛਿਆ, ਨਾਲ ਇਹ ਪੁੱਛਿਆ ਕਿ ਉਸ ਵੇਲੇ ਸਮਾਂ ਕੀ ਸੀ। ਕਹਿਣ ਲੱਗੇ ਕਿ ਇਥੇ ਫੌਜਾਂ ਦੇ ਉਤੇ ਅੰਮ੍ਰਿਤ ਛਿੜਕਿਆ ਗਿਆ ਸੀ। ਜਿੰਨੇ ਮਾਰੇ ਗਏ ਸੀ, ਜ਼ਖਮੀ ਹੋ ਗਏ ਸੀ। ਜਿੰਨਿਆਂ ਦੀਆਂ ਬਾਹਾਂ ਵੱਢੀਆਂ ਗਈਆਂ ਸੀ, ਸਿਰ ਵੱਢੇ ਗਏ ਸੀ, ਸਭ ਉੱਠ ਕੇ ਖੜ੍ਹੇ ਹੋ ਗਏ। ਯਾਨਿ ਅੰਮ੍ਰਿਤ ਦੀ ਤਾਸੀਰ ਦੱਸੀ ਉਹਨੇ।

ਹੁਣ ਸਾਡੇ ਡਰ ਜਾਂਦੇ ਨੇ ਕਿ ਗੁਰੂ ਸਾਹਿਬ ਨੇ ਤਾਂ ਜੀ ਬੱਕਰੇ ਝਟਕਾ ਦਿਤੇ ਸੀ। ਗੱਲ 'ਤੇ ਆਉਂਦੇ ਹੀ ਨਹੀਂ ਇਸ 'ਤੇ। ਕਿਉਂ ਨਹੀਂ ਆਉਂਦੇ ਕਿਉਂਕਿ ਡਰਦੇ ਨੇ ਲੋਕਾਂ ਤੋਂ। ਲੇਕਿਨ ਅਸੀਂ ਜੇ ਆਪਣੀ ਲੜੀ ਨੂੰ ਕਾਇਮ ਰੱਖੀਏ ਤਾਂ ਸਾਨੂੰ ਡਰ ਨਹੀਂ, ਸਾਡੇ ਤੋਂ ਪਹਿਲਾਂ ਵੀ ਇਹ ਗੱਲਾਂ ਹੁੰਦੀਆਂ ਹੀ ਰਹੀਆਂ ਨੇ। ਸਾਰੀ ਫੌਜ ਨੂੰ ਜੇ ਉਹ ਜਗਾ ਸਕਦੇ ਨੇ। ਫੇਰ ਗੁਰੂ ਸਾਹਿਬ ਕੀ ਪੰਜ ਸਿੰਘਾਂ ਨੂੰ ਨਹੀਂ ਸੀ ਉਠਾ ਸਕਦੇ? ਸੋ ਉਸ ਵੇਲੇ ਉਸ ਨੇ ਦਸਿਆ ਕਿ ਮੈਂ ਆਪਣੇ ਗੁਰੂ ਕੋਲ ਬੇਨਤੀ ਕਰੀ ਕਿ ਕਰਮ ਤੇ ਉਪਾਸ਼ਨਾ ਦੋ ਕੋਰਸ ਮੈਂ ਪੂਰੇ ਕਰ ਲਏ ਨੇ। ਗੁਰੂ ਤੋਂ ਬਗੈਰ ਗਿਆਨ ਨਹੀਂ ਹੋਇਆ ਕਰਦਾ। ਇਹ ਗੁਰੂ ਮਹਾਰਾਜ ਦਾ ਸਿਧਾਂਤ ਹੈ। ਗਿਆਨ ਤੋਂ ਬਗੈਰ ਕਦੇ ਮੁਕਤੀ ਨਹੀਂ ਹੋਇਆ ਕਰਦੀ। ਸੋ ਐਸਾ ਫੁਰਮਾਨ ਹੈ ਪੜ੍ਹੋ ਪਿਆਰ ਨਾਲ -

*ਧਾਰਨਾ - ਬਿਨਾਂ ਗੁਰਾਂ ਤੋਂ ਮੁਕਤ ਨਾ ਹੋਵੇ,*
*ਪੁਛੋ ਬ੍ਰਹਮੇ ਨਾਰਦੇ ਨੂੰ।*

*ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥*
*ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥* *ਅੰਗ- ੫੯*

ਫੈਸਲਾ ਹੈ ਗੁਰੂ ਗ੍ਰੰਥ ਸਾਹਿਬ ਜੀ ਦਾ ਕਿ ਗੁਰੂ ਤੋਂ ਬਗੈਰ ਗਿਆਨ ਨਾ ਹੋਏਗਾ ਕਦੇ ਵੀ। ਕਿਤਾਬਾਂ ਪੜ੍ਹ ਲੈ ਜਿੰਨੀਆਂ ਜੀਅ ਕਰਦੈ। ਜ਼ੁਬਾਨੀ ਯਾਦ ਕਰ ਲੈ ਜਿੰਨਾਂ

ਜੀਅ ਕਰਦੈ, ਨਹੀਂ ਗਿਆਨ ਹੋਏਗਾ। ਕਿਉਂਕਿ 'ਗੁਰ ਪ੍ਰਸਾਦਿ' ਹੈ ਇਹ। ੧ੴ ਦਾ ਸਾਰਾ ਹਾਲ ਲਿਖ ਕੇ ਗੁਰੂ ਮਹਾਰਾਜ ਨੇ ਅਖੀਰ ਦੇ ਉਤੇ ਗੁਰਪ੍ਰਸਾਦਿ ਕਰ ਦਿਤਾ। ਗੁਰੂ ਦੀ ਕ੍ਰਿਪਾ ਤੋਂ ਬਗੈਰ ਅੰਦਰਲੇ ਨੈਣ ਨਹੀਂ ਖੁਲ੍ਹਦੇ। ਜਾਗ ਨਹੀਂ ਆਉਂਦੀ ਕਦੇ ਵੀ। ਸੋ ਸਮਰੱਥ ਗੁਰੂ ਦੀ ਲੋੜ ਹੈ। ਗੁਰੂ ਦੇ ਬਾਰੇ ਭਾਈ ਗੁਰਦਾਸ ਜੀ ਨੇ ਐਸਾ ਫੁਰਮਾਨ ਕੀਤਾ ਹੈ -

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*
*ਭਾਈ ਗੁਰਦਾਸ ਜੀ, ਵਾਰ ੩੪/੧*

ਐਸੇ ਸਤਿਗੁਰੂ ਦੀ ਜਦੋਂ ਤਕ ਕ੍ਰਿਪਾ ਨਹੀਂ ਹੁੰਦੀ ਜਗਿਆਸੂ 'ਤੇ, ਗਿਆਨ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ। ਜਿਹੜਾ ਆਖਰੀ ਪੜਦਾ ਹੈ ਜਿਹਨੂੰ illusion ਕਹਿੰਦੇ ਨੇ, ignorance, ਹਉਮੈ ਕਹਿੰਦੇ ਨੇ। ਮਹਾਰਾਜ ਕਹਿੰਦੇ ਉਹਦੀ ਮੈਲ ਪੜ੍ਹਾਈ ਕਰਨ ਨਾਲ ਨਹੀਂ ਉਤਰਦੀ। ਚਾਹੇ ਵੇਦ ਲੱਖ ਵਾਰੀ ਪੜ੍ਹ ਲੈ ਤਾਂ ਵੀ ਨਹੀਂ ਮੈਲ ਉਤਰਦੀ। ਉਹ ਗੁਰੂ ਦੀ ਜਿੰਨਾਂ ਚਿਰ ਕ੍ਰਿਪਾ ਨਹੀਂ ਹੁੰਦੀ, ਗੁਰੂ 'ਚ ਨਦਰਿ ਦੀ ਕ੍ਰਿਪਾ ਹੋਇਆ ਕਰਦੀ ਹੈ। ਬੁੱਧੀ ਦਾ ਗਿਆਨ ਟੀਕੇ ਪੜ੍ਹ ਕੇ ਹੋ ਜਾਂਦੈ, ਅਰਥ ਸਿੱਖ ਕੇ ਹੋ ਜਾਂਦਾ ਹੈ। ਲੇਕਿਨ ਜਿਹੜਾ ਅੰਦਰਲਾ ਹਨ੍ਹੇਰਾ ਹੈ ਉਹ ਗੁਰੂ ਤੋਂ ਬਗੈਰ ਕਿਸੇ ਤਰ੍ਹਾਂ ਵੀ ਦੂਰ ਨਹੀਂ ਹੋਇਆ ਕਰਦਾ -

*ਧਾਰਨਾ - ਬਿਨਾਂ ਗੁਰਾਂ ਤੋਂ ਨਾ ਮਿਟਣਾ ਅੰਧੇਰਾ,*
*ਚੰਦ ਭਾਵੇਂ ਸੌ ਚੜ੍ਹ ਜਾਏ।*

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ ੨ ॥*
*ਮਃ ੧ ॥ ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥*
*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥*
*ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥*
*ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥*
*ਅੰਗ- ੪੬੩*

ਸਾਰਾ ਕੁਛ ਇਹਨਾਂ ਛੇ ਤੁਕਾਂ ਦੇ ਅੰਦਰ ਗੁਰੂ ਮਹਾਰਾਜ ਨੇ ਨਿਰਣਾ ਕਰਕੇ ਸਮਝਾ ਦਿਤਾ ਕਿ ਪਿਆਰਿਓ! ਅੰਦਰਲਾ ਹਨ੍ਹੇਰਾ ਨਹੀਂ ਦੂਰ ਹੁੰਦਾ ਜਦੋਂ ਤਕ ਗੁਰੂ ਤੋਂ ਨਦਰਿ ਦੀ ਪ੍ਰਾਪਤੀ ਨਾ ਹੋਵੇ। ਨਦਰਿ ਇਕ ਕ੍ਰਿਸ਼ਮਾ ਹੋਇਆ ਕਰਦੈ ਗੁਰੂ ਦਾ। ਉਹ ਹੋਰ ਕਿਸੇ ਤਰੀਕੇ ਨਾਲ ਨਹੀਂ ਹੁੰਦਾ। ਨਾ ਪੜ੍ਹਨ ਨਾਲ ਹੁੰਦੈ, ਨਾ ਤਪ ਕਰਨ ਨਾਲ ਹੁੰਦੈ, ਨਾ ਦਾਨ ਕਰਨ ਨਾਲ, ਜਦੋਂ ਤਕ ਸੀਂ ਗੁਰੂ ਨੂੰ ਪ੍ਰਸੰਨ ਨਹੀਂ ਕਰ ਲੈਂਦੇ, ਓਨੀਂ ਦੇਰ ਤਕ ਨਦਰਿ ਨਹੀਂ ਹੋਇਆ ਕਰਦੀ। ਉਹ ਨਹੀਂ ਆਉਂਦਾ ਨਦਰਿ ਦਾ ਜੋ ਕ੍ਰਿਸ਼ਮਾ ਹੈ। ਗੁਰੂ ਨੂੰ ਪ੍ਰਸੰਨ ਕਿਵੇਂ ਕਰਨਾ ਹੈ? ਅਸੀਂ ਆਪਣੇ ਕੋਲ ਕੁਛ ਨਾ ਰੱਖੀਏ, ਫੇਰ ਗੁਰੂ ਪ੍ਰਸੰਨ ਹੋ ਜਾਂਦੈ। ਜੇ ਅਸੀਂ ਆਪਣੇ ਕੋਲ ਕੁਛ ਰੱਖ ਲਿਆ, ਗੁਰੂ ਨਾਲ ਸਾਡੀ ਦਵੈਤ ਬਣੀ ਰਹਿੰਦੀ ਹੈ। ਮਹਾਰਾਜ ਨੇ ਬੜੇ ਸਾਫ ਅਖਰਾਂ 'ਚ ਕਿਹੈ ਕਿ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ- ੧੧੦੨*

ਜੇ ਮੇਰੇ ਨਾਲ ਪਿਆਰਿਆ ਗੱਲ ਕਰਨੀ ਹੈ ਤਾਂ ਪਹਿਲੀ ਜਿਹੜੀ ਸ਼ਰਤ ਹੈ ਉਹ ਇਹ ਹੈ ਕਿ ਤੂੰ ਮਰਨਾ ਕਬੂਲ ਲੈ। ਜ਼ਿੰਦਗੀ ਕੀ ਹੈ ਅਗਿਆਨ ਦੀ, ਉਹ ਹੈ ਹਉਮੈ। ਹਉਮੈ ਦਾ ਬਹੁਤ ਵੱਡਾ ਪਰਿਵਾਰ ਹੈ। ਉਹ ਜਿਹੜਾ ਪਰਿਵਾਰ ਫਾਲਤੂ ਅਸੀਂ ਆਪਣੇ ਨਾਲ ਲਾਈ ਫਿਰਦੇ ਹਾਂ ਜਿਹੜਾ ਸਾਨੂੰ ਤੰਗ ਕਰਦਾ ਹੈ, ਜੰਮਦੇ ਹਾਂ, ਮਰਦੇ ਹਾਂ, ਕਰਮ ਭੋਗਦੇ ਹਾਂ, ਕਰਮਾਂ ਦੇ ਭੰਡਾਰੇ ਨਾਲ ਲਈਂ ਫਿਰਦੇ ਹਾਂ, ਦੁਖ ਪਾਉਂਦੇ ਹਾਂ, ਸੁਖ ਪਾਉਂਦੇ ਹਾਂ। ਇਹ ਸਾਰਾ ਜਿੰਨਾਂ ਵੀ ਲਗਾ ਤੁਗਾ ਹੈ ਨਾ, ਇਹ ਸਾਰਾ ਕੁਛ ਗੁਰੂ ਦੇ ਚਰਨਾਂ 'ਚ ਭੇਟਾ ਕਰ ਦੇ। ਇਹਦੇ ਵਿਚ ਹੋਰ ਕੀ ਹੋ ਜਾਏਗਾ? ਕਹਿੰਦੇ ਤੇਰਾ ਮਨ ਵੀ ਅਰਪਨ ਹੋ ਜਾਏਗਾ। ਕਹਿੰਦੇ ਜਦੋਂ ਮਨ ਅਰਪਨ ਹੋ ਗਿਆ, ਸੰਕਲਪ ਕੌਣ ਕਰੇਗਾ ਫੇਰ? ਜੇ ਕਰਦੈ, ਫੇਰ ਬੜੀ ਭਾਰੀ ਉਹਦੀ ਭੁੱਲ ਹੈ ਕਿਉਂਕਿ ਦਿੱਤੀ ਹੋਈ ਚੀਜ਼ ਨੂੰ ਆਪ ਵਰਤਦੈ। ਦਾਨ ਕਰੀ ਹੋਈ ਚੀਜ਼ ਨੂੰ ਮੁੜ ਕੇ ਆਪ ਵਰਤਣਾ ਦੋਸ਼ੀ ਹੋਇਆ ਕਰਦੈ। ਦਾਨ ਕਰ ਦਿਤਾ ਗੁਰੂ ਨੂੰ। ਪਹਿਲਾਂ ਮਨ ਕਰ ਦਿਤਾ। ਮਹਾਰਾਜ ਕਹਿੰਦੇ, ਜਦੋਂ ਤਕ ਤੂੰ ਮਨ ਨਹੀਂ ਦਾਨ ਕਰਦਾ, ਤੂੰ ਕਿਸੇ ਕਿਨਾਰੇ ਜਾ ਹੀ ਨਹੀਂ ਸਕਦਾ। ਜ਼ਰੂਰੀ ਰਹਿਤ ਹੈ ਇਹ ਸਭ ਤੋਂ ਵੱਡੀ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਮਨ ਵੇਚ ਦੇ ਗੁਰਾਂ ਨੂੰ ਆਪਣਾ,*
*ਕਾਰਜ ਤੇਰੇ ਰਾਸ ਹੋਣਗੇ।*

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥*
*ਗੁਰ ਕੀ ਆਗਿਆ ਮਨ ਮਹਿ ਸਹੈ ॥*
*ਆਪਸ ਕਉ ਕਰਿ ਕਛੁ ਨ ਜਨਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥*
*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥*
*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥* *ਅੰਗ- ੨੮੬*

ਚਾਰ ਬਚਨ ਮਹਾਰਾਜ ਜੀ ਨੇ ਇਹਨਾਂ ਅੱਠ ਤੁਕਾਂ ਵਿਚ ਫੁਰਮਾਏ ਨੇ ਕਿ ਜੇ ਤੂੰ ਕੁਛ ਕਰਨਾ ਹੈ ਤਾਂ ਆਹ ਚੀਜ਼ਾਂ ਧਾਰਨ ਕਰ ਲੈ। ਨਹੀਂ ਤਾਂ ਨਹੀਂ ਤੂੰ ਪਿਆਰਿਆ ਤੂੰ ਲੰਘ ਸਕਦਾ। ਗੁਰੂ ਕੋਲ ਆਉਣ ਵਾਸਤੇ ਮਰਨਾ ਤਾਂ ਕਬੂਲ ਕਰਨਾ ਹੀ ਪੈਣੈ। ਜਿੰਨਾਂ ਚਿਰ ਤੂੰ ਹੈਂ ਗੁਰੂ ਕੁਛ ਵੀ ਨਹੀਂ ਕਰ ਸਕਦਾ। ਕਿਉਂਕਿ ਤੂੰ ਗੁਰੂ ਦਾ ਉਪਦੇਸ਼ ਮੰਨਣ ਨੂੰ ਤਿਆਰ ਨਹੀਂ, ਤੂੰ ਆਪਣੀ ਮੈਂ ਕਾਇਮ ਰੱਖਣਾ ਚਾਹੁੰਨੈ। ਆਪਣੀ ਹੋਂਦ ਕਾਇਮ ਰੱਖਣਾ ਚਾਹੁੰਨੈ। ਜਦੋਂ ਤੱਕ ਤੇਰੀ ਹੋਂਦ ਹੈ ਓਨੀਂ ਦੇਰ ਤਕ ਗੁਰੂ ਨਹੀਂ ਕੁਛ ਕਰਦਾ। ਗੁਰੂ ਦੀ ਖੁਸ਼ੀ ਨਹੀਂ ਪ੍ਰਾਪਤ ਹੁੰਦੀ। ਗੁਰੂ ਦੀ ਨਦਰਿ ਨਹੀਂ ਪ੍ਰਾਪਤ ਹੁੰਦੀ ਕਿਉਂਕਿ ਦੋ ਦਾ ਉਥੇ ਥਾਂ ਨਹੀਂ ਇਕ ਦਾ ਹੀ ਥਾਂ ਹੈ - ***'ਗੁਰ ਕੀ ਆਗਿਆ ਮਨ ਮਹਿ ਸਹੈ ॥'*** 1430 ਪੰਨੇ 'ਚ ਆਗਿਆ ਹੀ ਆਗਿਆ ਨੇ। ਜੇ ਕੋਈ ਸਿਆਣਾ ਪੁਰਸ਼ ਹੈ ਕੱਢ ਕੇ ਦੇਖ ਲਓ, ਬਣਾ ਲਓ ਇਹਨੂੰ, ਅੱਜਕੱਲ੍ਹ ਇਹ ਕੋਈ ਔਖੀਆਂ ਚੀਜ਼ਾਂ ਨਹੀਂ ਹਨ। ਬੜੀ ਛੇਤੀ ਅਸੀਂ ਚਾਰਟ ਬਣਾ ਸਕਦੇ ਹਾਂ। ਗੁਰੂ ਮਹਾਰਾਜ ਆਹ ਚਾਹੁੰਦੇ ਨੇ, ਆਹ ਚਾਹੁੰਦੇ ਨੇ, ਫੇਰ ਉਸ 'ਤੇ ਪ੍ਰੈਕਟਿਸ ਕਰੋ ਅਤੇ ਆਪਣੇ ਆਪ ਨੂੰ ਕੁਛ ਕਰਕੇ ਨਾ ਜਣਾਵੇ ਕਿ ਮੈਂ ਵੀ ਹੈਗਾ ਇਸ ਦੁਨੀਆਂ ਦੇ ਅੰਦਰ। ਇਥੇ ਜਿਹੜਾ ਮਨ ਹੈ ਨਾ, ਇਥੇ ਇਕੱਲੇ ਮਨ ਨੂੰ ਨਹੀਂ ਕਿਹਾ, ਮਨ ਦੇ ਭਾਈਵਾਲ ਨੇ ਹੋਰ, ਅੰਤਸ਼ਕਰਣ ਇਹਦਾ ਲਾ ਲਓ; ਚਾਰ ਚੀਜ਼ਾਂ ਨੂੰ ਅੰਤਸ਼ਕਰਣ ਕਹਿੰਦੇ ਨੇ, ਇਕ ਤਾਂ ਜਿਹੜੀ ਫੁਰਨੇ ਕਰਨ ਵਾਲੀ ਸ਼ਕਤੀ ਹੈ ਉਹਨੂੰ ਮਨ ਕਹਿੰਦੇ ਹਾਂ ਦੂਸਰੀ ਇਹ ਹੈ ਕਿ ਇਹਦੇ ਵਿਚ ਨਿਰਣਾ ਕਰਦੀ ਹੈ ਕਿ ਇਹ ਠੀਕ ਹੈ ਜਾਂ ਗਲਤ ਹੈ, ਉਹਨੂੰ ਅਸੀਂ ਬੁੱਧੀ ਕਹਿ ਦਿੰਦੇ ਹਾਂ। ਤੀਸਰੀ ਇਹਦੇ ਵਿਚ ਚੇਤਨਾ ਹੁੰਦੀ ਹੈ, ਚਿਤਵਨੀ ਕਰਦੀ ਹੈ ਉਹਨੂੰ ਅਸੀਂ ਚਿੱਤ ਕਹਿ ਦਿੰਦੇ ਹਾਂ। ਉਹਦੇ 'ਚ feeling (ਮਹਿਸੂਸ ਕਰਨ ਦੀ ਸ਼ਕਤੀ) ਹੋਇਆ ਕਰਦੀ ਹੈ। ਚੌਥੀ ਇਹਦੇ ਵਿਚ ਜਿਹੜਾ combination ਬਣ ਕੇ ਇਹ ਬਣਦਾ ਹੈ ਜੋ ਅੰਤਸ਼ਕਰਣ ਉਹ ਇਹਦਾ ਮੈਂ ਭਾਵ ਹੈ। 'ਮੈਂ ਵਰਿਆਮ ਸਿੰਘ' ਮੈਂ ਫਲਾਣਾ, ਮੇਰਾ ਲੋਕ ਆਦਰ ਕਰਦੇ ਨੇ, ਮੇਰਾ ਮਾਣ ਕਰਦੇ ਨੇ, ਮੈਨੂੰ ਚੰਗਾ ਕਹਿੰਦੇ ਨੇ ਇਹ ਸਾਰੀਆਂ ਡੁੱਬਣ ਦੀਆਂ ਗੱਲਾਂ ਹੁੰਦੀਆਂ ਨੇ, ਜੇ ਮਨ ਵਿਚ ਇਹ ਆ ਜਾਣ। ਬੰਦਾ ਲੰਘਿਆ ਨਹੀਂ ਕਰਦਾ ਕਦੇ ਵੀ। ਇਹ ਚਾਰੋਂ ਕੂੜ-ਕਬਾੜ ਜਿਹਾ ਗੱਠ ਬੰਨ੍ਹ ਕੇ ਗੁਰੂ ਦੇ ਚਰਨਾਂ 'ਚ ਰੱਖ ਦਿਓ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ-ਕਰਦੇ ਅੱਜ ਆਪ ਉਸ ਦੇਸ਼ 'ਚ ਗਏ ਨੇ, ਦੂਰ-ਦਰਾਜ਼ ਪੂਰਬ ਵਲ ਜਿਸ ਨੂੰ ਸਵਰਨ ਲੋਕ ਦੀ ਧਰਤੀ ਕਹਿੰਦੇ ਨੇ। ਉਹ ਚਟਾਕਾਂਧ ਤੋਂ ਹੇਠਾਂ ਬ੍ਰਮਾ ਦੇ ਬਾਰਡਰ ਤੋਂ ਹੇਠਾਂ ਲਗਦੇ, ਕਿੰਨੇ ਸਾਰੇ ਉਥੇ ਆਈਸ ਲੈਂਡ ਨੇ, ਉਥੇ ਇਕ ਰਾਜ ਹੈ। ਉਥੇ ਗੁਰੂ ਨਾਨਕ ਪਾਤਸ਼ਾਹ ਪਹੁੰਚਦੇ ਨੇ। ਉਥੇ ਦੋ ਜਗਿਆਸੂ ਪੁੱਗੀਆਂ ਹੋਈਆਂ ਰੂਹਾਂ ਲੇਕਿਨ ਆਖਰੀ ਲਾਈਨ 'ਤੇ ਬੈਠੀਆਂ ਸੀ। ਗੁਰੂ ਦੀ ਨਦਰਿ ਨਹੀਂ ਸੀ ਮਿਲੀ। ਖੜ੍ਹੇ ਸੀਗੇ, ਅੱਗੇ ਦਾਖਲਾ ਨਹੀਂ ਸੀ ਹੋ ਰਿਹਾ। ਕਿਉਂਕਿ ਅੱਗੇ ਦਾਖਲਾ ਗੁਰੂ ਤੋਂ ਬਗੈਰ ਹੈ ਨਹੀਂ। ਕੇਵਲ ਗੁਰੂ ਮਾਇਆ ਦੀ ਆਖਰੀ ਹੱਦ ਜਿਹੜੀ ਹੈ ਉਹਨੂੰ ਕੱਟ ਸਕਦੈ, ਆਪਣੇ ਆਪ ਨਹੀਂ ਕੱਟ ਹੁੰਦੀ ਫੇਰ ਤਾਂ ਗਿਆਨੀ ਸਾਰੇ ਹੀ ਮੁਕਤ ਹੋ ਜਾਂਦੇ। ਜਿਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਆਉਂਦੇ ਨੇ ਉਹ ਸਾਰੇ ਹੀ ਗਿਆਨਵਾਨ ਬਣ ਜਾਂਦੇ। ਗਿਆਨੀ ਕਹਿਣਾ ਔਖਾ ਹੈ। ਮਹਾਰਾਜ ਕਹਿੰਦੇ, ਗਿਆਨੀ ਦੀ ਅਵਸਥਾ ਜਿਹੜੀ ਹੈ ਉਹ ਬਹੁਤੀ ਉੱਚੀ ਹੈ। ਉਹ ਜੀਵਨ ਮੁਕਤ ਪੁਰਸ਼ ਹੋਇਆ ਕਰਦੈ। ਸੱਚ ਆਚਾਰ ਦੇ ਵਿਚ ਚੱਲਣ ਵਾਲਾ ਹੋਇਆ ਕਰਦੈ। ਉਹਨੂੰ ਗਿਆਨੀ ਕਹਿੰਦੇ ਨੇ। ਜਿਹੜਾ ਬੁੱਧੀ ਮੰਡਲ ਦੇ ਵਿਚ ਗਿਆਨੀ ਹੈ ਉਹਨੂੰ ਗੁਰੂ ਸਾਹਿਬ ਨੇ ਗਿਣਿਆ ਨਹੀਂ। ਉਹ ਮੁਰਦਿਆਂ 'ਚ ਰੱਖਿਆ ਹੋਇਐ ਮਹਾਰਾਜ ਨੇ -

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ङਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*

*ਅੰਗ- ੨੫੩*

ਉਹ ਤਾਂ ਮੁਰਦਾ ਹੈ। ਉਹਦੀ ਤਾਂ ਗੱਲ ਹੀ ਨਹੀਂ ਆਉਂਦੀ ਗੁਰਬਾਣੀ 'ਚ। ਦੂਜੇ ਦੀ ਆਉਂਦੀ ਹੈ ਜਿਹੜੀ ਇਸ ਤੋਂ ਉਪਰ ਚੜ੍ਹ ਕੇ ਬਾਤ ਚਲ ਰਹੀ ਹੈ।

ਸੋ ਉਥੇ ਜਦੋਂ ਮਹਾਰਾਜ ਜੀ ਜਾਂਦੇ ਨੇ ਦੋ ਗੁਰਸਿੱਖ, ਦੋ ਜਗਿਆਸੂ, ਪ੍ਰਮੇਸ਼ਰ ਦੇ ਪਿਆਰੇ ਜਿਹੜੇ ਦਿਲ ਤੋਂ 100% ਲੋਚ ਰਹੇ ਨੇ ਕਿ ਜਨਮ ਲੰਘਦਾ ਜਾਂਦਾ ਹੈ, ਕੀ ਕਰੀਏ, ਰਾਹ ਲੱਭ ਨਹੀਂ ਰਿਹਾ, ਬਜਰ ਕਪਾਟ ਖੁੱਲ੍ਹ ਨਹੀਂ ਰਹੇ। ਇਹਨਾਂ ਨੂੰ ਖੋਲ੍ਹਣ ਵਾਲਾ ਦੁਨੀਆਂ 'ਚ ਕੇਵਲ ਗੁਰੂ ਹੈ ਹੋਰ ਨਹੀਂ ਹੈ। ਗੁਰੂ ਮਹਾਰਾਜ ਕਹਿੰਦੇ ਨੇ, ਨਹੀਂ ਖੁਲ੍ਹਦਾ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥* *ਅੰਗ- ੧੨੯੧*

ਆਹ ਘਰ ਦੇ ਵਿਚ ਜਿਹੜਾ ਸਰੀਰ ਹੈ ਪੰਜਾਂ ਤੱਤਾਂ ਦਾ ਬਣਿਆ ਹੋਇਆ, ਇਹਦੇ ਵਿਚ ਵਾਹਿਗੁਰੂ ਵਸਦੈ।

*ਕਾਇਆ ਨਗਰੁ ਨਗਰ ਗੜ ਅੰਦਰਿ ॥*

*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥ ੧ ॥*
*ਅੰਦਰਿ ਕੋਟ ਛਜੇ ਹਟਨਾਲੇ ॥* *ਅੰਗ- ੧੦੩੩*

ਆਹ ਕਿਲ੍ਹੇ ਵਿਚ ਸਰੀਰ ਦੇ -

*ਆਪੇ ਲੇਵੈ ਵਸਤੁ ਸਮਾਲੇ ॥*
*ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥*
*ਅੰਗ- ੧੦੩੩*

ਜਿੰਨਾਂ ਚਿਰ ਗੁਰੂ ਦਾ ਸ਼ਬਦ ਨਹੀਂ ਮਿਲਦਾ। ਓਨਾਂ ਚਿਰ ਚਾਬੀ ਨਹੀਂ ਇਹਨੂੰ ਲਗਦੀ। ਸੋ ਗੁਰੂ ਤੋਂ ਬਗੈਰ ਨਹੀਂ ਖੁਲ੍ਹਦਾ -

*ਭੀਤਰਿ ਕੋਟ ਗੁਫਾ ਘਰ ਜਾਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥*
*ਅੰਗ- ੧੦੩੩*

ਇਹ ਨੌਂ ਘਰ ਜਿਹੜੇ ਭੁਲਾ ਰਹੇ ਸੀ -

*ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ॥*
*ਅੰਗ- ੩੩੯*

ਉਹ ਗੁਰੂ ਨੇ ਠਾਕ ਦਿਤੇ, ਉਸ ਸ਼ਬਦ ਨੇ ਇਹ ਵਸ ਕਰਲਏ। ਜਿਵੇਂ ਮੰਤਰ ਪੜ੍ਹ ਦਿੰਦੇ ਨੇ ਸੱਪ ਦੇ ਠੂਹਿਆਂ ਦਾ, ਇਸੇ ਤਰ੍ਹਾਂ ਦੇ ਨਾਲ ਇਹ ਜਿਹੜੇ ਵਸ ਨਹੀਂ ਹੁੰਦੇ ਕਿਸੇ ਤਰੀਕੇ ਨਾਲ, ਉਹ ਗੁਰੂ ਦੇ ਸ਼ਬਦ ਨੇ ਵਸ ਕਰ ਲਏ, ਉਹ ਠਾਕ ਦਿਤੇ। ਠਾਕੇ ਗਏ, ਇਹਨਾਂ ਦੇ ਜਿਹੜੇ ਸੁਰਾਖ ਸੀ ਉਹ ਪਲੱਗ ਹੋ ਗਏ। ਹੁਣ ਅੱਖਾਂ ਜਿਹੜੀਆਂ ਸੀ ਉਹਨਾਂ ਦੀ ਦੇਖਣੀ ਬਦਲ ਗਈ। ਕੰਨਾਂ ਦੀ ਸੁਣਨੀ ਬਦਲ ਗਈ। ਜ਼ੁਬਾਨ ਦਾ ਰਸ ਬਦਲ ਗਿਆ, ਨੇਤਰਾਂ ਦੀ ਤੱਕਣੀ ਬਦਲ ਗਈ। ਸਪਰਸ਼ ਬਦਲ ਗਈ, ਗੰਧ ਬਦਲ ਗਈ। ਜੇ ਨਹੀਂ ਤਜਰਬਾ ਤਾਂ ਨਹੀਂ ਇਹ ਗੱਲ ਸਮਝ ਆਇਆ ਕਰਦੀ। ਬਦਲਦੀਆਂ ਕਿਵੇਂ ਨੇ? ਇਹੀ ਨਾਸਿਕਾ ਸੁਗੰਧੀ ਲੈਣ ਵਾਸਤੇ ਅਸੀਂ ਸੈਂਟ ਛਿੜਕਦੇ ਹਾਂ, ਫੁੱਲਾਂ ਵਿਚ ਜਾਂਦੇ ਹਾਂ ਸੁਗੰਧੀਆਂ ਵਾਲਿਆਂ 'ਚ, ਉਥੇ ਸੁਗੰਧੀ ਆਉਂਦੀ ਹੈ ਸਾਨੂੰ ਕੁਦਰਤੀ। ਲੇਕਿਨ ਜਿਸ ਵਕਤ ਦਿਬਯ ਨਾਸਿਕਾ ਖੁਲ੍ਹ ਜਾਵੇ ਬੰਦਗੀ ਦੇ ਬਲ ਨਾਲ ਉਸ ਵੇਲੇ ਆਪਣੇ ਅੰਦਰੋਂ ਹੀ ਸੁਗੰਧੀ ਆਉਣੀ ਸ਼ੁਰੂ ਹੋ ਜਾਂਦੀ ਹੈ। ਬਾਹਰ ਦੀ ਲੋੜ ਹੀ ਨਹੀਂ ਰਹਿੰਦੀ। ਆਪੇ ਹੀ ਆਉਂਦੀ ਹੈ ਅੰਦਰੋਂ ਭਜਨ ਕਰਨ ਵੇਲੇ। ਹੈਰਾਨ ਹੁੰਦੈ ਕਿ ਐਨੀ ਸੁਗੰਧੀ ਕਿੱਥੋਂ ਆ ਰਹੀ ਹੈ। ਉਹ ਮਸਤ ਹੁੰਦਾ ਚਲਿਆ ਜਾ ਰਿਹੈ। ਬਾਹਰਲੀ ਸੁਗੰਧੀ ਨਹੀਂ ਮਸਤ ਕਰਦੀ ਅੰਦਰਲੀ ਸੁਗੰਧੀ ਮਸਤ ਕਰਦੀ ਹੈ। ਸਵਾਦ ਜਿਹਨੂੰ ਕਹਿੰਦੇ ਨੇ ਥੱਕ ਜਾਂਦੈ ਬਦਲਾ-ਬਦਲਾ ਕੇ ਕਿ ਅੱਜ ਆਹ ਪਾ ਕੇ ਦੇਖੋ, ਆਹ ਪਾ ਕੇ ਦੇਖੋ ਸਬਜ਼ੀ 'ਚ। ਇਹੋ ਜਿਹੀ ਮਠਿਆਈ ਬਣਾਓ। ਉਹ ਛਿਨਭੰਗਰ ਸਵਾਦ ਸਰੀਰ ਨੂੰ ਖਰਾਬ ਕਰਨ ਵਾਲੇ ਹੋਇਆ ਕਰਦੇ ਨੇ। ਲੇਕਿਨ ਜਦੋਂ ਨਾਮ ਦਾ ਰਸ ਚੜ੍ਹ ਜਾਂਦੈ, ਐਸਾ ਸਵਾਦ ਆਉਂਦੈ ਕਿ ਬੋਲਣ ਨੂੰ ਵੀ ਜੀਅ ਨਹੀਂ ਕਰਦਾ। ਗੁਰੂ ਮਹਾਰਾਜ ਨੇ ਐਵੇਂ ਹੀ ਨਹੀਂ ਭਜਨ ਬੰਦਗੀ, ਅਰਦਾਸ ਤੋਂ ਬਾਅਦ ਪ੍ਰਸ਼ਾਦ ਵੰਡਣਾ ਦਸਿਆ। ਉਹ ਭਜਨ ਵਿਚ ਐਨੀ ਬਿਰਤੀ ਲੀਨ ਹੋ ਜਾਂਦੀ ਹੈ ਕਿ ਕੋਈ ਹੋਰ ਚੀਜ਼ ਮਨਜ਼ੂਰ ਹੀ ਨਹੀਂ ਕਰਦੀ ਕੇਵਲ ਜਿਹੜਾ ਗੁਰੂ ਦਾ ਕੜਾਹ ਪ੍ਰਸ਼ਾਦ ਹੈ, ਉਹਦੀ ਥੋੜ੍ਹੀ ਜਿਹੀ simularty ਹੈ ਉਹਦੇ ਨਾਲ ਕਿ ਬਾਹਰ ਦੁਨੀਆਂ 'ਚ ਆਉਣ ਵੇਲੇ ਇਹ ਚੀਜ਼ ਮਿਲ ਜਾਵੇ, ਫੇਰ ਦੁਨੀਆਂ ਦੇ ਹੌਲੀ-ਹੌਲੀ ਸਵਾਦਾਂ ਨੂੰ ਸਹਿ ਲੈਂਦਾ ਹੈ ਇਹ। ਉਹ ਅੰਦਰ ਹੈ ਇਕ ਐਸਾ -

*ਏ ਰਸਨਾ ਤੂ ਅਨ ਰਸਿ ਰਾਚਿ ਰਹੀ*
*ਤੇਰੀ ਪਿਆਸ ਨ ਜਾਇ॥*
*ਪਿਆਸ ਨ ਜਾਇ ਹੋਰਤੁ ਕਿਤੈ*
*ਜਿਚਰੁ ਹਰਿ ਰਸੁ ਪਲੈ ਨ ਪਾਇ ॥* *ਅੰਗ- ੯੨੧*

ਉਹ ਹਰਿ ਰਸ ਹੈ। ਹਰਿ ਰਸ ਦੀ ਸਾਰ ਓਹੀ ਜਾਣਦੈ ਜਿਹੜਾ ਹਰੀ ਦੇ ਰਸ ਨੂੰ ਪ੍ਰਾਪਤ ਕਰ ਲੈਂਦੈ। ਦੂਜੇ ਨੂੰ ਇਸ ਗੱਲ ਦਾ ਅਨੁਭਵ ਹੀ ਨਹੀਂ ਹੁੰਦਾ, ਜਿੰਨਾਂ ਜੀਅ ਕਰਦੈ ਦੱਸੀ ਜਾਓ। ਉਹ ਜਦ ਦੇਖਿਆ ਹੀ ਨਹੀਂ, taste ਹੀ ਨਹੀਂ ਕਰਿਆ। ਉਹਨੂੰ ਉਸ ਰਸ ਦਾ ਕੀ ਪਤਾ ਲੱਗੇਗਾ। ਇਸੇ ਤਰ੍ਹਾਂ ਦੇ ਨਾਲ ਨੇਤਰਾਂ ਦੇ ਨਾਲ, ਆਹੀ ਨੇਤਰ ਇਸੇ ਸੰਸਾਰ ਨੂੰ ਪ੍ਰਤੱਖ ਰੂਪ 'ਚ ਦੇਖਦੇ ਨੇ। ਅਗਿਆਨ ਵਿਚ ਅਸੀਂ ਇਹਨੂੰ ਸੰਸਾਰ ਦੇਖਦੇ ਹਾਂ। ਜਿਹਨਾਂ ਦੇ ਨੇਤਰ ਖੁਲ੍ਹ ਗਏ ਉਹ ਕਹਿੰਦੇ ਨੇ -

*ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥*
*ਸੂਤੁ ਏਕੁ ਮਣਿ ਸਤ ਸਹੰਸ ਜੈਸੇ*
*ਓਤਿ ਪੋਤਿ ਪ੍ਰਭੁ ਸੋਈ ॥ ੧ ॥ ਰਹਾਉ ॥*
*ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥*
*ਅੰਗ- ੪੮੫*

ਦ੍ਰਿਸ਼ਟੀ ਬਦਲ ਜਾਂਦੀ ਹੈ, ਇਸੇ ਤਰ੍ਹਾਂ ਕੰਨ ਜਿਹੜੇ ਨੇ ਉਹਨਾਂ ਦੇ ਵਿਚ ਦਿੱਬਯ ਕੰਨ ਜਿਸ ਵਕਤ ਪ੍ਰਾਪਤ ਹੋ ਜਾਂਦੇ ਨੇ, ਉਸ ਵੇਲੇ ਸ਼ਬਦ ਮਸਤ ਕਰਨ ਵਾਲੀ ਸੁਣਦੀ ਹੈ -

*ਅਨਹਤ ਬਾਣੀ ਥਾਨੁ ਨਿਰਾਲਾ ॥*
*ਤਾ ਕੀ ਧੁਨਿ ਮੋਹੇ ਗੋਪਾਲਾ ॥* *ਅੰਗ- ੧੯੬*

ਕਹਿੰਦੇ, ਗੋਪਾਲ ਵੀ ਐਸੀ ਮਿੱਠੀ ਧੁਨ ਦੇ ਵਿਚ ਮੋਹਿਆ ਪਿਐ। ਉਹ ਧੁਨ ਆਦਮੀ ਦੇ ਅੰਦਰ ਹੈ, ਹਰ ਵਕਤ ਚਲਦੀ ਹੈ।

ਕਹਿੰਦੇ, ਸਾਨੂੰ ਤਾਂ ਸੁਣਦੀ ਨਹੀਂ।

ਮਹਾਰਾਜ ਕਹਿੰਦੇ, ਤੂੰ ਹੱਦ ਤਕ ਬੋਲਾ ਹੋਇਆ-ਹੋਇਆ ਹੈਂ।

ਕਹਿੰਦਾ, ਮੈਨੂੰ ਦੁਨੀਆਂ ਦੀਆਂ ਗੱਲਾਂ ਸੁਣਦੀਆਂ ਨੇ, ਬੋਲਾ ਤਾਂ ਮੈਂ ਹੈ ਨਹੀਂ।

ਮਹਾਰਾਜ ਕਹਿੰਦੇ, ਇਹ ਪ੍ਰਾਕ੍ਰਿਤਕ ਕੰਨ ਪ੍ਰਕ੍ਰਿਤੀ ਦੀਆਂ ਗੱਲਾਂ ਸੁਣਦੇ ਨੇ। ਤੇਰੇ ਦਿੱਬਯ ਸਰਵਣ ਅਜੇ ਖੁਲ੍ਹੇ ਨਹੀਂ ਹੈਗੇ। ਉਹ ਜਿਹੜੇ ਖੁਲ੍ਹ ਜਾਂਦੇ ਨੇ ਉਹ ਨਾਮ ਦੀ ਧੁਨ ਸੁਣਦੇ ਨੇ। ਉਹ ਨਾਮ ਦੀ ਧੁਨ ਐਨੀ ਜ਼ਬਰਦਸਤ ਹੈ ਕਿ ਉਹਦੇ 'ਚ ਮਸਤ ਰਹਿੰਦਾ ਹੈ ਬੰਦਾ। ਦਿੱਬਯ ਕੰਨ ਪ੍ਰਾਪਤ ਹੋ ਜਾਂਦੇ ਨੇ। ਫੇਰ ਸੁਣਦੇ ਕੀ ਨੇ? ਮਹਾਰਾਜ ਕਹਿੰਦੇ, ਫੇਰ ਉਹ ਧੁਨ ਹਰੇਕ ਦੇ ਵਿਚੋਂ ਸਰਵਣ ਹੁੰਦੀ ਹੈ।

ਡਾ. ਸਵਾਮੀ ਰਾਮ ਜੀ ਆਪਣੀ ਪੁਸਤਕ ਵਿਚ ਲਿਖਦੇ ਨੇ ਕਿ ਇਕ ਵਾਰੀ ਮੇਰੇ ਗੁਰੂ ਨੇ ਇਕ ਕਿਰਿਆ ਮੇਰੇ ਤੋਂ ਕਰਾਈ। ਕਹਿੰਦੇ, ਮੈਂ ਹੈਰਾਨ ਹੋ ਗਿਆ, ਜਿਸ ਗੁਫਾ 'ਚ ਮੈਂ ਬੈਠਾ ਸੀ ਘਾਹ ਸੀਗਾ। ਮੈਨੂੰ ਆਵਾਜ਼ ਆਈ ਜਾਵੇ। ਮੈਂ ਕਿਹਾ, ਇਹ ਆਵਾਜ਼ ਕਿੱਥੋਂ ਆਉਣ ਲਗ ਗਈ। ਇਥੇ ਤਾਂ ਕੋਈ ਆਵਾਜ਼ ਹੀ ਨਹੀਂ ਹੈ।

ਕਹਿੰਦੇ, ਮੈਂ ਕੰਨ ਲਾਇਆ ਘਾਹ ਨੂੰ ਉਹਦੇ ਵਿਚੋਂ ਆਵਾਜ਼ ਆਵੇ। ਫੇਰ ਮੈਂ ਦਰਖਤ ਨੂੰ ਕੰਨ ਲਾ ਕੇ ਦੇਖਿਆ ਕਹਿੰਦੇ, ਉਹਦੇ ਵਿਚੋਂ ਵੀ ਆਵੇ। ਫੇਰ ਮੈਂ ਪੱਥਰ ਨੂੰ ਵੀ ਕੰਨ ਲਾ ਕੇ ਦੇਖਿਆ, ਉਹਦੇ ਵਿਚੋਂ ਵੀ ਆਵੇ। ਉਹ ਨਾਮ ਸਰਵਣ ਕਰ ਰਹੇ ਸੀ। ਉਸੇ ਬਾਰੇ ਗੁਰੂ ਮਹਾਰਾਜ ਜੀ ਬਾਣੀ ਦੇ ਅੰਦ ਗਜਗਰ ਐਸਾ ਸੰਕੇਤ ਦਿੰਦੇ ਨੇ -

*ਧਾਰਨਾ - ਨਾਮ ਹਰੀ ਦਾ ਜਪਦੇ ਸਾਰੇ ਵਣਾਂ ਦੇ ਪੰਖੇਰੂ।*

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥* ਅੰਗ- ੧੨੬੫

ਦਿੱਬਯ ਕੰਨ ਨਾਮ ਦੀ ਧੁਨ ਸੁਣਦੇ ਨੇ -

*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥*
ਅੰਗ- ੧੪੨੦

*ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ॥*
*ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥*
ਅੰਗ- ੧੩੮੩

ਰੱਬ ਦੀ ਸੋਝੀ ਕਹਿੰਦੇ, ਉਹਨਾਂ ਦੇ ਅੰਦਰ ਹੋਈ-ਹੋਈ ਹੈ। ਨਾਮ ਧੁਨ ਅੰਦਰ ਚਲ ਰਹੀ ਹੈ ਜੰਗਲਾਂ 'ਚ ਰਹਿੰਦੇ ਨੇ। ਕਹਿੰਦੇ, ਮੈਂ ਤਾਂ ਇਹਨਾਂ ਦੇ ਬਲਿਹਾਰ ਜਾਂਦਾ ਹਾਂ। ਉਹ ਕੀ ਸੀ? ਆਪ ਨੂੰ ਸੁਣ ਰਹੀ ਸੀ ਸਾਰਿਆਂ ਦੇ ਅੰਦਰ। ਬਲਿਹਾਰ ਹੋ ਕੇ ਮਹਾਂਪੁਰਸ਼ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਕੰਕਰ ਚੁਗਦੇ ਥਲਾਂ ਦੇ ਵਿਚ ਵਸਦੇ,*
*ਰੱਬ ਦੀ ਨਾ ਆਸ ਛੱਡਦੇ ਪੰਛੀ।*

ਕਿਉਂ ਸੁਣਦਾ ਸੀ ਬਾਬਾ ਫਰੀਦ ਨੂੰ, ਕਿਉਂਕਿ ਦਿੱਬਯ ਸ੍ਰਵਣ ਖੁਲ੍ਹੇ ਹੋਏ ਸੀ। ਮਹਾਰਾਜ ਜੀ ਕਹਿੰਦੇ ਹਨ ਧਰਤੀ, ਆਕਾਸ਼, ਪਾਤਾਲ ਸਾਰਾ ਜਿੰਨਾ ਕੁਛ ਨਜ਼ਰ ਆਉਂਦਾ ਹੈ, ਸਾਰੀ ਕਾਇਨਾਤ ਸਭ -

*ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ*
*ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥* ਅੰਗ- ੫੪੦

ਨਹੀਂ ਸਾਨੂੰ ਸੁਣਦਾ ਸਾਡੇ ਕੰਨ ਉਥੇ ਪਹੁੰਚੇ ਨਹੀਂ, ਅਸੀਂ ਕਹਿੰਦੇ ਹਾਂ ਕਿ ਗੁਰੂ ਸਾਹਿਬ ਨੇ ਸ਼ਾਇਦ ਅਲੰਕਾਰਕ ਬਾਤ ਕਹੀ ਹੋਵੇ।

ਅਲੰਕਾਰਕ ਬਾਤ ਨਹੀਂ ਹੈ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ। ਇਥੇ ਤੱਤ ਬਾਤਾਂ ਨੇ ਸਾਰੀਆਂ। ਸਚਾਈ ਹੈ। ਨਹੀਂ ਪਹੁੰਚਦੇ, ਨਹੀਂ ਗੱਲ ਦਾ ਪਤਾ ਲਗ ਸਕਿਆ, ਪਰ ਇਹਦੇ ਅਰਥ ਗਲਤ ਨਹੀਂ ਕੱਢਣੇ ਚਾਹੀਦੇ। ਸੋ ਇਹ ਗੱਲਾਂ ਪ੍ਰਤੱਖ ਨੇ ਸਾਰੀਆਂ। ਸਾਨੂੰ ਕਿਉਂ ਨਹੀਂ ਪਤਾ ਲਗਦਾ ਤੇ ਮਹਾਰਾਜ ਕਹੀ ਜਾਂਦੇ ਨੇ -

*ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋ ਰਹਾ।*

ਜਿਹੜੀ ਧੁਨ ਪੂਰ ਜਗਤ ਦੇ ਵਿਚ ਭਰੀ ਪਈ ਹੈ ਤੇ ਲਗਾਤਾਰ ਚਲ ਰਹੀ ਹੈ, ਉਹ ਧੁਨ ਨੂੰ ਅਸੀਂ ਕਿਉਂ ਨਹੀਂ ਸੁਣਦੇ? ਮਹਾਰਾਜ ਕਹਿੰਦੇ ਨੇ -

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥* ਅੰਗ- ੮੭੯

ਅਸੀਂ ਹੋਰ ਹੀ ਅਰਥ ਕਰ ਦਿੰਦੇ ਹਾਂ ਇਹਦੇ। ਸਿੱਧੀ ਬਾਤ ਹੈ ਕਿ ਉਸ ਧਿਆਨ 'ਚ ਜਿਹਦਾ ਧਿਆਨ ਜੁੜ ਜਾਂਦੈ। ਸ਼ਬਦ ਧੁਨ ਕਹਿੰਦੇ ਨੇ ਉਹਨੂੰ ਤੇ ਮਹਾਰਾਜ ਨੇ ਕਿਹੈ -

*ਬਿਨੁ ਸਬਦੈ ਅੰਤਰਿ ਆਨੇਰਾ ॥* ਅੰਗ- ੧੨੪

ਸ਼ਬਦ ਦੀ ਧੁਨ ਨਹੀਂ ਆਈ ਤਾਂ ਹਨ੍ਹੇਰਾ ਗੁਬਾਰ ਪਿਐ ਹੈ ਅੰਦਰ -

*ਨ ਵਸਤੁ ਲਹੈ ਨ ਚੂਕੈ ਫੇਰਾ ॥* ਅੰਗ- ੧੨੪

ਨਾ ਤਾਂ ਆਤਮ ਵਸਤੂ ਦੀ ਪ੍ਰਾਪਤੀ ਹੁੰਦੀ ਹੈ ਤੇ ਨਾ ਜੰਮਣ ਮਰਣ ਦਾ ਚੱਕਰ ਛੁਟਦੈ -

*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥* ਅੰਗ- ੧੨੪

ਕੁੰਜੀ ਗੁਰੂ ਦੇ ਕੋਲ ਹੈ।

*'ਚਲਦਾ.........।'*

# ਸਾਸਿ ਸਾਸਿ ਸਿਮਰਹੁ ਗੋਬਿੰਦ

*ਸੰਤ ਬਾਬਾ ਹਰਪਾਲ ਸਿੰਘ ਜੀ,*

*ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੁਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥*
*ਅੰਗ- ੧੧੮੫*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਗੁਰੂ ਚਰਨਾਂ ਨਾਲ ਜੁੜੇ ਹੋ। ਮਹਾਂਪੁਰਖਾਂ ਰਾਹੀਂ ਦਰਸਾਈ ਜੁਗਤ ਸਵਾਸ ਰਾਹੀਂ ਅਭਿਆਸ, ਗੁਰਮੰਤ੍ਰ ਦਾ ਅਭਿਆਸ ਸਾਰਿਆਂ ਨੇ ਸੰਗਤੀ ਰੂਪ ਵਿਚ ਕੀਤਾ। ਮਹਾਂਪੁਰਖਾਂ ਵਲੋਂ ਆਪਣੀ ਅਮਰੀਕਾ ਫੇਰੀ ਦੌਰਾਨ ਉਚੇਚੇ ਤੌਰ 'ਤੇ ਇਥੇ ਬਖਸ਼ਿਸ਼ ਕੀਤੀ। ਇਸ ਧਰਤੀ ਨੂੰ ਮਾਣ ਪ੍ਰਾਪਤ ਹੈ ਕਿ -

*ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥*
*ਅੰਗ- ੩੧੯*

ਮਹਾਂਪੁਰਖਾਂ ਦੇ ਜਦੋਂ ਇਥੇ ਚਰਨ ਪਏ, ਬਹੁਤ ਖੁਸ਼ ਹੋਏ, ਕਿਉਂਕਿ ਐਸੀ ਖੁਸ਼ੀ ਬਖਸ਼ਿਸ਼ ਕਰਦੀ ਹੈ, ਰਹਿਮਤ ਕਰਦੀ ਹੈ। ਕੋਈ ਪਿਛਲਾ ਪੂਰਬਲਾ ਕਰਮ-

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ- ੨੦੪*

ਰਸੀਏ ਪੁਰਸ਼ਾਂ ਦਾ ਮਿਲਾਪ ਹੁੰਦਾ ਹੈ। ਉਹਨਾਂ ਨੇ ਜੁਗਤ ਦੱਸੀ। ਸਤਿਪੁਰਸ਼ਾਂ ਦੇ ਕੋਲ ਜੁਗਤੀ ਹੁੰਦੀ ਹੈ ਕਿ ਨਾਮ ਤਕ ਕਿਵੇਂ ਪਹੁੰਚਾਉਣਾ ਹੈ। ਜੀਵ ਤੇ ਬ੍ਰਹਮ ਦੀ ਅਭੇਦਤਾ ਕਿਵੇਂ ਹੋਣੀ ਹੈ। ਉਹ ਅਭੇਦ ਪੁਰਸ਼ ਜਿਹਨਾਂ ਦੇ ਮਿਲਣ ਨਾਲ ਜਨਮਾਂ-ਜਨਮਾਂ ਦੀ ਸੁੱਤੀ ਪਈ ਸੁਰਤ ਜਾਗੀ। ਅਧਿਕਾਰੀ ਜਾਣ ਕੇ ਉਹ ਬਚਨ ਕਰਦੇ ਹਨ, ਇਥੇ ਸ਼ਰਧਾ ਭਾਵਨਾ ਨੂੰ ਫਲ ਲੱਗਿਆ, ਉਹਨਾਂ ਨੇ ਇਹ ਜੁਗਤ ਦਰਸਾਈ। ਨਹੀਂ ਤਾਂ ਮਹਾਂਪੁਰਖ ਮੌਜ ਦੇ ਮਾਲਕ ਹੁੰਦੇ ਹਨ ਤੇ ਸੁਰਤ ਕਿਵੇਂ ਜਾਗਦੀ ਹੈ, ਅਭਿਆਸ ਨਾਲ ਕਿਉਂਕਿ ਸਾਡਾ ਜਿਹੜਾ ਮੰਤਰ ਹੈ, ਇਸ ਘਰ ਦਾ -

*ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥*
*ਭਾਈ ਗੁਰਦਾਸ ਜੀ, ਵਾਰ ੧੩/੨*

ਧੰਨ ਸ੍ਰੀ ਗੁਰੂ ਨਾਨਕ ਸਾਹਿਬ ਜੀ 36 ਜੁਗ ਦੀ ਕਮਾਈ ਕਰਕੇ, ਕਲਜੁਗ ਦੇ ਸਮੇਂ 'ਚ ਗੁਰਮੰਤ੍ਰ ਲੈ ਕੇ ਆਏ। ਇਹੀ ਕਲਜੁਗ ਦੇ ਵਿਚ ਕਰੋ। ਹੁਣ ਕੋਈ ਹੋਰ ਰੁੱਤ ਨਹੀਂ, ਕੇਵਲ ਆਹੀ ਹੈ ਕਿ ਨਾਮ ਦੇ ਨਾਲ ਜੁੜੋ। ਗੁਰੂ ਦੇ ਵਿਚ ਚਾਹੇ ਤਿੰਨ ਮੰਤਰ ਮੰਨੇ ਜਾਂਦੇ ਹਨ। ਜਗਿਆਸੂ ਦੀ ਮਹਾਂਪੁਰਸ਼ ਅਵਸਥਾ ਵੇਖ ਕੇ, ਜਗਿਆਸਾ ਨੂੰ ਦੇਖਦੇ ਹੋਏ ਉਸ ਅਨੁਸਾਰ ਜੁਗਤ ਦਰਸਾ ਦਿੰਦੇ ਹਨ। ਮਾਲਾ ਮੰਤਰ ਦੇ ਵਿਚ ਜਪੁਜੀ ਸਾਹਿਬ ਦੇ ਪਾਠ ਬਾਰ-ਬਾਰ ਦਸਦੇ ਹਨ ਕਿ 25 ਪਾਠ ਰੋਜ਼ ਵਿਧੀ ਨਾਲ ਕਰ ਲਓ। ਕੋਈ ਵੀ ਕੰਮ ਐਸਾ ਨਹੀਂ ਜਿਹੜਾ ਨਾ ਹੋ ਸਕੇ। ਆਦਿ ਮੰਤਰ ਚੱਲਿਆ ਆਉਂਦਾ ਹੈ 'ਓਅੰ' ਤੋਂ ਸ਼ੁਰੂ ਕਰਕੇ ਜੋ ਵੀ ਵਿਚਕਾਰ ਸ਼ਬਦ ਪੜ੍ਹਨਾ ਹੈ ਆਖੀਰ 'ਤੇ 'ਨਮਹ'। ਇਸ ਤਰ੍ਹਾਂ ਵਿਧੀਆਂ ਹੁੰਦੀਆਂ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਕ੍ਰਿਪਾ ਕੀਤੀ, ਇਸ ਨੂੰ ਬਰੈਕਟ ਵਿਚ ਰੱਖ ੧ ਅੱਗੇ ਲਾ ਦਿਤਾ। ੴ, ਪਹਿਲੀਆਂ-ਪਹਿਲੀਆਂ ਅਵਸਥਾਵਾਂ 'ਚ ਮਹਾਂਪੁਰਖ ਪਾਠ ਦਸ ਦਿੰਦੇ ਕਿ 25 ਪਾਠ ਜਪੁਜੀ ਸਾਹਿਬ ਦੇ ਰੋਜ਼ ਕਰੋ। ਫੇਰ ਇਕ ਮਹਾਂ ਮੰਤਰ ਜਿਵੇਂ ਮੂਲਮੰਤਰ ਹੈ- ੴ ਤੋਂ ਲੈ ਕੇ 'ਨਾਨਕ ਹੋਸੀ ਭੀ ਸਚੁ' ਤੱਕ ਕਰੋ।

ਚਲੋ ਅੱਜ ਦਾ ਜੀਵਨ ਤਾਂ ਬਹੁਤ ਰੁਝੇਵਿਆਂ ਭਰਪੂਰ ਹੈ, ਸਮਾਂ ਨਹੀਂ, ਫੇਰ ਇਹ ਦੱਸ ਦਿੰਦੇ ਕਿ 'ੴ ਸਤਿਨਾਮੁ ਵਾਹਿਗੁਰੂ' ਇਹ ਕਰ ਲਓ। ਇਸ ਤਰ੍ਹਾਂ ਗੁਰਮੰਤ੍ਰ 'ਵਾਹਿਗੁਰੂ' 'ਤੇ ਲੈ ਕੇ ਆਉਂਦੇ। ਜਿਸ ਦਾ ਅਭਿਆਸ ਕਿੰਨੇ ਪਿਆਰ ਨਾਲ 45 ਮਿੰਟ ਇਕ ਅਕਹਿ ਰਸਦਾ ਅਨੰਦ ਮਾਣਿਆ। ਉਸ ਰਸ ਤੋਂ ਬਾਹਰ ਆਉਣਾ ਬਹੁਤ ਔਖਾ ਹੁੰਦਾ ਹੈ। ਧੰਨਤਾ ਦੇ ਯੋਗ ਹੋ ਜਿਹੜੇ ਤੁਸੀਂ ਇਸ ਤਰ੍ਹਾਂ ਦੇ ਨਾਲ ਹਰ ਹਫਤੇ ਇਸ ਪਰਪਾਟੀ ਨੂੰ, ਇਸ ਪਰੰਪਰਾ ਨੂੰ ਅੱਗੇ ਵਧਾ ਰਹੇ ਹੋ। ਇਸ ਨਾਲ ਹੀ ਜੁੜੇ ਰਹੋ। ਆਪੋ ਆਪਣੀ ਅਵਸਥਾ ਦੇ ਮੁਤਾਬਿਕ ਇਹ ਕਰਦੇ ਰਹੋ ਤੇ ਚਾਰ ਬਾਣੀਆਂ ਹਨ ਬੋਲ ਕੇ ਕੀਤਾ, ਫੇਰ ਕਿਹਾ ਉਹਨਾਂ ਨੇ ਕਿ ਅੰਦਰ ਸੁਣੋ। ਸੁਣਨ ਦੀਆਂ ਚਾਰ ਪਉੜੀਆਂ ਦਾ ਮਹਾਤਮ ਜਪੁਜੀ ਸਾਹਿਬ 'ਚ ਆਪਾਂ ਸੁਣਦੇ ਹਾਂ ਕਿ ਕਿੱਡੀਆਂ-ਕਿੱਡੀਆਂ ਅਵਸਥਾਵਾਂ ਸੁਣਨ ਦੇ ਨਾਲ ਮਿਲ ਜਾਂਦੀਆਂ ਹਨ। ਫੇਰ ਕਿੱਡੀ ਬਖਸ਼ਿਸ਼ ਹੁੰਦੀ ਹੈ, ਇਕਾਂਤ ਚੁੱਪ, ਜਦੋਂ ਸਿੱਧੇ ਬੈਠ ਕੇ, ਕਿਉਂਕਿ ਐਨਰਜੀ ਦਾ ਪ੍ਰਵਾਹ ਚਲਦਾ ਹੈ ਜੇ ਸਿੱਧੇ ਬੈਠਾਂਗੇ। ਕਿਉਂਕਿ ਪਹਿਲਾਂ ਸਮ, ਦਮ, ਯਮ ਨਿਯਮ ਹਨ। ਇਹਨਾਂ ਦੇ ਦਸ-ਦਸ ਅੰਗ ਹਨ -

*ਵਿਣੁ ਗੁਣ ਕੀਤੇ ਭਗਤਿ ਨ ਹੋਇ ॥*
*ਅੰਗ- ੪*

ਭਗਤੀ ਨਹੀਂ ਹੋ ਸਕਦੀ। ਫੇਰ ਆਸਣ ਹੈ, ਕਿਸੇ ਵੀ ਆਸਣ 'ਚ, ਜਿਸ ਵਿਚ ਸੁਖੈਨ ਬੈਠ ਸਕਦੇ ਹੋਂ,

ਜਿਵੇਂ ਚੌਂਕੜਾ ਮਾਰ ਕੇ, ਗੋਡਿਆਂ 'ਤੇ ਹੱਥ ਰੱਖ ਕੇ, ਨੇਤਰ ਬੰਦ ਕਰਕੇ, ਇਹਨੂੰ ਸੁਖ ਆਸਨ ਕਹਿੰਦੇ ਹਨ, ਇਹ 'ਚ ਸਿੱਧੇ ਬੈਠ ਕੇ, ਰੀੜ ਦੀ ਹੱਡੀ ਸਿੱਧੀ ਰੱਖੋ ਕੇ, ਸਰੀਰ ਨੂੰ ਢਿੱਲਾ ਛੱਡ ਕੇ ਦੇਖੋ ਕਿ ਸਵਾਸ ਆਉਂਦਾ ਹੈ, ਜਾਂਦਾ ਹੈ। ਇਹ ਤਾਂ ਹਰ ਕੋਈ ਅਣਜਾਣ ਤੋਂ ਅਣਜਾਣ ਵੀ ਜਾਣਦਾ ਹੈ। ਇਹਦੇ ਨਾਲ ਕਿੱਡੀ ਸੁਖੈਨ ਜੁਗਤ ਕਿਉਂਕਿ 'ਕਲਜੁਗ ਨਾਨਕੁ ਨਾਮੁ ਸੁਖਾਲਾ।' ਉਸ ਸਮੇਂ ਜਦੋਂ ਸਵਾਸ ਅੰਦਰ ਜਾਵੇ ਤੇ ਫੇਰ ਪੂਰਾ ਬਾਹਰ ਨੂੰ ਆਵੇ, ਪ੍ਰਾਣ ਵਾਯੂ, ਆਕਸੀਜਨ ਵੱਧ ਤੋਂ ਵੱਧ ਅੰਦਰ ਜਾਵੇ। ਕਿਉਂਕਿ ਮਨ ਦਾ ਸਬੰਧ ਹੈ -

*ਕਹੈ ਕਬੀਰੁ ਸੁਨਹੁ ਰੇ ਸੰਤਹੁ*
*ਇਹੁ ਮਨੁ ਉਡਨ ਪੰਖੇਰੂ ਬਨ ਕਾ ॥* ਅੰਗ- ੧੨੫੩

ਮਨ ਨਾਲ ਹੀ ਸਾਰਾ ਹੈ, ਤਨ ਤਾਂ ਆਪਾਂ ਹਾਜ਼ਰ ਕਰ ਲਿਆ, ਗੁਰੂ ਚਰਨਾਂ 'ਚ ਆ ਗਏ, ਹੁਣ ਮਨ ਨਾਲ ਗੱਲ ਕਰੀਏ। ਕਿਉਂਕਿ ਸਾਰਾ ਕੰਮ ਮਨ ਦਾ ਹੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥* ਅੰਗ- ੩੪੨

ਮਨ ਸਵਾਸ 'ਤੇ ਸਵਾਰ ਹੋ ਕੇ ਦੌੜਦਾ ਹੈ। ਤਨ ਇਥੇ ਬੈਠਾ ਹੈ, ਮਨ ਕਿੱਥੇ-ਕਿੱਥੇ ਲੈ ਜਾਂਦਾ ਹੈ। ਸਤਿਪੁਰਸ਼ ਇਹ ਜੁਗਤ ਦਸਦੇ ਕਿ ਸਵਾਸ ਨੂੰ ਦੇਖੋ। ਕਿਉਂਕਿ ਆਸਣ ਸਿੱਧ ਹੋ ਗਿਆ। 45 ਮਿੰਟ ਜੇ ਸਰੀਰ ਦਾ ਕੋਈ ਅੰਗ ਨਾ ਹਿੱਲੇ ਤਾਂ ਸਮਝੋ ਕਿ ਆਸਣ ਸਿੱਧ ਹੋ ਗਿਆ। ਫੇਰ ਹੈ ਪ੍ਰਾਣਾਯਾਮ। ਪ੍ਰਾਣਾਯਾਮ ਦੇ ਵਿਚ ਇਹ ਫੇਰ ਇਕ ਛੋਟੀ ਜਿਹੀ ਜੁਗਤ ਸਤਿਪੁਰਸ਼ ਦਸਦੇ ਕਿ ਇਸ ਤਰ੍ਹਾਂ ਕਰੋ -

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥* ਅੰਗ- ੨੯੫

ਫੇਰ ਦੇਖ ਲਓ ਸਾਰੀਆਂ ਚਿੰਤਾਵਾਂ ਦੂਰ ਹੋ ਜਾਣਗੀਆਂ। ਸਵਾਸ ਨੂੰ ਦੇਖੋ, ਡੂੰਘਾ ਸਵਾਸ ਲਵੇ, ਘੱਟ ਤੋਂ ਘੱਟ 15 ਸੈਕਿੰਡ ਲੱਗਣ, ਵੱਧ ਇਕ ਮਿੰਟ ਤੱਕ, ਅਭਿਆਸ ਨਾਲ ਹੋ ਜਾਂਦਾ ਹੈ ਇਹ। 'ਸਵਾਸ ਅੰਦਰ ਨੂੰ ਜਾਂਦੇ 'ਵਾਹਿ....' ਤੇ ਬਾਹਰ ਨੂੰ ਸਵਾਸ ਛੱਡਦੇ ਹੋਏ ਉਸ ਦੇ 'ਗੁਰੂ....' ਕਹੋ।

'ਸੁਰਤਿ ਸਬਦਿ ਮਾਰਗ' ਪੁਸਤਕ ਹੈ ਮਹਾਂਪੁਰਸ਼ਾਂ ਦੀ ਲਿਖਤ। ਧੰਨ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਨੇ ਸਤਿਕਾਰਯੋਗ ਮਾਤਾ ਜੀਤੋ ਜੀ ਨੂੰ ਗੁਰਮਤਿ ਯੋਗ ਸਮਝਾਇਆ। ਉਸ ਨੂੰ ਪੂਰੀ ਵਿਆਖਿਆ ਸਹਿਤ ਸਤਿਪੁਰਸ਼ਾਂ ਨੇ ਜਦੋਂ ਦਰਸਾਇਆ ਤਾਂ ਪੁਸਤਕ ਬਣ ਗਈ। ਕਿਵੇਂ ਪ੍ਰਾਣਾਯਾਮ ਕਰਨਾ ਹੈ, ਉਸ ਤੋਂ ਬਾਅਦ ਫੇਰ ਨਿਧਿਆਸਣ ਹੁੰਦਾ ਹੈ। ਮਨ ਦੌੜਦਾ ਹੈ ਬਾਰ-ਬਾਰ। ਫੇਰ ਇਹਨੂੰ ਬਾਰ-ਬਾਰ ਰੋਕਣ ਲਈ ਸਾਹ ਨੂੰ ਲੰਬਾ ਕਰੀ ਚੱਲੋ -

*ਬਾਰੰ ਬਾਰ ਬਾਰ ਪ੍ਰਭੁ ਜਪੀਐ ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥* ਅੰਗ- ੨੮੬

ਕਰਦੇ ਜਾਓ। ਕਿਉਂਕਿ -

*ਮਨ ਲੋਚੈ ਬੁਰਿਆਈਆ। ਗੁਰ ਸਬਦੀ ਇਹ ਮਨ ਹੋੜੀਐ।*

ਸ਼ਬਦ ਹੈ ਧੁਨ। ਧੁਨ ਬਣਾ ਲਓ। ਅੰਦਰਲੀ ਧੁਨ ਇਕ ਐਸੀ ਧੁਨ ਹੈ -

*ਅਨਹਤ ਬਾਣੀ ਥਾਨੁ ਨਿਰਾਲਾ ॥*
*ਤਾ ਕੀ ਧੁਨਿ ਮੋਹੇ ਗੋਪਾਲਾ ॥* ਅੰਗ- ੧੮੬

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥* ਅੰਗ- ੮੭੯

ਨਾਭੀ 'ਤੇ ਜ਼ੋਰ ਦੇ ਕੇ, ਸਵਾਸ ਦੀ ਮਦਦ ਲੈ ਕੇ, ਸੁਰਤਿ ਨੂੰ ਉਸ ਪਾਸੇ ਵਲ ਨੂੰ ਲੈ ਕੇ ਜਾਓ ਜਿਸ ਪਾਸੋਂ ਧੁਨ ਆ ਰਹੀ ਹੈ। ਸ਼ਬਦ ਹੈ ਧੁਨ। ਇਹ ਹੈ ਰਸਤਾ ਇਸ ਘਰ ਦਾ।

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*
ਅੰਗ- ੯੩੮

ਪ੍ਰਾਣ ਦੀ ਮਦਦ ਨਾਲ ਸੁਰਤਿ ਨੂੰ ਉੱਚਾ ਚੁਕਿਆ। ਸਬਦਿ ਨਾਲ ਮਿਲਾਪ ਹੋ ਗਿਆ। ਕਿਉਂਕਿ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥* ਅੰਗ- ੩੦੪

ਜਿਵੇਂ ਚਾਟਸਾਲ ਦੇ ਵਿਚ ਬੈਠਣ ਦਾ ਢੰਗ ਸਿਖਾਇਆ ਜਾਂਦਾ ਹੈ ਕਿ ਧਿਆਨ 'ਚ ਬੈਠੋ। ਕਿਉਂਕਿ ਇਥੇ ਇਕ ਧੁਨ (vibration) ਹੈ, ਮਹਾਂਪੁਰਸ਼ਾਂ ਦਾ ਓਰਾ ਹੈ ਜਿੱਥੇ ਸੁਰਤ ਮੱਲੋ-ਮੱਲੀ ਸ਼ਬਦ ਨਾਲ ਜੁੜ ਜਾਂਦੀ ਹੈ। ਪਵਿੱਤਰ ਅਸਥਾਨ ਹੈ। ਉਸ ਤੋਂ ਬਾਅਦ -

*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥* ਅੰਗ- ੩੦੫

ਉਸ ਅੰਮ੍ਰਿਤ ਦੇ ਸਰੋਵਰ 'ਚ ਇਸ਼ਨਾਨ ਕਰੇ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* ਅੰਗ- ੨੯੩

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥* *ਅੰਗ- ੩੦੫*

ਫੇਰ ਕਹਿੰਦੇ ਜੋ ਇਸ ਤਰ੍ਹਾਂ ਕਰਦਾ ਹੈ, ਉਹ ਸਿੱਖ ਗੁਰੂ ਨੂੰ ਭਾਅ ਜਾਂਦਾ ਹੈ। ਇਹ ਹੈ ਗੁਪਤ ਰਸਤਾ ਇਸ 'ਤੇ ਚਲਦੇ ਜਾਓ।

'ਆਤਮ ਮਾਰਗ' ਸੰਤ ਕਾ ਮਾਰਗ ਹੈ, ਧਰਮ ਦੀ ਪਉੜੀ, ਕਦਮ-ਦਰ-ਕਦਮ ਅੰਦਰਲੀਆਂ ਅਵਸਥਾਵਾਂ ਖੁਲ੍ਹਦੀਆਂ ਜਾਣਗੀਆਂ। ਸੰਗਤ 'ਚ ਇਸ ਤਰ੍ਹਾਂ ਆ ਕੇ ਕਰ ਲਿਆ ਫੇਰ ਜਿੱਥੇ ਵੀ ਡਿਊਟੀ ਲੱਗੀ ਹੈ, ਕੰਮ ਕਾਰ ਕਰਦੇ ਹੋਂ। ਅੰਦਰ ਹੀ ਅੰਦਰ ਇਹ ਕਰੀ ਚੱਲੋ। ਇਸ ਨੂੰ ਕਰਨ ਵਾਸਤੇ ਬਾਰ-ਬਾਰ ਜ਼ੋਰ ਦਿਤਾ ਜਾਂਦਾ ਹੈ ਗੁਰਬਾਣੀ 'ਚ।

ਸੋ ਆਓ, ਇਹ ਜਿਹੜਾ ਵੀ ਹੈ ਇਹ ਤਰੀਕਾ, ਹੈ ਤਾਂ ਅੰਦਰ ਦਾ ਹੀ ਹੈ। ਪਰ ਦਿਆਲੂ, ਕ੍ਰਿਪਾਲੂ ਮਹਾਂਪੁਰਸ਼ ਜਿਹਨਾਂ ਨੇ ਅੰਦਰ ਦਾ ਸਾਰਾ ਮਾਰਗ ਸਮਝਾਇਆ। 'ਆਤਮ ਮਾਰਗ' ਮੈਗਜ਼ੀਨ ਚਲਾਇਆ, ਪੁਸਤਕਾਂ ਹਨ। ਸਾਰੀਆਂ ਹੀ ਗੁਰਬਾਣੀ ਦੇ ਪ੍ਰਕਾਸ਼ ਅੰਦਰ, ਅੰਦਰ ਦਾ ਰਸਤਾ ਖੋਲ੍ਹਦੀਆਂ ਹਨ। ਵਿਚਾਰੋ। ਫੇਰ ਪਤਾ ਲਗ ਜਾਂਦਾ ਹੈ ਜਦੋਂ ਨਿਧਿਆਸਣ ਤੋਂ ਬਾਅਦ ਫੇਰ ਅੱਗੇ ਧਾਰਨਾ ਹੈ, ਧਿਆਨ ਹੈ, ਸਮਾਧੀ ਹੈ। ਇਹ ਸਾਰੀਆਂ ਅੰਦਰ ਦੀਆਂ ਅਵਸਥਾਵਾਂ ਹਨ, ਇਕ ਸਾ-ਵਿਕਲਪ ਸਮਾਧ ਹੈ, ਜਿਸ ਵਿਚ ਸੰਕਲਪ-ਵਿਕਲਪ ਹਨ। ਪਤਾ ਲਗ ਜਾਂਦਾ ਹੈ ਕਿ ਕਿੰਨੇ ਸਮੇਂ ਤੋਂ ਬੈਠੇ ਹਾਂ। ਹੁਣ ਆਪਾਂ ਨੂੰ ਪਤਾ ਲਗ ਗਿਆ ਕਿ 45 ਮਿੰਟ ਸਵਾਸ ਰਾਹੀਂ ਅਭਿਆਸ, ਸਤਿਪੁਰਸ਼ਾਂ ਦੀ ਦਰਸਾਈ ਜੁਗਤ ਅਨੁਸਾਰ ਕੀਤਾ। ਨਿਰਵਿਕਲਪ ਸਮਾਧ ਜਿੱਥੇ ਕੋਈ ਸੰਕਲਪ ਵਿਕਲਪ ਹੈ ਹੀ ਨਹੀਂ। ਸਮੇਂ ਦਾ ਪਤਾ ਨਹੀਂ ਲਗਦਾ ਜਦੋਂ ਅਸੀਂ ਬੈਠ ਕੇ ਐਸੇ ਵਾਤਾਵਰਣ 'ਚ ਨਿਤਨੇਮ ਨਾਲ ਕਰਦੇ ਹਾਂ। ਸਿੱਖ ਦੀ ਜੋ ਪਰਿਭਾਸ਼ਾ ਹੈ ਉਹ ਇਸ ਸ਼ਬਦ 'ਚ ਦਿਤੀ ਹੈ।

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥* *ਅੰਗ- ੩੦੬*

ਉਸ ਸਿੱਖ ਨੂੰ ਫੇਰ ਗੁਰੂ ਉਹ ਉਪਦੇਸ਼ ਜਿਹੜਾ ਗੁਰਬਾਣੀ ਦੇ ਵਿਚ ਹੈ, ਜੀਵ ਤੇ ਬ੍ਰਹਮ ਦੀ ਅਭੇਦਤਾ ਦਾ, ਦ੍ਰਿੜ੍ਹ ਕਰਵਾ ਦਿੰਦਾ ਹੈ। ਫੇਰ ਐਸੇ ਗੁਰਸਿੱਖ ਦੀ ਡਿਊਟੀ ਲਗਦੀ ਹੈ ਕਿ ਉਹ ਆਪ ਨਾਮ ਜਪੇ ਤੇ ਹੋਰਨਾਂ ਨੂੰ ਨਾਮ ਜਪਾਵੇ।

ਸੋ ਅਮਰੀਕਾ ਇਸ ਅਸਥਾਨ 'ਤੇ ਮਹਾਂਪੁਰਸ਼ ਆਏ। ਮਹਾਂਪੁਰਸ਼ਾਂ ਤੋਂ ਬਾਅਦ ਵੀ ਸੰਗਤਾਂ ਦਾ ਉਤਸ਼ਾਹ ਇਸੇ ਤਰ੍ਹਾਂ ਬਰਕਰਾਰ ਹੈ। ਕਲਜੁਗ ਦੀ ਮਾਰ ਤੋਂ ਇਹ ਸੰਗਤ ਉਪਰ ਹੈ, ਬਹੁਤ ਕ੍ਰਿਪਾ ਹੈ। ਸੋ ਲੱਗੇ ਰਹੋ -

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥*
*ਅੰਗ- ੧੦੯੬*

ਕਹਿੰਦੇ ਪਿੱਛੇ ਫੇਰ ਥੋੜ੍ਹਾ ਜਿਹਾ ਵੀ ਘੁੰਮ ਕੇ ਨਾ ਦੇਖੋ -

*ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ ॥*
*ਅੰਗ- ੧੦੯੬*

ਇਕ ਦਿਨ ਉਹ ਅਵਸਥਾ ਫੇਰ ਮਿਲ ਜਾਂਦੀ ਹੈ ਜਿਸ ਨੂੰ ਸਹਿਜ ਸਮਾਧ ਕਹਿੰਦੇ ਹਨ। ਉਹਦਾ ਰਸ ਫੇਰ-

*ਸਹਜ ਸਮਾਧਿ ਲਗੀ ਲਿਵ ਅੰਤਰਿ*
*ਸੋ ਰਸੁ ਸੋਈ ਜਾਣੈ ਜੀਉ ॥* *ਅੰਗ- ੧੦੬*

ਸੋ ਸ਼ਰਧਾ ਰੂਪ ਝੋਲੀ ਲੈ ਕੇ ਜੋ ਕੋਈ ਆਉਂਦਾ ਹੈ, ਫੇਰ ਇਹ ਨਹੀਂ ਕਿ ਇਸ ਦਰ ਤੋਂ ਕੋਈ ਖਾਲੀ ਜਾਵੇ। ਸਤਿਗੁਰ ਕ੍ਰਿਪਾ ਕਰਨਗੇ, ਰਹਿਮਤ ਕਰਨਗੇ ਫੇਰ ਸਾਡੀ ਜਿਹੜੀ ਇਹ ਜੀਵਨ ਯਾਤਰਾ ਹੈ, ਬਹੁਤ ਹੀ ਖੁਸ਼ੀਆਂ ਖੇੜਿਆਂ ਵਾਲੀ ਹੋ ਜਾਵੇਗੀ। ਜੇ ਅਸੀਂ ਅੰਦਰੋਂ ਉਸ ਅਨੰਦ 'ਚ ਚਲੇ ਗਏ ਫੇਰ -

*ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ ॥*
*ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥* *ਅੰਗ- ੧੧੩੬*

ਜਿਸ ਮੰਤਰ ਨੂੰ ਦ੍ਰਿੜ੍ਹ ਕਰ ਲਵਾਂਗੇ, ਵਿਸ਼ਵਾਸ਼ 'ਚ ਆਵਾਂਗੇ ਫੇਰ ਕੋਈ ਦੁਖੀ ਨਹੀਂ ਹੋ ਸਕਦਾ। ਜੇ ਦੁਖ ਆਏਗਾ ਵੀ ਫੇਰ ਦਾਰੂ ਬਣੇਗਾ, ਨਾਮ ਨਾਲ ਹੋਰ ਜੋੜੇਗਾ। ਸੋ ਆਓ, ਇਸ ਤਰ੍ਹਾਂ ਦੇ ਨਾਲ ਇਹ ਕਰਦੇ ਜਾਓ। ਅੱਗੇ ਫੇਰ ਸਤਿਗੁਰ ਦਾ ਕੰਮ ਹੈ, ਉਸ ਨੇ ਜਿੱਥੇ ਪਹੁੰਚਾਣਾ ਹੈ। ਕਿਉਂਕਿ ਜੇ ਆਖਰੀ ਸਵਾਸ 'ਤੇ ਗੁਰੂ ਦਾ ਜੇ ਮੰਤਰ ਹੋਵੇਗਾ -

*ਅੰਤਿ ਕਾਲਿ ਨਾਰਾਇਣੁ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਬਦਤਿ ਤਿਲੋਚਨੁ ਤੇ ਨਰ ਮੁਕਤਾ*
*ਪੀਤੰਬਰੁ ਵਾ ਕੇ ਰਿਦੈ ਬਸੈ ॥* *ਅੰਗ- ੫੨੬*

ਫੇਰ ਆਪ ਹੀ ਉਸ ਜਗ੍ਹਾ 'ਤੇ ਪਹੁੰਚ ਜਾਵਾਂਗੇ, ਗੁਰੂ ਦੇ ਲੋਕ 'ਚ। ਸੋ ਇਸ ਜੁਗਤ ਨੂੰ ਜ਼ਰੂਰ ਅਪਣਾਓ। ਅਭਿਆਸ ਕਰੋ। ਸੋ ਐਨੀਆਂ ਬੇਨਤੀਆਂ ਪ੍ਰਵਾਨ ਕਰੋ।

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।*

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-44)*

**ਸਿਰੀਰਾਗੁ ਮਹਲਾ ੩**
**ਜਿਨੀ ਇਕ ਮਨਿ ਨਾਮੁ ਧਿਆਇਆ ਗੁਰਮਤੀ ਵੀਚਾਰਿ॥**

ਹੇ ਭਾਈ! ਜਿਨੀ=ਜਿਨ੍ਹਾਂ ਨੇ ਇਕ ਮਨਿ=ਇਕਾਗਰ ਚਿੱਤ ਹੋ ਕੇ ਪਰਮੇਸ਼ਰ ਦੇ ਨਾਮ ਨੂੰ ਧਿਆਇਆ=ਧਿਆਉਣਾ ਕੀਤਾ ਹੈ ਅਤੇ ਗੁਰਮਤੀ=ਗੁਰੂ ਦੀ ਸਿਖਿਆ ਦੁਆਰਾ ਸਦਾ ਸਤਿ ਦੀ ਵੀਚਾਰ ਕੀਤੀ ਹੈ ਵਾ: ਜਿਨ੍ਹਾਂ ਨੂੰ ਗੁਰਮਤਿ ਦੀ ਵੀਚਾਰ ਪ੍ਰਾਪਤ ਹੋਈ ਹੈ।

**ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ॥**

ਤਿਤੁ=ਉਸ ਸਚੈ=ਸੱਚੇ ਪਰਮੇਸ਼ਰ ਦੇ ਸਾਧਸੰਗਤਿ, ਸੱਚਖੰਡ ਰੂਪੀ ਦਰਬਾਰ ਵਿਚ ਤਿਨ=ਉਨ੍ਹਾਂ ਕੇ=ਦੇ ਅੰਤਹਕਰਣ ਰੂਪੀ ਮੁਖ=ਮੁਖੜੇ ਸਦਾ=ਹਮੇਸ਼ਾ ਹੀ ਉਜਲੇ=ਪਵਿੱਤਰ ਹੁੰਦੇ ਹਨ।

**ਓਇ ਅੰਮ੍ਰਿਤੁ ਪੀਵਹਿ ਸਦਾ ਸਦਾ ਸਚੈ ਨਾਮਿ ਪਿਆਰਿ॥**

ਓਇ=ਉਹ ਗੁਰਮੁਖ ਗੁਰਾਂ ਦੁਆਰਾ ਬਖਸ਼ੀ ਨਾਮ ਅੰਮ੍ਰਿਤ ਦੀ ਦਾਤ ਨੂੰ ਵਾ: ਬ੍ਰਹਮਾਨੰਦ ਰੂਪੀ ਅੰਮ੍ਰਿਤ ਨੂੰ ਸਦਾ ਸਦਾ=ਹਮੇਸ਼ਾ-ਹਮੇਸ਼ਾ ਹੀ ਪੀਵਹਿ=ਪੀਂਦੇ ਹਨ ਅਤੇ ਸਚੈ=ਸੱਚੇ ਪਰਮੇਸ਼ਰ ਦੇ ਨਾਮ ਨਾਲ ਪਿਆਰਿ=ਸਨੇਹ ਕਰਦੇ ਹਨ।

**ਭਾਈ ਰੇ ਗੁਰਮੁਖਿ ਸਦਾ ਪਤਿ ਹੋਇ॥**

ਹੇ ਭਾਈ! ਗੁਰਮੁਖਾਂ ਦੀ ਸਦਾ=ਹਮੇਸ਼ਾ ਲੋਕ ਤੇ ਪ੍ਰਲੋਕ 'ਚ ਪਤਿ=ਇੱਜ਼ਤ ਹੁੰਦੀ ਹੈ।

**ਹਰਿ ਹਰਿ ਸਦਾ ਧਿਆਈਐ ਮਲੁ ਹਉਮੈ ਕਢੈ ਧੋਇ॥ਰਹਾਉ॥**

ਹੇ ਭਾਈ! ਉਸ ਹਰਿ=ਪ੍ਰਭੂ ਨੂੰ ਸਦਾ=ਹਮੇਸ਼ਾ ਧਿਆਈਐ=ਧਿਆਵੋ ਜੋ ਸਾਰਿਆਂ ਨੂੰ ਹਰਿ=ਹਰੇ ਭਰੇ ਕਰਨ ਵਾਲਾ ਹੈ। ਕਿਉਂਕਿ ਪਰਮੇਸ਼ਰ ਦਾ ਨਾਮ ਹਉਮੈ=ਹੰਗਤਾਂ ਦੀ ਮੈਲ ਨੂੰ ਧੋ ਕੇ ਹਿਰਦੇ ਵਿਚੋਂ ਬਾਹਰ ਕੱਢ ਦਿੰਦਾ ਹੈ, ਭਾਵ ਨਾਮ ਰੂਪੀ ਸਾਬਣ ਦਾ ਪ੍ਰੇਮ ਰੂਪੀ ਜਲ ਉਕਤੀਆਂ ਜੁਗਤੀਆਂ ਰੂਪੀ ਮੁੱਕੀਆਂ ਦੁਆਰਾ ਬੁੱਧੀ, ਦੇਹ ਵਾ: ਮਨ ਰੂਪੀ ਕੱਪੜੇ ਦੀ ਮੈਲ ਧੋਈ ਜਾਂਦੀ ਹੈ।

**ਮਨਮੁਖ ਨਾਮੁ ਨ ਜਾਣਨੀ ਵਿਣੁ ਨਾਵੈ ਪਤਿ ਜਾਇ॥**

ਜੋ ਮਨਮੁਖ ਲੋਕ ਪ੍ਰਭੂ ਦੇ ਨਾਮ ਨੂੰ ਨ ਜਾਣਨੀ=ਜਾਣਦੇ ਹੀ ਨਹੀਂ ਹਨ, ਉਨ੍ਹਾਂ ਦੀ ਬਿਨਾਂ ਪ੍ਰਭੂ ਦੇ ਨਾਵੈ=ਨਾਮ ਤੋਂ ਲੋਕ ਪ੍ਰਲੋਕ ਵਿਚੋਂ ਪਤਿ ਜਾਇ=ਇੱਜ਼ਤ ਚਲੀ ਜਾਂਦੀ ਹੈ ਭਾਵ ਉਹ ਕਾਮ ਕ੍ਰੋਧ ਆਦਿ ਵਿਕਾਰਾਂ ਕਰਕੇ ਇਸ ਲੋਕ 'ਚ ਵੀ ਬੇਇੱਜ਼ਤ ਹੁੰਦੇ ਰਹਿੰਦੇ ਹਨ ਤੇ ਨਾਮ ਤੋਂ ਸੱਖਣੇ ਹੋਣ ਕਰਕੇ ਪਰਲੋਕ 'ਚ ਵੀ ਮਾਣ ਨਹੀਂ ਪਾ ਸਕਦੇ।

**ਸਬਦੈ ਸਾਦੁ ਨ ਆਇਓ ਲਾਗੇ ਦੂਜੈ ਭਾਇ॥**

ਉਨ੍ਹਾਂ ਮਨਮੁਖਾਂ ਨੂੰ ਸਬਦੈ=ਗੁਰੂ ਦੇ ਉਪਦੇਸ਼ ਦਾ ਸਾਦੁ=ਰਸ ਨਹੀਂ ਆਇਆ ਕਿਉਂਕਿ ਉਹ ਤਾਂ ਦੂਜੈ ਭਾਇ=ਦਵੈਤ-ਭਾਵ 'ਚ ਹੀ ਲਾਗੇ=ਲੱਗੇ ਰਹਿੰਦੇ ਹਨ ਭਾਵ ਹਰ ਸਮੇਂ ਬੁਰਿਆਈਆਂ ਹੀ ਚਿਤਵਦੇ ਤੇ ਕਮਾਉਂਦੇ ਹਨ।

**ਵਿਸਟਾ ਕੇ ਕੀੜੇ ਪਵਹਿ ਵਿਚਿ ਵਿਸਟਾ ਸੇ ਵਿਸਟਾ ਮਾਹਿ ਸਮਾਇ॥**

ਐਸੇ ਪੁਰਸ਼ ਪਹਿਲਾਂ ਵੀ ਨਰਕ ਵਾ: ਮਾਤਾ ਦੇ ਗਰਭ ਰੂਪੀ ਵਿਸਟਾ=ਗੰਦਗੀ ਕੇ=ਦੇ ਕੀੜੇ=ਕਿਰਮ ਸਨ ਤੇ ਹੁਣ ਭੀ ਵਿਸ਼ੇ-ਵਿਕਾਰਾਂ ਜਾਂ ਮੰਦ ਕਰਮਾਂ ਰੂਪੀ ਵਿਸਟਾ=ਗੰਦਗੀ 'ਚ ਪਵਹਿ=ਪਏ ਰਹਿੰਦੇ ਹਨ ਅਤੇ ਮਰ ਕੇ ਫਿਰ ਸੇ=ਉਹ ਜੂਨੀਆਂ ਵਾ: ਨਰਕਾਂ ਰੂਪੀ ਵਿਸਟਾ=ਗੰਦਗੀ ਵਿਚ ਹੀ ਸਮਾਇ=ਸਮਾਉਣਗੇ ਭਾਵ ਜਾਣਗੇ।

**ਤਿਨ ਕਾ ਜਨਮੁ ਸਫਲੁ ਹੈ ਜੋ ਚਲਹਿ ਸਤਗੁਰ ਭਾਇ॥**

ਤਿਨ ਕਾ=ਉਨ੍ਹਾਂ ਗੁਰਮੁਖਾਂ ਦਾ ਮਨੁੱਖਾ ਜਨਮ ਸਫਲੁ=ਸਫਲਾ ਵਾ: ਗਿਆਨ ਰੂਪੀ (ਸ+ਫਲੁ) ਫਲ ਦੇ ਸ=ਸਹਿਤ ਹੈ, ਜੋ ਸਤਿਗੁਰਾਂ ਦੇ ਭਾਇ=ਅਨੁਸਾਰੀ ਹੋ ਕੇ ਵਾ: ਭਾਇ=ਪ੍ਰੇਮ ਵਿਚ ਚਲਦੇ ਹਨ।

**ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ॥**

ਉਹ ਗੁਰਮੁਖ ਆਪਣਾ ਤੇ ਆਪਣੀਆਂ ਕੁਲਾਂ ਦਾ ਉਧਾਰ ਕਰ ਲੈਂਦੇ ਹਨ।

ਉਨ੍ਹਾਂ ਗੁਰਮੁਖਾਂ ਨੂੰ ਜਣੇਦੀ=ਜਣਨ ਵਾਲੀ ਅਰਥਾਤ ਜਨਮ ਦੇਣ ਵਾਲੀ ਮਾਇ=ਮਾਤਾ ਵੀ ਧੰਨੁ=ਧੰਨਤਾ ਦੇ ਯੋਗ ਹੈ; ਜੈਸਾ ਕਿ -

**ਹਰਿ ਹਰਿ ਨਾਮੁ ਧਿਆਈਐ ਜਿਸ ਨਉ ਕਿਰਪਾ ਕਰੇ ਰਜਾਇ॥**

ਹੇ ਭਾਈ! ਹਰਿ=ਸਾਰਿਆਂ ਨੂੰ ਹਰੇ ਭਰੇ ਕਰਨ ਵਾਲੇ

ਪ੍ਰਭੂ ਦਾ ਵਾ: ਹਰਿ=ਪਾਪਾਂ ਦੇ ਹਰਨ ਵਾਲੇ ਪ੍ਰਭੂ ਦਾ ਨਾਮ ਧਿਆਵੋ। ਪਰ ਉਹੋ ਧਿਆਉਂਦਾ ਹੈ ਜਿਸ ਨਉ=ਤਾਈਂ ਭਾਵ ਉਤੇ ਰਜਾਇ=ਆਗਿਆ 'ਚ ਚਲਾਉਣ ਵਾਲਾ ਪ੍ਰਭੂ ਆਪਣੀ ਕਿਰਪਾ ਕਰਦਾ ਹੈ ਵਾ: ਉਹੋ ਗੁਰਮੁਖ ਜਨ ਸਿਮਰਨ ਕਰਦੇ ਹਨ ਜੋ ਪ੍ਰਭੂ ਦੀ ਕਿਰਪਾ ਦਾ ਸਦਕਾ, ਪ੍ਰਭੂ ਦੀ ਆਗਿਆ 'ਚ ਰਹਿੰਦੇ ਹਨ।

**ਜਿਨੀ ਗੁਰਮੁਖਿ ਨਾਮੁ ਧਿਆਇਆ
ਵਿਚਹੁ ਆਪੁ ਗਵਾਇ॥**

ਜਿਨੀ=ਜਿਨ੍ਹਾਂ ਗੁਰਮੁਖਾਂ ਨੇ ਅਧਿਕਾਰੀ ਬਣ ਕੇ ਵਾਹਿਗੁਰੂ ਦੇ ਨਾਮ ਨੂੰ ਧਿਆਇਆ ਹੈ ਤੇ ਆਪਣੇ ਵਿਚਹੁ=ਅੰਦਰੋਂ ਆਪੁ=ਆਪਾ-ਭਾਵ ਅਰਥਾਤ ਹੰਕਾਰ ਗਵਾਇ=ਗਵਾ ਲਿਆ ਹੈ।

**ਓਇ ਅੰਦਰਹੁ ਬਾਹਰਹੁ ਨਿਰਮਲੇ ਸਚੇ ਸਚਿ
ਸਮਾਇ॥**

ਉਹ ਗੁਰਮੁਖ ਜਨ ਅੰਦਰਹੁ=ਅੰਦਰੋਂ ਭਾਵ ਅੰਤਹਕਰਣ ਕਰਕੇ ਵੀ ਤੇ ਬਾਹਰਹੁ=ਬਾਹਰੋਂ ਸਰੀਰ ਕਰਕੇ ਵੀ ਨਿਰਮਲੇ=ਸ਼ੁੱਧ ਸਰੂਪ ਵਾ: ਉੱਜਲੇ ਹੋ ਜਾਂਦੇ ਹਨ ਅਤੇ ਉਹ ਸੱਚੇ ਨਾਮ ਨੂੰ ਜਪ ਕੇ ਸੱਚ ਸਰੂਪ ਵਿਚ ਸਮਾਇ=ਸਮਾ ਜਾਂਦੇ ਹਨ।

**ਨਾਨਕ ਆਏ ਸੇ ਪਰਵਾਣੁ ਹਹਿ
ਜਿਨ ਗੁਰਮਤੀ ਹਰਿ ਧਿਆਇ॥**

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਐਸੇ ਪਵਿੱਤ੍ਰ ਜੀਵਨ ਵਾਲੇ ਗੁਰਮੁਖ ਹੀ ਸੰਸਾਰ 'ਚ ਆਏ ਪਰਵਾਣੁ=ਪ੍ਰਵਾਣੀਕ ਹਰਿ=ਜਨ, ਜਿਨ੍ਹਾਂ ਨੇ ਗੁਰਮਤੀ (ਗੁਰ+ਮਤੀ) ਗੁਰ=ਸਤਿਗੁਰਾਂ ਦੀ ਮਤੀ=ਮੱਤ ਵਾ: ਸਿੱਖਿਆ ਦੁਆਰਾ ਹਰਿ=ਪ੍ਰਭੂ ਨੂੰ ਧਿਆਇ=ਧਿਆਉਣਾ ਕੀਤਾ ਹੈ।

**ਸਿਰੀਰਾਗੁ ਮਹਲਾ ੩
ਹਰਿ ਭਗਤਾ ਹਰਿ ਧਨੁ ਰਾਸਿ ਹੈ
ਗੁਰ ਪੂਛਿ ਕਰਹਿ ਵਾਪਾਰੁ॥**

ਹਰਿ ਭਗਤਾ=ਪ੍ਰਭੂ ਦੇ ਭਗਤਾਂ ਪਾਸ ਹਰਿ ਧਨੁ=ਪ੍ਰਭੂ ਦੇ ਨਾਮ ਰੂਪੀ ਧਨ ਦੀ ਰਾਸਿ=ਪੂੰਜੀ ਹੈ ਤੇ ਉਹ ਗੁਰ=ਸਤਿਗੁਰਾਂ ਨੂੰ ਪੂਛਿ=ਪੁੱਛ ਕੇ ਆਪ ਨਾਮ ਜਪਦੇ ਹਨ ਤੇ ਹੋਰਨਾਂ ਤੋਂ ਨਾਮ ਜਪਾਉਣ ਰੂਪ ਵਾਪਾਰੁ=ਵਣਜ ਕਰਹਿ=ਕਰਦੇ ਹਨ।

**ਹਰਿ ਨਾਮੁ ਸਲਾਹਨਿ ਸਦਾ ਸਦਾ
ਵਖਰੁ ਹਰਿ ਨਾਮੁ ਆਧਾਰ॥**

ਉਹ ਭਗਤ=ਪ੍ਰਭੂ ਦੇ ਭਗਤਾਂ ਪਾਸ ਹਰਿ ਧਨੁ=ਪ੍ਰਭੂ ਦੇ ਨਾਮ ਰੂਪੀ ਧਨ ਦੀ ਰਾਸਿ=ਪੂੰਜੀ ਹੈ ਤੇ ਉਹ ਗੁਰ=ਸਤਿਗੁਰਾਂ ਨੂੰ ਪੂਛਿ=ਪੁੱਛ ਕੇ ਆਪ ਨਾਮ ਜਪਦੇ ਹਨ ਤੇ ਹੋਰਨਾਂ ਤੋਂ ਨਾਮ ਜਪਾਉਣ ਰੂਪ ਵਾਪਾਰੁ=ਵਣਜ ਕਰਹਿ=ਕਰਦੇ ਹਨ।

**ਹਰਿ ਨਾਮੁ ਸਲਾਹਨਿ ਸਦਾ ਸਦਾ
ਵਖਰੁ ਹਰਿ ਨਾਮੁ ਅਧਾਰੁ॥**

ਉਹ ਭਗਤ ਜਨ ਸਦਾ-ਸਦਾ=ਹਮੇਸ਼ਾ-ਹਮੇਸ਼ਾ ਹੀ ਹਰਿ ਨਾਮੁ=ਪ੍ਰਭੂ ਨਾਮ ਦੀ ਸਿਫਤ ਸਲਾਹਣਾ ਕਰਦੇ ਹਨ ਤੇ ਹਰਿ ਨਾਮੁ=ਪ੍ਰਭੂ ਨਾਮ ਰੂਪੀ ਵਖਰੁ=ਲਾਭਦਾਇਕ ਸੌਦਾ ਹੀ ਉਨ੍ਹਾਂ ਦਾ ਅਧਾਰੁ=ਆਸਰਾ ਹੈ।

**ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ
ਹਰਿ ਭਗਤਾ ਅਤੁਟੁ ਭੰਡਾਰੁ॥**

ਉਨ੍ਹਾਂ ਨੂੰ ਪੂਰੇ ਸਤਿਗੁਰਾਂ ਨੇ ਹਰਿ ਨਾਮੁ=ਪ੍ਰਭੂ ਦਾ ਨਾਮ ਦ੍ਰਿੜਾਇਆ=ਦ੍ਰਿੜ੍ਹ ਭਾਵ ਪੱਕਾ ਕਰਾਇਆ ਹੈ। ਇਸ ਲਈ ਉਨ੍ਹਾਂ ਹਰਿ ਭਗਤਾ=ਰੱਬ ਦੇ ਭਗਤਾਂ ਨੂੰ ਅਤੁਟੁ=ਨਾ ਮੁੱਕਣ ਵਾਲਾ ਨਾਮ ਰੂਪੀ ਭੰਡਾਰੁ=ਖਜ਼ਾਨਾ ਪ੍ਰਾਪਤ ਹੋਇਆ ਹੈ।

**ਭਾਈ ਰੇ ਇਸੁ ਮਨ ਕਉ ਸਮਝਾਇ॥**

ਹੇ ਭਾਈ! ਇਸ ਮਨ ਕਉ=ਨੂੰ ਗੁਰੂ ਉਪਦੇਸ਼ ਦੁਆਰਾ ਸਮਝਾਇ=ਸਮਝਾਉਣਾ ਕਰੋ।

**ਏ ਮਨ ਆਲਸੁ ਕਿਆ ਕਰਹਿ
ਗੁਰਮੁਖਿ ਨਾਮੁ ਧਿਆਇ॥ ਰਹਾਉ॥**

ਕਿ ਏ=ਹੇ ਮਨ! ਤੂੰ ਆਲਸੁ=ਦਲਿੱਦ੍ਰ ਕਿਆ=ਕੀ ਕਰਹਿ=ਕਰਦਾ ਹੈਂ? ਤੂੰ ਗੁਰਮੁਖਾਂ ਦੀ ਸੰਗਤ ਕਰ ਕੇ ਵਾ: ਗੁਰਾਂ ਦੁਆਰਾ ਹਰਿ ਨਾਮ ਨੂੰ ਧਿਆਇ=ਧਿਆਉਣਾ ਕਰ।

**ਹਰਿ ਭਗਤਿ ਹਰਿ ਕਾ ਪਿਆਰੁ ਹੈ
ਜੇ ਗੁਰਮੁਖਿ ਕਰੇ ਬੀਚਾਰੁ॥**

ਜੇ=ਜੋ ਗੁਰਮਤਿ ਦੁਆਰਾ ਗੁਰਮੁਖ ਬਣ ਕੇ ਸਤਸੰਗਤ ਵਿਚ ਨਿਜ ਸਰੂਪ ਦਾ ਬੀਚਾਰ ਕਰੇ=ਕਰਦੇ ਹਨ, ਉਹੋ ਹੀ ਹਰਿ=ਪਰਮੇਸ਼ਰ ਦੀ ਸੱਚੀ ਭਗਤਿ=ਭਗਤੀ ਕਰਦੇ ਹਨ ਤੇ ਉਨ੍ਹਾਂ ਦੇ ਹਿਰਦੇ ਵਿਚ ਹਰਿ=ਪਰਮੇਸ਼ਰ ਦੀ ਭਗਤੀ ਵਿਚ ਹਰਿ=ਪਰਮੇਸ਼ਰ ਦੀ ਭਗਤੀ ਕਾ=ਦਾ ਹੀ ਪਿਆਰੁ=ਸਨੇਹ ਹੈ।

**ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ॥**

ਹੇ ਭਾਈ! ਪਾਖੰਡ ਕਰਨ ਨਾਲ ਪਰਮੇਸ਼ਰ ਦੀ ਭਗਤਿ=ਭਗਤੀ ਨਹੀਂ ਹੋਵਈ=ਹੁੰਦੀ ਭਾਵ ਜੋ ਪਾਖੰਡੀ ਪੁਰਸ਼ ਹਨ, ਉਹ ਬਾਹਰੋਂ ਅੱਖਾਂ ਮੀਟ-ਮੀਟ ਕੇ ਦਿਖਾਉਂਦੇ ਹਨ। ਹੋਰ ਅਨੇਕਾਂ ਝੂਠੇ ਦਿਖਾਵੇ ਕਰਦੇ ਹਨ, ਪਰ ਇਸ ਤਰ੍ਹਾਂ ਪ੍ਰਭੂ ਦੀ ਭਗਤੀ ਨਹੀਂ ਹੁੰਦੀ।

ਉਹ ਦੁਬਿਧਾ=ਦੁਚਿਤੀ ਵਾ: ਦਵੈਤ ਭਾਵਨਾ ਕਰਕੇ ਜੋ ਬੋਲਦੇ ਹਨ, ਉਸ ਕਰਕੇ ਖੁਆਰੁ=ਦੁਖੀ ਵਾ: ਖਰਾਬ ਹੀ ਹੁੰਦੇ ਹਨ।

**ਸੋ ਜਨੁ ਰਲਾਇਆ ਨਾ ਰਲੈ
ਜਿਸੁ ਅੰਤਰਿ ਬਿਬੇਕ ਬੀਚਾਰੁ॥**

ਸੋ ਜਨੁ=ਉਹ ਗੁਰਮੁਖ, ਪ੍ਰੇਮੀ ਜਨ ਸੰਸਾਰ ਵਿਚ ਰਲਾਇਆਂ ਨਹੀਂ ਰਲਦੇ। ਭਾਵ ਉਹ ਨਿਰਲੇਪ ਰਹਿੰਦੇ ਹਨ। ਜਿਸੁ ਅੰਤਰਿ=ਜਿਨ੍ਹਾਂ ਦੇ ਅੰਦਰ ਬਿਬੇਕ ਤੇ ਬੀਚਾਰੁ=ਸਤਿ ਅਸਤਿ ਦੀ ਵੀਚਾਰ ਹੈ ਵਾ: (ਬਿਬ+ਏਕ)

*(ਬਾਕੀ ਪੰਨਾ 45 'ਤੇ)*

# ਨੂਰਾਨੀ ਮਿਲਾਪ - 7

*(ਡਾ.) ਭਾਈ ਸੁਖਵਿੰਦਰ ਸਿੰਘ*

(ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ)

***ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥***

***ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥(ਅੰਗ-612)***

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-45)*

## ਨੂਰਾਨੀ ਮਿਲਾਪ ਦਾ ਪਰਤਾਪ

### ਸ਼ਰਧਾ-ਪਿਆਰ-ਵੈਰਾਗ ਦੀ ਮੂਰਤ - ਰਾਏ ਬੁਲਾਰ

ਇਲਾਕੇ ਦਾ ਮੁਸਲਮਾਨ ਹਾਕਮ 'ਰਾਏ ਬੁਲਾਰ ਜੀ' ਪੂਰਬਲੇ ਕੀਤੇ ਪੁੰਨ ਕਰਮਾਂ ਕਰਕੇ ਸ਼ਰਧਾ, ਪਿਆਰ ਤੇ ਵੈਰਾਗ ਦੀ ਮੂਰਤ ਸੀ। ਦੁਨੀਆਂਦਾਰੀ ਦੀਆਂ ਵਡਿਆਈਆਂ ਪ੍ਰਾਪਤ ਰਾਏ ਜੀ ਸਤਿਗੁਰੂ ਗੁਰੂ ਨਾਨਕ ਪ੍ਰਤੀ ਵੀ ਅਥਾਹ ਸ਼ਰਧਾ ਰੱਖਦੇ ਸਨ। ਗੁਰਦੇਵ ਨੂੰ ਸਾਖਸ਼ਾਤ ਅੱਲਾ ਦਾ ਰੂਪ ਜਾਣਦੇ, ਸਮਝਦੇ ਹੀ ਨਹੀਂ ਸਨ ਸਗੋਂ ਦੂਜਿਆਂ ਨੂੰ ਇਸ ਭਾਵਨਾ ਪ੍ਰਤੀ ਉਤਸਕ ਕਰਨ ਦੀ ਹਰ ਵਕਤ ਪ੍ਰੇਰਨਾ ਕਰਦੇ ਰਹਿੰਦੇ ਸਨ।

ਇਕ ਦਿਨ ਸ਼ਿਕਾਰ ਖੇਡਣ ਤੋਂ ਵਾਪਸੀ ਵੇਲੇ ਕੀ ਦੇਖਦੇ ਹਨ ਕਿ ਬਾਲਕ ਗੁਰੂ ਨਾਨਕ ਲੇਟੇ ਹੋਏ ਹਨ ਤੇ ਉਨ੍ਹਾਂ ਦੇ ਨੂਰੀ ਚਿਹਰੇ 'ਤੇ ਆਈ ਹੋਈ ਕੁਦਰਤੀ ਧੁੱਪ ਨੂੰ ਰੋਕਣ ਲਈ ਸੱਪ ਫਣ ਖਿਲਾਰੀ ਦਿਸ ਰਿਹਾ ਹੈ। ਘਬਰਾ ਕੇ ਘੋੜੀ ਤੋਂ ਉਤਰ ਕੇ ਨੇੜੇ ਹੋ ਕੇ ਦੇਖਣ ਦੀ ਕੋਸ਼ਿਸ਼ ਕੀਤੀ ਪਰ ਸੱਪ ਇਕ ਦਮ ਬਰਮ੍ਹੀ 'ਚ ਵੜ ਗਿਆ। ਇਤਨੇ ਨੂੰ ਗੁਰਦੇਵ ਜੀ ਸਤਿਨਾਮੁ ਦਾ ਜਾਪ ਕਰਦੇ ਉਠ ਕੇ ਬੈਠ ਗਏ। ਰਾਏ ਜੀ ਨੇ ਪਹਿਲੀ ਵਾਰ ਸਤਿਗੁਰਾਂ ਦੇ ਚਿਹਰੇ 'ਤੇ ਅਗੰਮੀ ਨੂਰ ਝਲਕਦਾ ਵੇਖਿਆ। ਪਿਆਰ ਤੇ ਸ਼ਰਧਾ 'ਚ ਆਏ ਨੇ ਸਿਰ ਝੁਕਾਇਆ, ਨਮਸਕਾਰ ਕੀਤੀ। ਭਾਵਨਾ ਪ੍ਰਗਟ ਕਰਦੇ ਹੋਏ ਵਿਸਮਾਦੀ ਰੰਗ ਵਿਚ ਰੰਗੇ ਹੋਏ ਬੋਲੇ, ਹੇ ਵਲੀ ਨਾਨਕ! ਆਪ ਜੀ ਤਾਂ ਅੱਲਾਹ ਦੀ ਖਾਸ ਜਾਤ ਹੋ। ਅੱਲਾ ਦੀ ਖਾਸ ਰਹਿਮਤ ਹੈ ਆਪ ਉਤੇ। ਸਤਿਗੁਰਾਂ ਨੇ ਗੰਭੀਰਤਾ ਭਰੀ ਮੁਸਕਰਾਹਟ ਵਿਚ ਜਵਾਬ ਦਿਤਾ, ਹੇ ਰਾਏ ਬੁਲਾਰ ਜੀ! ਸਾਰੇ ਹੀ ਖੁਦਾ ਦੇ ਖਾਸ ਬੰਦੇ ਹਨ ਜੇ ਉਹ ਆਪਣੇ ਆਪ ਨੂੰ ਪਛਾਣ ਲੈਣ।

ਅਗੰਮੀ ਬਚਨ ਸੁਣ ਕੇ ਰਾਏ ਜੀ ਦੀ ਸ਼ਰਧਾ ਅੰਤਿਮ ਸੀਮਾ 'ਤੇ ਪਹੁੰਚ ਗਈ। ਸਤਿਗੁਰਾਂ ਦੇ ਚਰਨਾਂ 'ਤੇ ਨਮਸ਼ਕਾਰ ਕਰਦਾ ਹੈ। ਨੂਰਾਂ ਦੇ ਨੂਰ ਨੇ ਕਲਿਆਨ ਲਈ ਬਚਨ ਕੀਤਾ ਕਿ ਰਾਏ ਜੀ! ਸਤਿਨਾਮੁ ਦਾ ਜਾਪ ਕਰਿਆ ਕਰੋ। ਜੀਵ ਦੀ ਕਲਿਆਣ ਭਜਨ ਬੰਦਗੀ ਵਿਚ ਹੀ ਹੈ। ਰੂਹ ਦੀ ਕਲਿਆਣ ਹਿਤ ਪਹਿਲਾ ਉਪਦੇਸ ਸੀ ਰਾਏ ਜੀ ਨੂੰ। ਉਪਦੇਸ਼ ਲੈ ਕੇ ਸਦੀਵੀ ਸ਼ਰਧਾਲੂ ਬਣ ਗਿਆ। ਦਰਸ਼ਨਾਂ ਤੇ ਬਚਨਾਂ ਤੋਂ ਪ੍ਰਭਾਵਿਤ ਰਾਏ ਜੀ ਨੇ ਪਿਤਾ ਮਹਿਤਾ ਕਲਿਆਣ ਦਾਸ ਜੀ ਨੂੰ ਬੁਲਾ ਕੇ ਸਮਝਾਇਆ ਕਿ ਉਨ੍ਹਾਂ ਨੂੰ ਕੇਵਲ ਆਪਣਾ ਪੁੱਤਰ ਹੀ ਨਾ ਸਮਝੋ। ਉਹ ਤਾਂ ਸਾਰੀ ਮਾਨਵਤਾ ਦੇ ਪਿਤਾ ਨੇ। ਸਾਰੀ ਮਾਨਵਤਾ ਦੇ ਰਹਿਬਰ, ਅੱਲਾ ਰੂਪ ਹਨ। ਪੁੱਤਰ ਭਾਵਨਾ ਤੋਂ ਉਪਰ ਉਠੋ। ਘਰੇਲੂ ਕਾਰਜ ਉਨ੍ਹਾਂ ਤੋਂ ਨਾ ਲਵੋ। ਉਹ ਤਾਂ ਸਾਰੀ ਕਾਇਨਾਤ ਦੇ ਕਾਰਜ ਸੰਵਾਰਨ ਹਿਤ ਆਏ ਹੋਏ ਹਨ। ਐਸੀ ਨੂਰਾਨੀ ਮਿਲਣੀ ਰਾਏ ਜੀ ਦੀ ਸਤਿਗੁਰੂ ਨਾਨਕ ਦੇਵ ਜੀ ਨਾਲ ਹੋਈ ਕਿ ਅੰਤਰੀਵੀ ਤੌਰ ਤੇ ਹਮੇਸ਼ਾ ਲਈ, ਸਤਿਗੁਰਾਂ ਪ੍ਰਤੀ ਪਿਆਰ ਸਤਿਕਾਰ ਭਰਿਆ ਜੀਵਨ ਬਸਰ ਕਰਦੇ ਰਹੇ।

ਇਕ ਵਾਰ ਐਸੇ ਅਗੰਮੀ ਬਚਨ ਰਾਏ ਜੀ ਨੂੰ ਸਤਿਗੁਰਾਂ ਨੇ ਬਖਸ਼ਿਸ਼ ਕੀਤੇ। ਜਦੋਂ ਸਤਿਗੁਰੂ ਤਲਵੰਡੀ ਤੋਂ ਸੁਲਤਾਨਪੁਰ ਨੂੰ ਜਾਣ ਲਈ ਤਿਆਰ ਹੋਏ। ਰਾਏ ਜੀ ਨੇ ਸ਼ਰਧਾ ਨਾਲ ਆਪਣੇ ਘਰ ਸਤਿਗੁਰਾਂ ਨੂੰ ਪ੍ਰੀਤੀ ਭੋਜਨ 'ਤੇ ਬੁਲਾਇਆ। ਜਦੋਂ ਸਤਿਗੁਰੂ ਵਿਦਾ ਹੋਣ ਲੱਗੇ ਤਾਂ ਰਾਏ ਬੁਲਾਰ ਜੀ ਨੇ ਪੁਛਿਆ, ਹੇ ਸਤਿਗੁਰੂ! ਆਪ ਜੀ ਸੁਲਤਾਨਪੁਰ ਜਾ ਰਹੇ ਹੋ, ਪਤਾ ਨਹੀਂ ਮੁੜ ਕੇ ਕਦੋਂ ਦਰਸ਼ਨ ਹੋਣਗੇ। ਇਸ ਕਰਕੇ ਕੋਈ ਉਪਦੇਸ਼ ਕਰਕੇ ਜਾਉ। ਪ੍ਰੇਮ ਵਿਚ ਭਿੱਜੇ ਸਤਿਗੁਰਾਂ ਨੇ ਫੁਰਮਾਇਆ ਰਾਇ ਜੀ! ਜਦੋਂ ਤੁਹਾਡਾ ਬਲ ਕੰਮ ਨਾ ਕਰੇ ਤਾਂ ਨਿਮਰਤਾ ਵਿਚ ਆ ਕੇ ਨਿਰੰਕਾਰ ਦੀ ਸ਼ਰਨੀ ਪੈ ਜਾਣਾ ਤੇ ਅਰਦਾਸ ਵਿਚ ਜੁੜ ਜਾਣਾ। ਬਸ ਨਿਰੰਕਾਰ ਨੂੰ ਆਪਣੇ ਆਪ ਦੀ ਸੌਂਪਣਾ ਕਰ ਦੇਣੀ। ਫਿਰ ਉਹ ਆਪਣੇ ਬਿਰਦ ਬਾਣੇ ਦੀ ਲਾਜ ਰਖਦਾ ਹੈ। ਫਿਰ ਕਿਸੇ ਗੱਲ ਦਾ ਝੋਰਾ ਨਹੀਂ ਰਹੇਗਾ। ਸਦਾ ਚੜ੍ਹਦੀ ਕਲਾ ਰਹੇਗੀ। ਐਸਾ ਬਾਣੀ ਦਾ ਫੁਰਮਾਨ ***ਹੈ - 'ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥' (ਅੰਗ-920)*** ਆਪਣੇ ਅਹੰਭਾਵ ਨੂੰ ਤਿਆਗ ਕੇ ਆਪਣੇ ਤਾਣ ਨੂੰ ਛੱਡ ਕੇ ਪ੍ਰਮੇਸ਼ਰ ਦੀ ਸ਼ਰਨ ਲੈ ਕੇ ਅਰਦਾਸ ਵਿਚ ਜੁੜਨਾ। ਇਹੀ ਸਮੁੱਚੇ ਜੀਵਨ ਲਈ ਗਾਡੀ ਰਾਹ ਹੈ। ਇਸ ਤਰ੍ਹਾਂ ਦੇ ਉਪਦੇਸ਼ ਪ੍ਰਾਪਤ ਕਰ ਰਾਏ ਬੁਲਾਰ ਜੀ ਸਦੀਵੀ ਤੌਰ ਤੇ ਸਤਿਗੁਰਾਂ ਦੇ ਪਿਆਰ ਵਿਚ ਰੰਗੇ ਗਏ। ਇਸ ਰੂਹਾਨੀ ਮਿਲਾਪ ਵਿਚੋਂ ਪ੍ਰਾਪਤ ਕੀਤੇ ਨੂਰਾਨੀ ਪ੍ਰਕਾਸ਼ ਵਿਚ ਸਮੁੱਚਾ ਜੀਵਨ ਬਸਰ ਕੀਤਾ।

ਪਿਤਾ ਮਹਿਤਾ ਕਲਿਆਣ ਦਾਸ ਨੂੰ ਇਕ ਵਾਰ ਨਹੀਂ, ਅਨੇਕਾਂ ਵਾਰ ਸਮਝਾਉਣਾ ਕੀਤਾ ਕਿ ਮਹਿਤਾ ਜੀ! ਇਨ੍ਹਾਂ ਨੂੰ ਸਧਾਰਨ ਬਾਲਕ ਨਾ ਸਮਝੋ। ਇਹ ਆਪ ਖੁਦਾ

ਦਾ ਨੂਰ ਹਨ। ਇਨ੍ਹਾਂ ਨੂੰ ਸਖਤ ਬੋਲ ਨਾ ਕਦੇ ਬੋਲਿਓ। ਤੁਸੀਂ ਭਾਗਾਂ ਵਾਲੇ ਹੋ ਕਿ ਨੂਰਾਂ ਦੇ ਨੂਰ ਨੇ ਤੁਹਾਡੇ ਗ੍ਰਹਿ ਵਿਖੇ ਪ੍ਰਕਾਸ਼ ਲਿਆ ਹੈ। ਆਪ ਸੁੰਦਰ ਪੁਸ਼ਾਕ ਸਤਿਗੁਰੂ ਦੇ ਪਹਿਨਣ ਲਈ ਭੇਟਾ ਕਰਦੇ ਹਨ। ਅੱਗੇ ਤੋਂ ਵੀ ਉਨ੍ਹਾਂ ਦੀ ਹਰ ਤਰ੍ਹਾਂ ਦੀ ਲੋੜ ਪੂਰੀ ਕਰਨ ਲਈ ਤਿਆਰ ਰਹਿਣ ਦੀ ਵਚਨਬੱਧਤਾ ਪ੍ਰਗਟਾਉਂਦੇ ਹਨ।

ਫਿਰ ਵੀ ਬਾਬਾ ਮਹਿਤਾ ਜੀ ਦਾ ਮਨ ਨਾ ਖੜ੍ਹਦਾ। ਦੁਨਿਆਵੀ ਤੌਰ 'ਤੇ ਕਾਮਯਾਬ ਹੋਣ ਦਾ ਫਿਕਰ ਕਰਦੇ। ਇਹ ਤਾਂ ਹਰ ਵਕਤ ਇਕਾਂਤ ਵਾਸ ਕਿਸੇ ਅਗੰਮੀ ਰੰਗ ਵਿਚ ਰੰਗੇ ਰਹਿੰਦੇ ਹਨ। ਰਾਏ ਜੀ ਨੇ ਫਿਰ ਸਮਝਾਉਣਾ ਕਿ ਬਾਬਾ ਮਹਿਤਾ ਜੀ! ਤੁਹਾਡੀ ਬੁੱਧੀ ਦੁਨਿਆਵੀ ਧਨ ਖੱਟਣ 'ਚ ਫਸੀ ਹੋਈ ਹੈ। ਅਗੰਮੀ ਰੰਗ, ਦੈਵੀ ਗੁਣਾਂ ਤੋਂ ਤੁਸੀਂ ਅਛੋਹ ਹੋ। ਤੁਸੀਂ ਕੋਈ ਫਿਕਰ ਨਾ ਕਰੋ ਸਭ ਕੁਝ ਆਪੇ ਹੀ ਸਹੀ ਹੋ ਜਾਵੇਗਾ। ਰਾਏ ਬੁਲਾਰ ਜੀ ਦੀ ਸ਼ਰਧਾ ਪਿਆਰ ਦੀ ਪ੍ਰਤੱਖ ਮਿਸਾਲ ਉਦੋਂ ਸਾਮ੍ਹਣੇ ਆਈ ਜਦੋਂ 20 ਰੁਪਏ ਦੇ ਕੇ ਸੱਚੇ ਸੌਦੇ ਵੇਲੇ ਭੁੱਖੇ ਸਾਧੂਆਂ ਨੂੰ ਪ੍ਰਸ਼ਾਦਾ ਛਕਾਉਣ ਤੇ ਪਿਤਾ ਜੀ ਦੇ ਗੁੱਸੇ ਦਾ ਸ਼ਿਕਾਰ ਸਤਿਗੁਰੂ ਜੀ ਨੂੰ ਹੋਣਾ ਪਿਆ। ਪਰ ਰਾਏ ਜੀ ਨੇ ਉਸ ਵੇਲੇ ਕਿਹਾ ਕਿ ਕਦੇ ਵੀ ਸਤਿਗੁਰੂ ਦੇ ਕਾਰਜਾਂ ਤੇ ਸਵਾਲ ਨਹੀਂ ਉਠਾਉਣੇ। ਜਿਤਨੇ ਧਨ ਦੀ ਲੋੜ ਹੋਵੇ ਮੈਂ ਹਾਜ਼ਰ ਕਰਾਂਗਾ ਪਰ ਮੈਂ ਇਲਾਹੀ ਨੂਰ ਦੇ ਪ੍ਰਕਾਸ਼ ਨੂੰ ਸੇਕ ਨਹੀਂ ਪੈਣ ਦੇਣਾ।

ਇਕ ਦਿਨ ਰਾਏ ਬੁਲਾਰ ਜੀ ਘੋੜੇ 'ਤੇ ਚੜ੍ਹੇ ਆ ਰਹੇ ਹਨ। ਅੱਗੇ ਤੱਕਿਆ ਕਿ ਸਮਾਧੀ ਵਿਚ ਲੀਨ ਸਤਿਗੁਰੂ ਅਗੰਮੀ ਰੰਗ ਵਿਚ ਰੱਤੇ ਸਸ਼ੋਭਿਤ ਹਨ। ਸ਼ਰਧਾ ਵਿਚ ਆ ਕੇ ਦੂਰੋਂ ਹੀ ਘੋੜੇ ਤੋਂ ਇਕ ਦਮ ਉਤਰੇ ਹੱਥ ਜੋੜ ਕੇ ਖੜ੍ਹੇ ਹੋਏ। ਮਨ ਹੀ ਮਨ ਵਿਚ ਦਿਲੀ ਭਾਵਾਂ ਰਾਹੀਂ ਅਰਦਾਸ ਕੀਤੀ। ਜਾਣੀ ਜਾਣ, ਅੰਤਰਜਾਮੀ ਸਤਿਗੁਰੂ ਨੇ ਪਵਿੱਤਰ ਨੇਤ੍ਰ ਖੋਲ੍ਹੇ, ਸੱਜੇ ਹੱਥ 'ਤੇ ਕਮਲ ਖੜ੍ਹਾ ਕੀਤਾ ਤੇ ਮਿੱਠੀ ਆਵਾਜ਼ ਵਿਚ ਬਚਨ ਕੀਤਾ, ਅਰਦਾਸ ਕਬੂਲ ਭਈ। ਹਿਰਦੇ ਦੀ ਭਾਵਨਾ/ਵੇਦਨਾ ਪੂਰੀ ਹੋਣ ਦਾ ਬਚਨ ਲੈ ਕੇ, ਨਦਰੋਂ ਨਦਰੀ ਨਿਹਾਲ ਹੋ ਕੇ ਰਾਇ ਜੀ ਪਰਤ ਆਏ। ਇਕ ਸਾਲ ਪੂਰਾ ਹੋਣ ਤੋਂ ਪਹਿਲਾਂ ਹੀ ਰਾਇ ਦੇ ਘਰ ਵਿਚ ਖੁਸ਼ੀਆਂ ਨੇ ਦਸਤਕ ਦਿਤੀ, ਵਾਰਸ (ਬੇਟੇ) ਨੇ ਜਨਮ ਲਿਆ। ਇਕ ਤੌਖਲਾ ਹਰ ਵਕਤ ਬਣਿਆ ਰਹਿੰਦਾ ਸੀ ਕਿ ਕੌਣ ਰਾਜ ਭਾਗ ਦੀ ਸੰਭਾਲ ਕਰੇਗਾ। ਇਲਾਕੇ ਵਿਚ ਚੌਧਰ ਹੈ। ਪਰ ਵਾਰਸ ਨਾ ਹੋਣ ਦਾ ਫਿਕਰ ਹਰ ਵਕਤ ਦਿਲ ਨੂੰ ਖੌਲਦਾ ਰਹਿੰਦਾ। ਮਨ ਵਿਚ ਕੀਤੀ ਅਰਦਾਸ ਪੂਰੀ ਹੋਣ ਤੇ ਰਾਇ ਦੀ ਸ਼ਰਧਾ ਹੋਰ ਅੰਤਿਮ ਸਿਖਰਾਂ 'ਤੇ ਪਹੁੰਚ ਗਈ। ਇਹ ਤਾਂ ਆਪ ਖੁਦਾ ਦਾ ਨੂਰ ਹਨ। ਸਰਬ ਕਲਾ ਸਮਰੱਥ ਹਨ। ਜੋ ਮੰਗੋ ਮਿਲਦਾ ਹੈ। ਮਨ ਮੰਗੀਆਂ ਮੁਰਾਦਾਂ ਮਿਲਦੀਆਂ ਹਨ। ਪਰ ਲੋੜ ਹੈ ਸ਼ਰਧਾ ਭਾਵਨਾ ਦੀ। ਰਾਜ-ਭਾਗ ਦੇ ਮਾਲਕ/ਵਾਰਸ ਦੇ ਜਨਮ ਹੋਣ ਦੀ ਖੁਸ਼ੀ ਵਿਚ ਰਾਏ ਬੁਲਾਰ ਜੀ ਸਭ ਕੁਝ ਸਤਿਗੁਰੂ ਦਾ ਹੀ ਸਮਝਣ ਲੱਗੇ। ਕੇਵਲ ਮਨ ਵਿਚ ਹੀ ਨਹੀਂ ਸਮਝਿਆ ਸਗੋਂ ਅਰਪਣ ਵੀ ਕੀਤਾ। ਜੈਸਾ ਬਾਣੀ ਦਾ ਫੁਰਮਾਨ ਹੈ -

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥*
*ਅੰਗ- ੧੩੭੫*

ਸਮਰਪਣ ਭਾਵਨਾ ਲੈ ਕੇ ਵਿਚਰਨ ਲੱਗੇ। ਪਵਿੱਤਰ ਬਾਣੀ ਦਾ ਫੁਰਮਾਨ ਹੈ -

*ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥*
*ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥*
*ਅੰਗ- ੬੮੧*

*ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥*
*ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥*
*ਅੰਗ- ੯੧੭*

ਅਨੁਸਾਰ ਸਤਿਗੁਰੂ ਸਾਰੀਆਂ ਦਾਤਾਂ ਦੇ ਮਾਲਕ ਆਪ ਹਨ। ਦਾਤਾਂ ਵੰਡਣ ਵਾਲੇ ਹਨ। ਇਹੋ ਜਿਹੀ ਭਾਵਨਾ ਰਾਇ ਜੀ ਦੀ ਸਦੀਵੀ ਤੌਰ 'ਤੇ ਬਣ ਗਈ ਸੀ।

ਇਕ ਸਮਾਂ ਆਇਆ ਜਦੋਂ ਰਾਏ ਜੀ ਨੇ ਆਪਣੇ ਪਿਤਰੀ ਨਗਰ ਦੇ ਨਾਮ ਦੀ ਪੜਚੋਲ ਕੀਤੀ। ਇਸ ਦੇ ਪਿਤਾ ਦੇ ਨਾਂ ਤੇ ਇਸ ਨਗਰ ਦਾ ਨਾਮ ਸੀ। ਰਾਏ ਭੋਇ ਦੀ ਤਲਵੰਡੀ। ਸਤਿਗੁਰੂ ਦੇ ਪਿਆਰ ਵਿਚ ਰੰਗੇ ਰਾਏ ਬੁਲਾਰ ਜੀ ਨੇ ਫੈਸਲਾ ਕੀਤਾ ਕਿ ਮੇਰਾ ਤਾਂ ਕੁਝ ਵੀ ਨਹੀਂ ਹੈ। ਇਹ ਤਾਂ ਸਾਰੀਆਂ ਬਖਸ਼ਿਸ਼ਾਂ ਸ੍ਰੀ ਗੁਰੂ ਨਾਨਕ ਦੀਆਂ ਹੀ ਹਨ। ਮੇਰਾ ਤਾਂ ਸਰੀਰ ਵੀ ਮੇਰਾ ਨਹੀਂ, ਫਿਰ ਤਲਵੰਡੀ ਮੇਰੀ ਕਿਵੇਂ ਹੋਈ। ਇਸ ਤਲਵੰਡੀ ਦਾ ਕਣ-ਕਣ ਸਤਿਗੁਰੂ ਦੀ ਚਰਨ ਛੋਹ ਨਾਲ ਪਵਿੱਤਰ ਹੋ ਗਿਆ ਹੈ। ਬਾਣੀ ਅਨੁਸਾਰ -

*ਜਿਥੈ ਜਾਇ ਬਹੈ ਮੇਰਾ ਸਤਿਗੁਰੂ*
*ਸੋ ਥਾਨੁ ਸੁਹਾਵਾ ਰਾਮ ਰਾਜੇ ॥* *ਅੰਗ - ੪੫੦*

ਇਹ ਤਲਵੰਡੀ ਅੱਜ ਤੱਕ ਮੇਰੇ ਪਿਤਰਾਂ ਕਰਕੇ ਮਸ਼ਹੂਰ ਸੀ ਪਰ ਅੱਜ ਤੋਂ ਬਾਅਦ ਇਹ ਨਗਰ ਗੁਰੂ ਨਾਨਕ ਜੀ ਦੇ ਟਿਕਾਣੇ ਵਜੋਂ ਪ੍ਰਸਿੱਧ ਹੋਵੇਗਾ। ਰਾਏ ਬੁਲਾਰ ਜੀ ਦੀ ਉਸ ਸਮੇਂ 1700 ਵਿੱਘੇ ਜ਼ਮੀਨ ਸੀ। ਉਸੇ ਵਕਤ ਅੱਧੀ ਜ਼ਮੀਨ ਸਤਿਗੁਰੂ ਨਾਨਕ ਦੇਵ ਜੀ ਦੇ ਨਾਮ ਕਰਵਾ ਦਿਤੀ। ਅੱਜ ਵੀ 850 ਵਿੱਘੇ ਜ਼ਮੀਨ ਮਾਲ ਮਹਿਕਮੇ ਵਿਚ ਗੁਰੂ ਨਾਨਕ ਦੇਵ ਜੀ ਦੇ ਨਾਮ ਬੋਲਦੀ ਹੈ। ਅੱਜ ਤੋਂ ਬਾਅਦ ਇਹ ਰਾਏ ਭੋਇ ਦੀ ਤਲਵੰਡੀ ਨਹੀਂ ਵਜੇਗੀ ਸਗੋਂ ਅੱਜ ਤੋਂ ਬਾਅਦ ਇਸਦਾ ਨਾਮ ਨਨਕਾਣਾ ਸਾਹਿਬ ਹੋਵੇਗਾ। ਅੱਜ ਵੀ ਮਾਲ (ਰੈਵਨਿਊ) ਮਹਿਕਮੇ ਦੇ ਰਿਕਾਰਡ ਵਿਚ 850 ਵਿੱਘੇ ਜ਼ਮੀਨ ਗੁਰੂ ਨਾਨਕ ਦੇਵ ਜੀ ਦੇ ਨਾਮ ਹੈ। ਇਹ ਇਤਿਹਾਸਕਾਰਾਂ ਦਾ ਕਥਨ ਹੈ।

ਇਹ ਹੈ ਇਕ ਨੂਰਾਨੀ ਮਿਲਾਪ ਦੇ ਪ੍ਰਤਾਪ ਸ਼ਰਧਾ, ਪਿਆਰ ਤੇ ਵੈਰਾਗ ਦੀ ਮੂਰਤ ਰਾਏ ਬੁਲਾਰ ਜੀ।

# ਕਲਮ ਹੋਏ ਸੀਸ ਨੂੰ ਤਲੀ 'ਤੇ ਟਿਕਾਉਣ ਵਾਲੇ ਕਲਮ ਅਤੇ ਕਿਰਪਾਨ ਦੇ ਧਨੀ

## ਸ਼ਹੀਦ ਬਾਬਾ ਦੀਪ ਸਿੰਘ ਜੀ

*ਸ. ਰਣਜੀਤ ਸਿੰਘ ਰਾਣਾ*

ਸੰਨ 1699 ਦੀ ਵਿਸਾਖੀ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਕੀਤੀ ਖਾਲਸਾ ਪੰਥ ਦੀ ਸਿਰਜਣਾ ਦੇ ਅਗੰਮੀ ਕੌਤਕ ਨੇ ਗੁਰੂ ਨਾਨਕ ਨਾਮ ਲੇਵਾ ਸਿੱਖਾਂ ਨੂੰ ਪੂਰੀ ਤਰ੍ਹਾਂ ਸ੍ਰੀ ਅਨੰਦਪੁਰ ਸਾਹਿਬ ਨਾਲ ਜੋੜ ਦਿਤਾ। ਦੂਰ-ਦੁਰਾਡੇ ਪਿੰਡਾਂ-ਥਾਵਾਂ 'ਤੇ ਰਹਿਣ ਵਾਲੇ ਸਿੱਖ ਵੀ 'ਸਿੰਘ' ਲਕਬ ਦੇ ਧਾਰਨੀ ਹੋਣ ਲਈ, ਸਤਿਗੁਰੂ ਦੇ ਦਰਸ਼ਨ-ਦੀਦਾਰਿਆਂ ਲਈ, ਵਹੀਰਾਂ ਘੱਤ ਕੇ ਸ੍ਰੀ ਅਨੰਦਪੁਰ ਸਾਹਿਬ ਆਉਣ ਲੱਗੇ। ਅਜਿਹੇ ਹੀ ਸੁਭਾਗੇ ਸਿੱਖਾਂ ਵਿਚੋਂ ਇਕ ਸੀ, ਭਾਈ ਭਗਤੂ ਦਾ ਟੱਬਰ। ਆਪਣੇ ਸਾਰੇ ਪਰਿਵਾਰ ਨੂੰ ਸਤਿਗੁਰੂ ਦੇ ਬੇੜੇ ਚੜ੍ਹਾਉਣ ਦੀ ਮਨਸ਼ਾ ਤਹਿਤ ਪਿੰਡ ਪਹੂਵਿੰਡ, ਜ਼ਿਲਾ ਅੰਮ੍ਰਿਤਸਰ ਦਾ ਵਸਨੀਕ ਭਾਈ ਭਗਤੂ, ਆਪਣੀ ਸੁਪਤਨੀ ਜੀਊਨੀ ਅਤੇ ਸਪੁੱਤਰ ਦੀਪੇ ਸਮੇਤ ਸੰਨ 1700 ਦੀ ਵਿਸਾਖੀ ਤੋਂ ਦੋ-ਚਾਰ ਦਿਨ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਪੁੱਜਾ। ਅਕਾਲ ਪੁਰਖ ਦੀ ਫੌਜ 'ਖਾਲਸਾ ਪੰਥ' ਦੇ ਪ੍ਰਗਟ ਦਿਹਾੜੇ ਦੀ ਪਹਿਲੀ ਵਰ੍ਹੇ ਗੰਢ ਮੌਕੇ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਵਿਸ਼ਾਲ ਪੱਧਰ ਦਾ ਅੰਮ੍ਰਿਤ ਸੰਚਾਰ ਕੀਤਾ ਗਿਆ। ਉਚੇਚੇ ਤੌਰ 'ਤੇ ਦੂਰ-ਦੁਰਾਡਿਓਂ ਪੁੱਜੀਆਂ ਹਜ਼ਾਰਾਂ ਹੀ ਸੰਗਤਾਂ ਨੇ ਜਗਿਆਸੂ ਰੂਪ ਹੋ ਕੇ ਅੰਮ੍ਰਿਤਪਾਨ ਕੀਤਾ ਅਤੇ ਸਤਿਗੁਰੂ ਦੀ ਇਲਾਹੀ ਨਦਰ ਦੀਆਂ ਪਾਤਰ ਬਣੀਆਂ। ਭਾਈ ਭਗਤੂ, ਮਾਤਾ ਜਿਊਨੀ ਅਤੇ 18 ਸਾਲਾਂ ਦੇ ਮੁੱਛ ਫੁੱਟ ਗੱਭਰੂ ਦੀਪੇ ਨੂੰ ਵੀ ਇਸ ਸਮੇਂ ਅੰਮ੍ਰਿਤ ਦੀ ਅਮੁੱਲੀ ਦਾਤ ਪ੍ਰਾਪਤ ਹੋਈ। ਅੰਮ੍ਰਿਤ ਛਕਣ ਉਪਰੰਤ ਦੀਪੇ ਦਾ ਨਾਂ 'ਦੀਪ ਸਿੰਘ' ਰੱਖਿਆ ਗਿਆ। ਰੱਬੀ ਰਹਿਮਤਾਂ ਦੀਆਂ ਅਨੂਠੀਆਂ ਖੂਬੀਆਂ ਨਾਲ ਵਰੋਸਾਇਆ, ਇਹ ਹੀ ਦੀਪ ਸਿੰਘ; ਸਿੱਖ ਇਤਿਹਾਸ ਦਾ ਸੂਰਜ 'ਸ਼ਹੀਦ ਬਾਬਾ ਦੀਪ ਸਿੰਘ' ਬਣ ਕੇ ਕੁਲ ਆਲਮ 'ਤੇ ਧਰੂਅ ਤਾਰੇ ਵਾਂਗ ਚਮਕਿਆ।

ਇਤਿਹਾਸਿਕ ਹਵਾਲਿਆਂ ਮੁਤਾਬਿਕ ਬਾਬਾ ਦੀਪ ਸਿੰਘ ਦਾ ਜਨਮ 27 ਜਨਵਰੀ 1682 ਈਸਵੀ ਨੂੰ ਮਾਝੇ ਦੇ ਮਸ਼ਹੂਰ ਪਿੰਡ ਪਹੂਵਿੰਡ ਵਿਖੇ ਹੋਇਆ। ਚੜ੍ਹਦੀ ਉਮਰੇ ਅੰਮ੍ਰਿਤ ਛਕ ਕੇ ਉਹ ਸਤਿਗੁਰੂ ਦੀ ਲਿਵ ਵਿਚ ਜੁੜ ਗਏ। ਸ੍ਰੀ ਅਨੰਦਪੁਰ ਸਾਹਿਬ ਦੇ ਰੱਬੀ ਰੰਗਾਂ ਨੇ ਉਹਨਾਂ ਦੀ ਰੂਹ ਦੀਆਂ ਤਰਬਾਂ ਛੇੜ ਦਿਤੀਆਂ। ਸ਼ਸਤਰਧਾਰੀ ਸੂਰਮੇ ਸਿੰਘਾਂ ਦੀ ਸੂਰਬੀਰਤਾ ਦੇ ਨਜ਼ਾਰਿਆਂ ਨੇ ਉਹਨਾਂ ਦੇ ਮਨ-ਮਸਤਕ ਵਿਚ ਜੂਝਣ ਦੀ ਬਿਰਤੀ ਉਜਾਗਰ ਕਰ ਦਿਤੀ। ਨੌਜਵਾਨ ਭਾਈ ਦੀਪ ਸਿੰਘ, ਕਲਗੀਧਰ ਦਾ ਹੁਕਮ ਮੰਨ ਕੇ ਅਤੇ ਮਾਤਾ-ਪਿਤਾ ਤੋਂ ਆਗਿਆ ਲੈ ਕੇ ਪੱਕੇ ਤੌਰ 'ਤੇ ਸ੍ਰੀ ਅਨੰਦਪੁਰ ਭਾਈ ਦੀਪ ਸਿੰਘ ਦੀ ਮੁੱਢਲੀ ਪੜ੍ਹਾਈ-ਲਿਖਾਈ ਅਤੇ ਸ਼ਸਤਰ-ਅਸ਼ਤਰ ਦੀ ਵਿਦਿਆ ਦਾ ਅਭਿਆਸ ਸ਼ੁਰੂ ਹੋਇਆ। ਚਾਰ ਸਾਲ ਦੀ ਨਿਰੰਤਰ ਘਾਲਣਾ ਨੇ ਭਾਈ ਦੀਪ ਸਿੰਘ ਨੂੰ ਇਤਨਾ ਵਿਦਵਾਨ ਬਣਾ ਦਿਤਾ ਕਿ 22 ਕੁ ਸਾਲ ਦੀ ਛੋਟੀ ਉਮਰ ਵਿਚ ਸ੍ਰੀ ਅਨੰਦਪੁਰ ਸਾਹਿਬ ਦੀ ਜੂਹ ਵਿਚ ਵਸਦੇ ਸਾਰੇ ਸਿੱਖ ਉਸ ਨੂੰ 'ਬਾਬਾ ਜੀ' ਆਖ ਕੇ ਪੁਕਾਰਨ ਲੱਗ ਪਏ।

ਇਸ ਸਮੇਂ ਦੌਰਾਨ ਬਾਬਾ ਦੀਪ ਸਿੰਘ ਜੀ ਘੋੜ-ਸਵਾਰੀ ਅਤੇ ਸ਼ਸਤਰ ਵਿਦਿਆ ਵਿਚ ਇਤਨੇ ਨਿਪੁੰਨ ਹੋ ਗਏ ਕਿ ਇਕ ਦਿਨ ਸਤਿਗੁਰੂ ਜੀ ਦਾ ਇਸ਼ਾਰਾ ਪਾ ਕੇ ਇਕੱਲਿਆਂ ਨੇ ਹੀ ਸ਼ੇਰ ਦਾ ਸ਼ਿਕਾਰ ਕਰ ਦਿਤਾ। ਸ੍ਰੀ ਅਨੰਦਪੁਰ ਸਾਹਿਬ ਜੁੜੀਆਂ ਸੰਗਤਾਂ ਵਿਚ ਜਿਥੇ ਬਾਬਾ ਦੀਪ ਸਿੰਘ ਜੀ ਦੀ ਮੋਤੀਆਂ ਵਰਗੀ ਲਿਖਾਈ ਦੀ ਚਰਚਾ ਛਿੜਦੀ, ਉਥੇ ਗਤਕੇ ਦੇ ਅਖਾੜੇ ਵਿਚ ਉਹਨਾਂ ਵਲੋਂ ਪੁੱਟੇ ਗਏ ਪੈਂਤੜਿਆਂ ਦੀ ਬਾਤ ਵੀ ਪਾਈ ਜਾਂਦੀ। ਬਾਬਾ ਦੀਪ ਸਿੰਘ, ਸਤਿਗੁਰੂ ਦੇ ਚਰਨਾਂ ਵਿਚ ਰਹਿ ਕੇ ਕਲਮ ਅਤੇ ਕਿਰਪਾਨ ਦੀ ਵਰਤੋਂ ਦੇ ਧਨੀ ਬਣ ਗਏ। ਉਨ੍ਹਾਂ ਦੀ ਸੁਭਾਗੀ ਨੇੜਤਾ ਪਾ ਕੇ ਸੂਰਬੀਰਤਾ ਅਤੇ ਵਿਦਵਤਾ ਇਕ ਹਿੰਦੂ 'ਤੇ ਇਕੱਠੀਆਂ ਹੋ ਗਈਆਂ। ਸਰਸਵਤੀ ਅਤੇ ਚੰਡੀ ਉਨ੍ਹਾਂ ਦੇ ਪੋਟਿਆਂ ਨੂੰ ਪਲੋਸਣ ਲੱਗੀਆਂ।

ਪੂਰੇ ਚਾਰ ਵਰ੍ਹੇ ਬਾਅਦ ਸੰਨ 1704 ਦੀ ਵਿਸਾਖੀ ਸਮੇਂ ਸ੍ਰੀ ਅਨੰਦਪੁਰ ਸਾਹਿਬ ਪੁੱਜੇ ਭਾਈ ਭਗਤੂ ਅਤੇ ਮਾਤਾ ਜਿਊਨੀ ਨੇ ਕਲਗੀਧਰ ਪਾਤਸ਼ਾਹ ਦੇ ਹਜ਼ੂਰ ਬਾਬਾ ਦੀਪ ਸਿੰਘ ਨੂੰ ਅਨੰਦ ਕਾਰਜ ਲਈ ਪਿੰਡ ਲਿਜਾਣ ਦੀ ਬੇਨਤੀ ਕੀਤੀ। ਸਤਿਗੁਰੂ ਦਾ ਹੁਕਮ ਮੰਨ ਕੇ ਬਾਬਾ ਦੀਪ ਸਿੰਘ ਜੀ, ਆਪਣੇ ਮਾਤਾ-ਪਿਤਾ ਨਾਲ ਪਿੰਡ ਪਹੂਵਿੰਡ ਪਹੁੰਚ ਗਏ। ਇਧਰ ਵਿਆਹ ਦੀਆਂ ਤਿਆਰੀਆਂ ਵਜੋਂ ਬਾਬਾ ਦੀਪ ਸਿੰਘ ਲਈ ਹਾਣੀ-ਪ੍ਰਵਾਣੀ ਰਿਸ਼ਤੇ ਦੀ ਭਾਲ ਕੀਤੀ ਜਾ ਰਹੀ ਸੀ, ਉਧਰ ਦਿੱਲੀ ਦੀਆਂ ਫੌਜਾਂ ਦੇ ਨਾਲ-ਨਾਲ ਬਾਈਧਾਰ ਦੇ ਪਹਾੜੀ ਰਾਜੇ, ਲਾਹੌਰ ਅਤੇ ਸਰਹਿੰਦ ਦੇ ਸੂਬੇਦਾਰ ਸਾਂਝੇ ਤੌਰ 'ਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਨ ਦੇ ਮਨਸੂਬੇ ਉਲੀਕ ਰਹੇ ਸਨ। ਏਧਰ ਪਹੂ ਵਿੰਡ ਵਿਚ ਵਿਆਹ ਦੀਆਂ ਤਿਆਰੀਆਂ ਮੁਕੰਮਲ ਹੋਈਆਂ, ਉਧਰੋਂ ਸਤਿਗੁਰੂ ਦੇ ਸ੍ਰੀ ਅਨੰਦਪੁਰ ਸਾਹਿਬ ਛੱਡਣ ਦੀ ਖਬਰ ਆ ਗਈ। ਸ਼ਾਦੀ ਅਜੇ ਹੋਣੀ ਸੀ ਕਿ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦ ਹੋਣ ਦੀ ਸੂਹ ਮਾਝੇ ਦੇ ਪਿੰਡਾਂ ਵਿਚ ਜੰਗਲ ਦੀ ਅੱਗ

ਵਾਂਗ ਫੈਲ ਗਈ। ਬਾਬਾ ਦੀਪ ਸਿੰਘ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਰਹਿੰਦਿਆਂ ਮਾਤਾ ਗੁਜਰੀ ਜੀ ਕੋਲੋਂ ਲਾਡਲੇ ਪੁੱਤਰਾਂ ਵਾਲਾ ਪਿਆਰ ਹੰਢਾਇਆ ਸੀ। ਉਸ ਨੇ ਦੋਹਾਂ ਛੋਟੇ ਸਾਹਿਬਜ਼ਾਦਿਆਂ ਨੂੰ ਕਈ ਵਾਰ ਕੰਧੇੜੇ ਚੁੱਕ ਕੇ ਖਿਡਾਇਆ ਸੀ। ਬਾਬਾ ਫਤਹਿ ਸਿੰਘ ਨੂੰ ਗੁਰਬਾਣੀ ਦੀਆਂ ਮਿੱਠੀਆਂ-ਮਿੱਠੀਆਂ ਲੋਰੀਆਂ ਅਨੇਕਾਂ ਵਾਰ ਸੁਣਾਈਆਂ ਸਨ। ਗਤਕੇ ਦੇ ਅਖਾੜੇ ਵਿਚ ਸ਼ਸਤਰਾਂ ਦਾ ਅਭਿਆਸ ਕਰਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਨੂੰ ਕਈ ਦਾਅ-ਪੇਚ ਸਿਖਾਏ ਸਨ। ਸਾਹਿਬਜ਼ਾਦਿਆਂ ਦੀ ਸ਼ਹਾਦਤ ਨੇ ਬਾਬਾ ਦੀਪ ਸਿੰਘ ਜੀ ਨੂੰ ਦੁਨਿਆਵੀ ਮੋਹ ਤੋਂ ਵਿਰੱਕਤ ਕਰ ਦਿਤਾ। ਉਨ੍ਹਾਂ ਦਾ ਮਨ ਵਿਆਕੁਲ ਹੋ ਗਿਆ। ਸਤਿਗੁਰੂ ਦੇ ਪਰਿਵਾਰ 'ਤੇ ਏਡੀ ਭਾਰੀ ਪਈ ਹੋਵੇ ਅਤੇ ਉਹ ਸ਼ਾਦੀ ਦਾ ਢੋਲ-ਢਮੱਕਾ ਲੋਚੇ, ਅਜਿਹਾ ਹਰਗਿਜ਼ ਨਹੀਂ ਸੀ ਹੋ ਸਕਦਾ। ਉਹ ਇਲਾਕੇ ਦੇ ਨੌਜਵਾਨਾਂ ਦਾ ਜੱਥਾ ਇਕੱਤਰ ਕਰ ਕੇ ਮਾਲਵੇ ਵਲ ਤੁਰ ਪਿਆ। ਜਿਧਰੋਂ-ਜਿਧਰੋਂ ਸਤਿਗੁਰੂ ਜੀ ਦੀ ਕੰਨਸੋਅ ਆਈ, ਉਸੇ ਪਾਸੇ ਉਸ ਦੇ ਜੰਗਜੂ ਜੱਥੇ ਦੀ ਮੁਹਾਰ ਹੁੰਦੀ ਗਈ। ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਪੁੱਜ ਕੇ ਬਾਬਾ ਦੀਪ ਸਿੰਘ ਨੇ ਸਤਿਗੁਰੂ ਦੇ ਚਰਨਾਂ ਵਿਚ ਡੰਡਉਤ ਕੀਤੀ। ਸਤਿਗੁਰੂ ਨੇ ਅਸੀਸਾਂ ਭਰਿਆ ਥਾਪੜਾ ਦਿਤਾ।

ਸ੍ਰੀ ਦਮਦਮਾ ਸਾਹਿਬ ਵਿਚਰਦਿਆਂ, ਬਾਬਾ ਦੀਪ ਸਿੰਘ ਜੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਾਲੇ ਨਜ਼ਾਰੇ ਨਜ਼ਰ ਨਾ ਆਉਂਦੇ, ਸਾਹਿਬਜ਼ਾਦਿਆਂ ਦੇ ਤੇਜਸਵੀ ਮੁਖੜੇ ਨਾ ਦਿਸਦੇ, ਮਾਤਾ ਗੁਜਰੀ ਜੀ ਦੀਆਂ ਮਮਤਾ ਭਰੀਆਂ ਨੂਰਾਨੀ ਅਸੀਸਾਂ ਦੀ ਘਾਟ ਮਹਿਸੂਸ ਹੁੰਦੀ ਅਤੇ ਸਭ ਤੋਂ ਵੱਧ ਬਿਪਤਾ ਭਰੇ ਦਿਨਾਂ ਵਿਚ ਸਤਿਗੁਰੂ ਤੋਂ ਦੂਰ ਹੋਣ ਦੀ ਉਦਾਸੀ ਹੁੰਦੀ। ਅਜਿਹੀਆਂ ਇਕਾਂਤ ਦੀਆਂ ਘੜੀਆਂ ਵਿਚ ਬਾਬਾ ਦੀਪ ਸਿੰਘ ਜੀ ਪਛਤਾਵੇ ਦੇ ਕੋਸੇ ਅੱਥਰੂਆਂ ਨਾਲ ਸਤਿਗੁਰੂ ਦੇ ਚਰਨ ਧੋ ਦਿੰਦੇ। ਅਜਿਹੇ ਸਮਿਆਂ ਵਿਚ ਚੋਜੀ ਪ੍ਰੀਤਮ ਵਿਸਮਾਦੀ ਅਵਸਥਾ ਵਿਚੋਂ ਦਿਲਾਸਾ ਦਿੰਦੇ ਹੋਏ ਸਮਝਾਉਂਦੇ, ਦੀਪ ਸਿੰਘ, ਗੁਰੂ ਨਾਨਕ ਦਾ ਘਰ ਨਿਜੀ ਖੁਸ਼ੀਆਂ-ਗਮੀਆਂ ਤੋਂ ਬਹੁਤ ਉਪਰ ਹੈ। ਸਾਡਾ ਮੰਤਵ ਜੰਗ-ਜੁੱਧ ਨਹੀਂ, ਸਗੋਂ ਸਰਬੱਤ ਦਾ ਭਲਾ ਹੈ। ਸਮੁੱਚੀ ਮਾਨਵਤਾ ਦੀ ਭਲਾਈ ਲਈ ਲੋਟੂਆਂ ਨਾਲ ਟੱਕਰ ਹੋਣੀ ਵੀ ਇਕ ਲਾਜ਼ਮੀ ਵਰਤਾਰਾ ਹੈ, ਇਸ ਨੂੰ ਰੱਬੀ ਭਾਣਿਆਂ ਦਾ ਅਗੰਮੀ ਅਨੰਦ ਸਮਝ, ਵਾਹਿਗੁਰੂ ਦਾ ਜਸ ਗਾਇਣ ਕਰਦਿਆਂ ਸਮੁੱਚੀ ਮਨੁੱਖਤਾ ਦੇ ਭਲੇ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ। ਮਨੁੱਖਾ ਜ਼ਿੰਦਗੀ ਦਾ ਤਤਸਾਰ ਇਸ ਦੀ ਸਹਿਜ ਕਰਮਸ਼ੀਲਤਾ ਵਿਚ ਹੈ।

ਸੰਤ-ਸਿਪਾਹੀ ਸਤਿਗੁਰੂ ਦੇ ਮੁਖਾਰਬਿੰਦ ਤੋਂ ਪੈਗੰਬਰੀ ਬੋਲ ਸੁਣ ਕੇ ਬਾਬਾ ਜੀ ਵਜਦ ਵਿਚ ਆ ਜਾਂਦੇ ਅਤੇ ਕਈ-ਕਈ ਘੜੀਆਂ ਉਨ੍ਹਾਂ ਦੀ ਲਿਵ ਚਰਨ-ਕੰਵਲਾਂ ਨਾਲ ਜੁੜੀ ਰਹਿੰਦੀ। ਸਤਿਗੁਰੂ ਦੀ ਕ੍ਰਿਪਾ-ਦ੍ਰਿਸ਼ਟੀ ਸਦਕਾ ਉਹ ਬ੍ਰਹਮ-ਗਿਆਨ ਦੇ ਮਾਲਕ ਬਣ ਗਏ।

ਸ੍ਰੀ ਦਮਦਮਾ ਸਾਹਿਬ ਰਹਿੰਦਿਆਂ, ਅਮਨ-ਸ਼ਾਂਤੀ ਦਾ ਸਮਾਂ ਜਾਣ ਕੇ ਦਸਮੇਸ਼ ਪਿਤਾ ਨੇ ਆਪਣੀ ਦੇਖ-ਰੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਮਾਣਿਤ ਬੀੜ ਤਿਆਰ ਕਰਨ ਦਾ ਕਾਰਜ ਵਿੱਢਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਮੁਖਾਰਬਿੰਦ ਤੋਂ ਬੋਲ ਕੇ ਦਰਸਾਈ ਜਾਂਦੇ, ਭਾਈ ਮਨੀ ਸਿੰਘ ਆਪਣੇ ਮੁਬਾਰਕ ਹੱਥਾਂ ਨਾਲ ਲਿਖੀ ਜਾਂਦੇ। ਪੱਤਰੇ ਪੱਤਰੇ ਦੀ ਨਾਲੋਂ ਨਾਲ ਸੁਧਾਈ ਅਤੇ ਲਿਖਾਈ ਦੀ ਜ਼ਿੰਮੇਵਾਰੀ ਬਾਬਾ ਦੀਪ ਸਿੰਘ ਜੀ ਨੇ ਨਿਭਾਈ। ਇੰਞ ਇਕੋ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋ ਸਰੂਪ ਤਿਆਰ ਹੋਏ। 'ਸੁਧ ਕੀਚੈ' ਦਾ ਕਾਰਜ ਮੁਕੰਮਲ ਹੋਣ ਉਪਰੰਤ ਕਲਗੀਧਰ ਪਾਤਸ਼ਾਹ ਜੀ ਇਕ ਸਰੂਪ ਨੂੰ ਲੈ ਕੇ ਦੱਖਣ ਦੇਸ਼ ਵਲ ਰਵਾਨਾ ਹੋਏ। ਦਮਦਮਾ ਸਾਹਿਬ ਬੈਠ ਕੇ, ਬਾਬਾ ਦੀਪ ਸਿੰਘ ਜੀ ਨੇ ਇਸ ਪਾਵਨ ਸਰੂਪ ਦੇ ਚਾਰ ਹੋਰ ਉਤਾਰੇ ਕੀਤੇ। ਪ੍ਰਮਾਣ ਵਜੋਂ 'ਪੰਥ ਪ੍ਰਕਾਸ਼' ਦਾ ਕਥਨ ਹਾਜ਼ਰ ਹੈ ਜੀ-

*ਨਿਤਪ੍ਰਤ ਗੁਰੂ ਉਚਾਰੀ ਜੈਸੇ। ਬਾਣੀ ਲਿਖੀ ਮਨੀ ਸਿੰਘ ਤੈਸੇ।*
*ਔਰ ਚਾਰ ਤਿਸ ਪਰਤੈ ਭਾਏ। ਦੀਪ ਸਿੰਘ ਸ਼ਹੀਦ ਲਿਖਾਏ।*

ਬਾਬਾ ਦੀਪ ਸਿੰਘ ਜੀ ਵਲੋਂ ਬੜੀ ਮਿਹਨਤ ਨਾਲ ਮੋਤੀਆਂ ਵਰਗੀ ਜੜਤ ਸਹਿਤ ਤਿਆਰ ਕੀਤੇ ਇਹ ਚਾਰੋ ਉਤਾਰੇ ਬਾਅਦ ਵਿਚ ਖਾਲਸਾ ਪੰਥ ਦੇ ਚਹੁੰਆਂ ਤਖ਼ਤਾਂ, ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ, ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਸੁਸ਼ੋਭਿਤ ਕੀਤੇ ਗਏ। ਬਾਬਾ ਦੀਪ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਹੋਰ ਬੀੜ ਫਾਰਸੀ ਅੱਖਰਾਂ ਵਿਚ ਵੀ ਤਿਆਰ ਕੀਤੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰ ਸਾਹਿਬ ਵਲ ਤੁਰਨ ਅਤੇ ਭਾਈ ਮਨੀ ਸਿੰਘ ਜੀ ਦੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗਰੰਥੀ ਨਿਯੁਕਤ ਹੋਣ ਉਪਰੰਤ ਸ੍ਰੀ ਦਮਦਮਾ ਸਾਹਿਬ ਵਾਲੇ ਪ੍ਰਚਾਰ ਦੇ ਸਾਰੇ ਕਾਰ-ਵਿਹਾਰ ਦੀ ਜ਼ਿੰਮੇਵਾਰੀ ਅਤੇ ਜੱਥੇਦਾਰੀ, ਬਾਬਾ ਦੀਪ ਸਿੰਘ ਜੀ ਨੇ ਸੰਭਾਲੀ। ਕਲਗੀਧਰ ਪਾਤਸ਼ਾਹ ਦੇ ਕਰੀਬ ਡੇਢ ਕੁ ਸਾਲ ਦੇ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਾਲੇ ਮੁਕਾਮ ਨੇ ਇਸ ਅਸਥਾਨ ਨੂੰ ਸਿੱਖ ਧਰਮ ਦੇ ਪ੍ਰਚਾਰ ਦਾ ਕੇਂਦਰ ਬਣਾ ਦਿਤਾ ਸੀ। ਬਾਬਾ ਜੀ ਦੀ ਲਗਨ, ਮਿਹਨਤ, ਸਿਰੜ ਅਤੇ ਸਿਦਕ ਨੇ ਸ੍ਰੀ ਦਮਦਮਾ ਸਾਹਿਬ ਦੇ ਇਸ ਰੁਤਬੇ ਨੂੰ ਪੂਰੀ ਤਰ੍ਹਾਂ ਕਾਇਮ ਰੱਖਿਆ ਅਤੇ ਸਤਿਗੁਰੂ ਜੀ ਦੇ ਪਾਏ ਪੂਰਨਿਆਂ 'ਤੇ ਅਤੁੱਟ ਸ਼ਰਧਾ ਅਤੇ ਅਥਾਹ ਸਿਦਕ ਸਹਿਤ ਤੁਰਦਿਆਂ ਹੋਰ ਵੀ ਬੁਲੰਦੀਆਂ ਬਖਸ਼ੀਆਂ।

ਦਸਮੇਸ਼ ਪਿਤਾ ਦਾ ਹੁਕਮਨਾਮਾ, ਪੰਜ ਤੀਰ ਅਤੇ ਸਤਿਗੁਰੂ ਵਲੋਂ ਤਿਆਰ ਕੀਤੀ ਹਿੱਟ ਲਿਸਟ ਲੈ ਕੇ

ਨਾਂਦੇੜ ਤੋਂ ਬਾਬਾ ਬੰਦਾ ਸਿੰਘ ਬਹਾਦਰ ਜਦ ਪੰਜਾਬ ਪਹੁੰਚੇ ਤਾਂ ਬਾਬਾ ਦੀਪ ਸਿੰਘ ਜੀ ਸਿਰਲੱਥ ਸੂਰਬੀਰ ਸਿੰਘਾਂ ਦਾ ਇਕ ਵੱਡਾ ਜੱਥਾ ਲੈ ਕੇ ਅਗਲਵਾਂਢੀ ਹੋ ਕੇ ਮਿਲੇ। ਸਢੌਰੇ ਅਤੇ ਸਮਾਣੇ ਨੂੰ ਸੋਧਣ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਵਲ ਕੂਚ ਕੀਤਾ। ਚੱਪੜਚਿੜੀ ਦੇ ਮੈਦਾਨ ਵਿਚ ਬੜਾ ਲਹੂ ਡੋਲ੍ਹਵਾਂ ਟਾਕਰਾ ਖਾਲਸੇ ਅਤੇ ਸਰਹਿੰਦ ਦੀਆਂ ਫੌਜਾਂ ਵਿਚਕਾਰ ਹੋਇਆ। ਫਤਹਿ ਦੇ ਜੈਕਾਰਿਆਂ ਨਾਲ ਮੈਦਾਨ ਖਾਲਸੇ ਦੇ ਹੱਥ ਰਿਹਾ। ਸਰਹਿੰਦ ਦੀ ਇੱਟ-ਇੱਟ ਕੀਤੀ ਗਈ। ਸੂਬੇਦਾਰ ਵਜ਼ੀਰ ਖਾਂ ਅਤੇ ਦੀਵਾਨ ਸੁੱਚਾ ਨੰਦ ਪਾਪੀ ਨੂੰ ਉਨ੍ਹਾਂ ਦੇ ਕੀਤੇ ਦੀ ਸਜ਼ਾ ਦਿਤੀ ਗਈ। 24 ਮਈ 1710 ਈ. ਨੂੰ ਪੰਜਾਬ ਦੀ ਧਰਤੀ ਦੇ ਇਕ ਟੱਪੇ 'ਤੇ ਖਾਲਸੇ ਦਾ ਪਲੇਠਾ ਰਾਜ ਕਾਇਮ ਹੋਇਆ ਅਤੇ –

*ਦੇਗ ਤੇਗ ਫਤਹਿ ਨੁਸਰਤ ਬੇਦਰੰਗ॥*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥*

ਨਾਂ ਦੀ ਮੋਹਰ ਅਤੇ ਖਾਲਸਈ ਸਿੱਕਾ ਚਾਲੂ ਕੀਤਾ ਗਿਆ। ਬਾਬਾ ਬੰਦਾ ਸਿੰਘ ਬਹਾਦਰ ਪਹਿਲਾ 'ਸਿੱਖ ਮਹਾਰਾਜਾ' ਬਣਿਆ।

ਬਾਬਾ ਦੀਪ ਸਿੰਘ ਜੀ ਚੱਪੜਚਿੜੀ ਦੇ ਮੈਦਾਨ ਵਿਚ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਜਿਸ ਬਹਾਦਰੀ ਨਾਲ ਲੜੇ ਸਨ, ਉਸ ਨੂੰ ਦੇਖਦੇ ਹੋਏ ਭਰੇ ਦਰਬਾਰ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਬਾਬਾ ਦੀਪ ਸਿੰਘ ਜੀ ਨੂੰ 'ਜਿੰਦਾ ਸ਼ਹੀਦ' ਦੇ ਲਕਬ ਨਾਲ ਸਨਮਾਨਤ ਕੀਤਾ। ਇੰਞ ਲਕਬ 'ਬਾਬਾ' ਤੋਂ ਬਾਅਦ 'ਸ਼ਹੀਦ' ਦਾ ਸਨਮਾਨਤ ਖਿਤਾਬ ਵੀ ਉਨ੍ਹਾਂ ਦੇ ਸਤਿਕਾਰਤ ਨਾਮ ਨਾਲ ਚੜ੍ਹਦੀ ਜਵਾਨੀ ਦੀ ਉਮਰ ਵਿਚ ਹੀ ਜੁੜ ਗਿਆ।

ਸਰਹਿੰਦ ਦੀ ਇਸ ਇਤਿਹਾਸਿਕ ਜਿੱਤ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਤੋਂ ਆਗਿਆ ਲੈ ਕੇ ਸ਼ਹੀਦ ਬਾਬਾ ਦੀਪ ਸਿੰਘ ਜੀ ਆਪਣੇ ਵਿੱਢੇ ਹੋਏ ਗੁਰਮਤਿ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਦੇ ਕਾਰਜ ਖੇਤਰ ਨੂੰ ਹੋਰ ਲਾਮਬੰਦ ਕਰਨ ਲਈ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਪੁੱਜ ਗਏ। ਬਾਬਾ ਜੀ ਨੇ ਦਮਦਮਾ ਸਾਹਿਬ ਨੂੰ ਆਪਣਾ ਮੁੱਖ ਅਸਥਾਨ ਬਣਾ ਕੇ ਪੂਰੀ ਵਿਉਂਤ ਨਾਲ ਚੌਪਾਸੇ ਸਿੱਖੀ ਦੀ ਇਕ ਲਹਿਰ ਛੇੜ ਦਿਤੀ। ਬਾਬਾ ਦੀਪ ਸਿੰਘ ਜੀ ਦੀ ਸੁਚੱਜੀ ਵਿਉਂਤਬੰਦੀ ਨਾਲ, ਸ੍ਰੀ ਦਮਦਮਾ ਸਾਹਿਬ ਹਕੂਮਤੀ ਜਬਰ-ਜ਼ੁਲਮ ਦੇ ਸਤਾਏ ਸਿੱਖ ਪਰਿਵਾਰਾਂ ਲਈ ਇਕ ਠਾਹਰ ਅਤੇ ਜੰਗਜੂ ਸਿੰਘਾਂ ਲਈ ਔਖੇ ਵੇਲੇ ਦੀ ਪਨਾਹ ਬਣ ਗਿਆ।

ਦੂਰਦ੍ਰਿਸ਼ਟੀ ਅਤੇ ਦਿਬਦ੍ਰਿਸ਼ਟੀ ਦੇ ਮਾਲਕ ਬਾਬਾ ਦੀਪ ਸਿੰਘ ਜੀ ਧਰਮ ਪ੍ਰਚਾਰ ਦੇ ਕਾਰਜ ਨੂੰ ਇਤਨਾ ਮਹੱਤਵ ਦਿੰਦੇ ਸਨ ਕਿ ਜਦੋਂ ਮਾਝੇ ਦੇ ਪਿੰਡਾਂ ਵਿਚ ਸਿੱਖ ਜੁਝਾਰੂ ਯੋਧਿਆਂ ਵਲੋਂ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜੀ ਜਾ ਰਹੀ ਸੀ, ਬਾਬਾ ਜੀ ਅਡੋਲ ਸਿੱਖੀ ਦੇ ਪਸਾਰ ਲਈ ਯਤਨਸ਼ੀਲ ਸਨ। ਇਥੋਂ ਤਕ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ, ਭਾਈ ਤਾਰਾ ਸਿੰਘ ਵਾਂ ਦੀ ਸ਼ਹਾਦਤ, ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਅਤੇ ਮੱਸੇ ਰੰਘੜ ਵਲੋਂ ਕੀਤੀ ਗਈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਬੇਹੁਰਮਤੀ ਸਮੇਂ ਵੀ ਉਨ੍ਹਾਂ ਦੀ ਮੁੱਢਲੀ ਤੱਵਜੋਂ ਧਰਮ ਪ੍ਰਚਾਰ ਵਲ ਹੀ ਰਹੀ। ਇਹ ਨਹੀਂ ਕਿ ਇਨ੍ਹਾਂ ਸਾਕਿਆਂ ਦੀ ਉਨ੍ਹਾਂ ਨੂੰ ਖਬਰ ਨਹੀਂ ਸੀ, ਸਗੋਂ ਵਰਤਦੇ ਭਾਣਿਆਂ ਬਾਬਤ ਉਹਨਾਂ ਨੂੰ ਪੂਰੀ ਜਾਣਕਾਰੀ ਸੀ। ਸੀਨਾ-ਬਸੀਨਾ ਤੁਰੀਆਂ ਆਉਂਦੀਆਂ ਇਤਿਹਾਸਿਕ ਯਾਦਾਂ ਦੇ ਹਵਾਲੇ ਤਾਂ ਇਹ ਵੀ ਆਖਦੇ ਹਨ ਕਿ ਬੀਕਾਨੇਰ ਤੋਂ ਮੱਸੇ ਰੰਘੜ ਨੂੰ ਸੋਧਣ ਤੁਰੇ ਭਾਈ ਸੁੱਖ ਸਿੰਘ ਅਤੇ ਭਾਈ ਮਹਿਤਾਬ ਸਿੰਘ ਨੇ ਦਮਦਮਾ ਸਾਹਿਬ ਵਿਖੇ ਬਾਬਾ ਦੀਪ ਸਿੰਘ ਜੀ ਕੋਲ ਠਾਹਰ ਕੀਤੀ ਸੀ ਅਤੇ ਬਾਬਾ ਜੀ ਨੇ ਉਨ੍ਹਾਂ ਦੀ ਕਾਰਜਸਿੱਧੀ ਲਈ ਅਰਦਾਸ ਵੀ ਕੀਤੀ ਸੀ।

ਸੰਨ 1711 ਤੋਂ 1757 ਈਸਵੀ ਸੰਨ ਤੱਕ, ਕਰੀਬ ਸਾਢੇ ਚਾਰ ਦਹਾਕਿਆਂ ਦਾ ਸਮਾਂ, ਜਦੋਂ ਹਕੂਮਤ ਵਲੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਰੱਖੇ ਗਏ ਸਨ, ਜਦੋਂ ਸਿੰਘਣੀਆਂ ਕੋਲੋਂ ਸਵਾ-ਸਵਾ ਮਣ ਦੇ ਪੀਸਣੇ ਪਿਸਾਏ ਗਏ ਸਨ, ਜਦੋਂ ਮਾਸੂਮਾਂ ਦੇ ਹਾਰ ਪਰੋ ਕੇ ਮਾਵਾਂ ਦੇ ਗਲ ਵਿਚ ਪਾਏ ਗਏ ਸਨ, ਬਾਬਾ ਜੀ ਪੂਰੀ ਤਰ੍ਹਾਂ ਧਰਮ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਦੇ ਕਾਰਜ ਨੂੰ ਸਮਰਪਿਤ ਰਹੇ। ਜੇ ਉਸ ਸਮੇਂ ਦੇ ਲੜਾਕੂ ਸਿੰਘਾਂ ਦੀ ਬਿਰਤੀ ਵੀ ਅੱਜ ਵਰਗੀ ਹੁੰਦੀ ਤਾਂ ਸ਼ਾਇਦ ਬਾਬਾ ਜੀ ਨੂੰ ਉਨ੍ਹਾਂ ਦੇ ਰੋਹ ਦਾ ਸ਼ਿਕਾਰ ਹੋਣਾ ਪੈਂਦਾ, ਪਰ ਉਸ ਸਮੇਂ ਦੇ ਜੰਗਜੂ ਸਿੰਘ ਜਾਣਦੇ ਸਨ ਕਿ ਮੰਨੂ ਦੇ ਵੱਢੇ 'ਸੋਏ' ਜੋ ਦਿਨਾਂ ਵਿਚ ਦੂਣ-ਸਵਾਏ ਹੋ ਰਹੇ ਹਨ ਤਾਂ ਇਸ ਪਿੱਛੇ ਸਿੱਖੀ ਦੇ ਪ੍ਰਚਾਰ ਦੀ ਸੁਚੱਜੀ ਵਿਉਂਤਬੰਦੀ ਹੀ ਕੰਮ ਕਰ ਰਹੀ ਹੈ। ਇਸੇ ਹੀ ਸਮੇਂ, ਛੋਟੇ ਘੱਲੂਘਾਰੇ ਤੋਂ ਬਾਅਦ, ਸੰਨ 1748 ਵਿਚ ਵਿਸਾਖੀ ਮੌਕੇ ਪੰਥ ਖਾਲਸਾ ਦੇ ਜੱਥਿਆਂ ਨੂੰ ਮਿਸਲਾਂ ਦੀ ਤਰਤੀਬ ਦਿਤੀ ਗਈ ਅਤੇ ਸਰਬੱਤ ਖਾਲਸਾ ਦੇ ਗੁਰਮਤੇ ਅਨੁਸਾਰ ਬਾਬਾ ਜੀ ਦੀ ਸੇਵਾ-ਘਾਲਣਾ ਦੇਖਦਿਆਂ ਉਨ੍ਹਾਂ ਦੇ ਸ਼ਹੀਦੀ ਜੱਥੇ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਗੀ ਦੇ ਕੇ 'ਸ਼ਹੀਦ ਮਿਸਲ' ਦਾ ਨਾਂ ਦਿਤਾ ਗਿਆ।

ਸੰਨ 1756 ਦੇ ਨਵੰਬਰ ਵਿਚ ਦਿੱਲੀ ਦੀ ਹੁਕਮਰਾਨ ਮੁਗਲਾਨੀ ਬੇਗਮ ਦੇ ਸੱਦੇ 'ਤੇ ਅਹਿਮਦ ਸ਼ਾਹ ਅਬਦਾਲੀ ਨੇ ਹਿੰਦੁਸਤਾਨ 'ਤੇ ਚੌਥਾ ਹਮਲਾ ਕੀਤਾ। ਭੂਤਰੇ ਸਾਨ੍ਹ ਵਾਂਗ ਲਾਹੌਰ ਅਤੇ ਸਰਹਿੰਦ ਨੂੰ ਲਤਾੜਦਾ, ਉਹ ਦਿੱਲੀ ਪੁੱਜਾ ਅਤੇ ਜੇਤੂ ਜਰਨੈਲ ਦੇ ਰੂਪ ਵਿਚ 28 ਜਨਵਰੀ 1757 ਨੂੰ ਲਾਲ ਕਿਲ੍ਹੇ ਵਿਚ ਦਾਖਲ ਹੋਇਆ। ਇਸ ਸਮੇਂ ਅਬਦਾਲੀ ਦੇ ਸਿਪਾਹੀਆਂ ਨੇ ਦਿੱਲੀ ਦੇ ਰਜਵਾੜਿਆਂ, ਨਵਾਬਾਂ ਅਤੇ ਅਮੀਰਾਂ ਦੇ ਘਰਾਂ ਵਿਚ ਕੋਈ ਸੁੰਦਰ ਅਤੇ ਕੀਮਤੀ ਚੀਜ਼ ਨਾ ਰਹਿਣ ਦਿਤੀ। ਅਬਦਾਲੀ ਦੇ ਸੈਨਾਪਤੀ ਜਹਾਨ ਖਾਨ ਨੇ ਉਚੇਚੇ ਤੌਰ 'ਤੇ ਮਥਰਾ

ਦੇ ਮੰਦਰਾਂ ਦੀ ਲੁੱਟ ਕੀਤੀ। ਲੁੱਟ ਦਾ ਮਾਲ ਕਾਬਲ ਵਲ ਢੋਹਣ ਲਈ 28000 ਢੱਗਿਆਂ ਅਤੇ 80000 ਘੋੜਿਆ ਦੀ ਵਰਤੋਂ ਕੀਤੀ ਗਈ। ਪੰਜਾਬ ਵਿਚੋਂ ਵਾਪਸੀ ਦੇ ਲਾਂਘੇ ਸਮੇਂ ਖਾਲਸੇ ਨੇ ਅਬਦਾਲੀ ਦਾ ਭਾਰ ਹੌਲਾ ਕਰਨ ਲਈ ਹੱਲੇ ਬੋਲਣੇ ਸ਼ੁਰੂ ਕਰ ਦਿਤੇ। ਦਿੱਲੀ ਨੂੰ ਪੈਰਾਂ ਦਾ ਅਗੂੰਠਾ ਚੁੰਘਾ ਕੇ ਆਇਆ ਹੰਕਾਰਿਆ ਅਬਦਾਲੀ, ਸਿੰਘਾਂ ਦੇ ਹਮਲਿਆਂ ਨਾਲ ਪੂਰੀ ਤਰ੍ਹਾਂ ਬੌਂਦਲ ਗਿਆ। ਉਸ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਪੰਜਾਬ ਦਾ ਸੂਬੇਦਾਰ ਥਾਪ ਕੇ ਅਤੇ ਜਹਾਨ ਖਾਨ ਨੂੰ ਉਸ ਦਾ ਸੈਨਾਪਤੀ ਬਣਾ ਕੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦਾ ਹੁਕਮ ਦਿਤਾ।

ਸੈਨਾਪਤੀ ਜਹਾਨ ਖਾਨ ਅਤੇ ਜਲੰਧਰ ਦੇ ਫੌਜਦਾਰ ਨਾਸਰ ਅਲੀ ਨੇ ਪਹਿਲੇ ਹੱਲੇ ਹੀ ਗੁਰਦੁਆਰਾ ਥੰਮ ਸਾਹਿਬ ਕਰਤਾਰਪੁਰ ਨੂੰ ਸਾੜ ਦਿਤਾ। ਸੋਢੀ ਵਡਭਾਗ ਸਿੰਘ ਤੁਰਕ ਫੌਜਾਂ ਨੂੰ ਚਕਮਾ ਦੇ ਕੇ ਸ਼ਿਵਾਲਕ ਦੀਆਂ ਪਹਾੜੀਆਂ ਵਲ ਹਰਨ ਹੋ ਗਿਆ। ਤੁਰਕਾਂ ਦਾ ਟਿੱਡੀ ਦਲ ਇਥੋਂ ਤੁਰ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਹਮਲਾਵਰ ਹੋਇਆ। ਜਹਾਨ ਖਾਨ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਢਹਿ-ਢੇਰੀ ਕਰ ਦਿਤਾ। ਚੁਗਿਰਦੇ ਦੇ ਮਕਾਨ ਗਿਰਾ ਕੇ ਅੰਮ੍ਰਿਤ ਸਰੋਵਰ ਨੂੰ ਪੂਰ ਦਿਤਾ ਗਿਆ। ਅੰਮ੍ਰਿਤਸਰ ਵਿਚ ਸਖਤ ਫੌਜੀ ਪਹਿਰਾ ਲਾ ਕੇ ਸੈਨਾਪਤੀ ਜਹਾਨ ਖਾਨ ਵਾਪਸ ਲਾਹੌਰ ਪਰਤ ਗਿਆ।

ਬਾਬਾ ਦੀਪ ਸਿੰਘ ਜੀ ਦੀ ਸਰੀਰਕ ਆਯੂ ਇਸ ਸਮੇਂ 75 ਵਰ੍ਹੇ ਦੀ ਸੀ। 45 ਵਰ੍ਹਿਆਂ ਦੀ ਅਣਥੱਕ ਘਾਲਣਾ ਨਾਲ ਸਿੱਖੀ ਦੇ ਪ੍ਰਚਾਰ ਦਾ ਬਾਨਣੂ ਉਨ੍ਹਾਂ ਨੇ ਪੱਕੇ ਪੈਰੀਂ ਬੰਨ ਦਿਤਾ ਸੀ। ਉਨ੍ਹਾਂ ਵਲੋਂ ਸ੍ਰੀ ਦਮਦਮਾ ਸਾਹਿਬ ਤੋਂ ਤੋਰੀ ਪ੍ਰਚਾਰ ਦੀ ਇਹ ਪਿਰਤ ਟਕਸਾਲੀ ਰੂਪ ਵਿਚ ਹੁਣ ਪੀੜ੍ਹੀ-ਦਰ-ਪੀੜ੍ਹੀ ਚੱਲਣ ਦੇ ਸਮਰੱਥ ਹੋ ਚੁੱਕੀ ਸੀ। ਸੋ ਹੁਣ ਸਹੀ ਅਰਥਾਂ ਵਿਚ ਤਲੀ 'ਤੇ ਸਿਰ ਧਰ ਕੇ, ਜੰਗ ਦੇ ਮੈਦਾਨ ਵਿਚ ਨਿਤਰਣ ਦਾ ਵੇਲਾ ਸੀ। ਹੁਣ ਐਸੀ ਹੋਇ ਪਰੀ ਸੀ ਕਿ ਹਰਿ ਕੈ ਦੁਆਰ ਸੀਸ ਦਾ ਸਿਜਦਾ ਕਰਨ ਦਾ ਮੌਕਾ ਆ ਢੁਕਿਆ ਸੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਸੁਤੰਤਰਤਾ ਲਈ ਬਾਬਾ ਜੀ ਦੇ ਪ੍ਰਣ ਨੂੰ 'ਪੰਥ ਪ੍ਰਕਾਸ਼' ਨੇ ਇਉਂ ਅੰਕਿਤ ਕੀਤਾ ਹੈ –

*ਸੀਸ ਸੁਧਾਸਰ ਹੇਤ ਕਰ, ਦੇਵੇਂਗੇ ਹਮ ਜਾਇ।*
*ਕਰ ਅਰਦਾਸ ਟੁਰ ਪਏ, ਸਿੰਘ ਜੀ ਫਤਹਿ ਗਜਾਇ।*

ਬਾਬਾ ਦੀਪ ਸਿੰਘ ਜੀ ਦੀ ਵੰਗਾਰ ਸੁਣ ਕੇ ਸ਼ਹੀਦੀ ਖੁਮਾਰੀਆਂ ਦਾ ਚਾਅ ਚੌਪਾਸੇ ਉਮਲ ਪਿਆ ਸੀ। ਸ੍ਰੀ ਦਮਦਮਾ ਸਾਹਿਬ ਤੋਂ ਕਰੀਬ ਪੰਜ ਸੌ ਸਿੰਘਾਂ ਦੇ ਸ਼ਹੀਦੀ ਜੱਥੇ ਨਾਲ ਬਾਬਾ ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਲ ਚਾਲੇ ਪਾਏ ਸਨ। ਹਰੀਕੇ ਪੱਤਣ ਤਕ ਪੁਜਦਿਆਂ ਸਿਰਲੱਥ ਸੂਰਬੀਰ ਸ਼ਹੀਦੀ ਸਿੰਘਾਂ ਦੇ ਜੱਥੇ ਦੀ ਗਿਣਤੀ ਪੰਜ ਹਜ਼ਾਰ ਤੱਕ ਪੁੱਜ ਗਈ। ਤਰਨਤਾਰਨ ਤੱਕ ਪਹੁੰਚਦਿਆਂ ਹੋਰ ਬੇਸ਼ੁਮਾਰ ਸਿੰਘ ਸ਼ਹੀਦੀ ਦੇ ਚਾਅ ਵਿਚ, ਉਨ੍ਹਾਂ ਦੀ ਅਗਵਾਈ ਹੇਠ ਲਾਮਬੰਦ ਹੋ ਗਏ।

ਸ਼ਹੀਦੀ ਜੱਥੇ ਦੇ ਆਗਮਨ ਦੀ ਸੂਹ ਮਿਲਣ 'ਤੇ ਅਹਿਮਦ ਸ਼ਾਹ ਅਬਦਾਲੀ ਦੇ ਮੁੱਖ ਸੈਨਾਪਤੀ ਜਹਾਨ ਖਾਨ ਨੇ ਵੀਹ ਹਜ਼ਾਰ ਫੌਜ ਨਾਲ ਲਾਹੌਰ ਤੋਂ ਅੰਮ੍ਰਿਤਸਰ ਵਲ ਕੂਚ ਕੀਤਾ ਅਤੇ ਮਾਝੇ-ਦੁਆਬੇ ਵਿਚ ਹਰਲ-ਹਰਲ ਕਰਦੇ ਆਪਣੇ ਸਾਰੇ ਫੌਜਦਾਰਾਂ ਨੂੰ ਤੁਰੰਤ ਸ੍ਰੀ ਅੰਮ੍ਰਿਤਸਰ ਵਲ ਮੁੜਨ ਦੇ ਪੈਗਾਮ ਭੇਜੇ।

ਸ੍ਰੀ ਅੰਮ੍ਰਿਤਸਰ ਤੋਂ ਪੰਜ ਕੁ ਮੀਲ ਦੀ ਵਿੱਥ 'ਤੇ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਜੱਥੇ ਦਾ ਸੈਨਾਪਤੀ ਜਹਾਨ ਖਾਨ, ਹਾਜ਼ੀ ਅਤਈ ਖਾਨ, ਜਰਨੈਲ ਯਕੂਬ ਖਾਨ ਅਤੇ ਜਰਨੈਲ ਅਮਾਨ ਖਾਨ ਦੀਆਂ ਸਾਂਝੀਆਂ ਫੌਜਾਂ ਨਾਲ ਟਾਕਰਾ ਹੋਇਆ। ਯਕੂਬ ਖਾਨ ਜਦੋਂ ਦੁਵੱਲੀ ਲੜਾਈ ਵਿਚ ਬਾਬਾ ਜੀ ਦੇ ਹੱਥੋਂ ਮਾਰਿਆ ਗਿਆ ਤਾਂ ਅਮਾਨ ਖਾਨ ਦਵੰਧ ਯੁੱਧ ਲਈ ਤਿਆਰ ਹੋ ਗਿਆ। ਬੜਾ ਗਹਿਗੱਚ ਮੁਕਾਬਲਾ ਸੀ। ਦੋਵਾਂ ਪਾਸਿਓਂ ਬਰਾਬਰ ਦੀ ਫੁਰਤੀ ਨਾਲ ਹਥਿਆਰ ਚੱਲ ਰਹੇ ਸਨ, ਪੈਂਤੜੇ ਪੁੱਟੇ ਜਾ ਰਹੇ ਸਨ ਅਤੇ ਜੰਗਜੂ ਦਾਅ-ਪੇਚ ਖੇਡੇ ਜਾ ਰਹੇ ਸਨ। ਬਾਬਾ ਦੀਪ ਸਿੰਘ ਅਤੇ ਜਰਨੈਲ ਅਮਾਨ ਖਾਨ ਦੀ ਬਰਾਬਰੀ ਵਾਲੀ ਟੱਕਰ ਦਾ ਜ਼ਿਕਰ ਕਰਦਿਆਂ ਗਿਆਨੀ ਗਿਆਨ ਸਿੰਘ 'ਪੰਥ ਪ੍ਰਕਾਸ਼' ਵਿਚ ਲਿਖਦੇ ਹਨ –

*ਚਲੀ ਤੇਗ ਅਤਿ ਬੇਗ ਸੈਂ, ਦੋਹੂ ਕੇਰ ਬਲ ਧਾਰ।*
*ਉਤਰ ਗਏ ਸਿਰ ਦੋਹਾਂ ਕੇ, ਪਰਸਪਰੇ ਇਕ ਸਾਰ।*

ਅਜੇ ਬਾਬਾ ਜੀ ਦੇ ਕਦਮ ਲੜਖੜਾਏ ਹੀ ਸਨ ਕਿ 'ਪੰਥ ਪ੍ਰਕਾਸ਼' ਦੀ ਗਵਾਹੀ ਅਨੁਸਾਰ ਇਕ ਸਿੰਘ ਨੇ ਆਖਿਆ –

*ਪ੍ਰਣ ਤੁਮ੍ਹਾਰਾ ਦੀਪ ਸਿੰਘ ਰਹਯੋ।*

ਇਹ ਆਵਾਜ਼ਾਂ ਸੁਣਦਿਆਂ ਹੀ ਬਾਬਾ ਜੀ ਦਾ ਸਰੀਰ ਸੰਭਲ ਗਿਆ। ਸਿਰ ਤਲੀ 'ਤੇ ਟਿਕ ਗਿਆ। 'ਪੰਥ ਪ੍ਰਕਾਸ਼' ਦਾ ਕਥਨ ਹੈ –

*ਸੁਣ ਸਿੰਘ ਜੀ ਨਿਜ ਪ੍ਰਾਣ ਸੰਭਾਰਾ।*
*ਨਿਜ ਸਿਰ ਬਾਮ-ਹਾਥ ਨਿਜ ਧਾਰਾ।*
*ਦਹਿਨੇ ਹਾਥ ਤੇਗ ਖਰ ਧਾਰਾ।*
*ਵਜ਼ਨ ਜਾਹਿ ਥਾ ਸੇਰ ਅਠਾਰਾ।*
*ਲਰਤ ਕਬੰਧ ਤੁਰਕ ਗਨ ਸੰਗੈ।*
*ਓਰ ਸੁਧਾਸਰ ਚਲਿਓਂ ਨਿਸੰਗੈ।*
*ਗਰਜਤ ਤਰਜਤ ਤਨ ਘਨ ਨਯਾਈ।*
*ਤੁਰਕ ਚਲੇ ਭਗ ਡਰਿ ਅਗਵਾਈ।*

ਇਸੇ ਰੂਪ ਵਿਚ ਲੜਦੇ-ਭਿੜਦੇ ਸ਼ਹੀਦ ਬਾਬਾ ਦੀਪ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਾਵਨ ਪ੍ਰਕਰਮਾ ਵਿਚ ਪੁੱਜੇ। ਪ੍ਰਕਰਮਾ ਵਿਚ ਜਿੱਥੇ ਉਨ੍ਹਾਂ ਨੇ ਚੋਲਾ ਤਿਆਗਿਆ, ਉਥੇ ਯਾਦ ਵਿਚ 'ਸਮਾਧੀ ਅਸਥਾਨ' ਸੁਸ਼ੋਭਿਤ ਹੈ।

ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਅਦੁੱਤੀ ਸ਼ਹਾਦਤ ਬਾਬਤ ਸੁਣ ਕੇ ਖਾਲਸਾ ਜੀ ਦੇ ਜੰਗਜੂ ਜੱਥੇ

(ਪੰਨਾ 38 ਦੀ ਬਾਕੀ)

ਮੰਜ਼ਲਾਂ ਮਾਰਦੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪਹੁੰਚੇ। ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ ਖਾਲਸੇ ਦਾ ਇਕ ਬਹੁਤ ਵੱਡਾ ਇਕੱਠ ਜੁੜ ਗਿਆ। ਸਾਰਿਆਂ ਨੇ ਇਕਸੁਰ ਹੋ ਕੇ ਬਾਬਾ ਜੀ ਦੀ ਘਾਲ ਕਮਾਈ ਨੂੰ 'ਧੰਨ ਧੰਨ' ਆਖਦਿਆਂ ਸਮੁੱਚੇ ਪੰਜਾਬ ਨੂੰ ਖਾਲਸੇ ਦੀ 'ਰਾਖੀ' ਵਿਚ ਲੈਣ ਦਾ ਐਲਾਨ ਕਰ ਦਿਤਾ। 'ਪੰਥ ਪ੍ਰਕਾਸ਼' ਦਾ ਵਰਨਣ ਹੈ –

*ਇਹ ਸੁਨ ਪੰਥ ਖਾਲਸਾ ਆਯੋ।*
*ਦਿਸ਼ ਚਾਰਨ ਤੈ ਕਠ ਬਡ ਬਾਯੋ।*
*ਦੀਪ ਸਿੰਘ ਕੀ ਗਾਥਾ ਸੁਨ ਸੁਨ।*
*ਧੰਨਯ ਧੰਨਯ ਸਭ ਕੈਹੇਂ ਪੁਨ ਪੁਨ।*

ਬਾਬਾ ਜੀ ਦੀ ਅਦੁੱਤੀ ਸ਼ਹਾਦਤ ਨੂੰ ਡੰਡਓਤ ਕਰਨ ਲਈ ਖਾਲਸਾ ਪੰਥ ਵਲੋਂ ਗੁਰਦੁਆਰਾ ਰਾਮਸਰ ਦੇ ਨਜ਼ਦੀਕ, ਚਾਟੀਵਿੰਡ ਗੇਟ ਵਾਲੇ ਪਾਸੇ 'ਯਾਦਗਾਰੀ ਸ਼ਹੀਦੀ ਅਸਥਾਨ' ਉਸਾਰਿਆ ਗਿਆ।

ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਅਗੰਮੀ ਸ਼ਹਾਦਤ ਨਾਲ ਪੈਦਾ ਹੋਏ ਰੋਹ ਅਤੇ ਵਿਦਰੋਹ ਵਿਚੋਂ ਉਭਰੀ ਲੋਕ–ਜਾਗ੍ਰਿਤੀ ਨੇ ਖਾਲਸਈ ਮਿਸਲਾਂ ਦੇ ਰੂਪ ਵਿਚ ਤੁਰਕਾਂ ਅਥਵਾ ਮੁਗਲਾਂ ਨੂੰ ਭਾਂਜ ਦੇ ਕੇ 'ਹੰਨੈ ਹੰਨੈ ਮੀਰੀ' ਦੇ ਦੌਰ ਦੀ ਸ਼ੁਰੂਆਤ ਕੀਤੀ। ਖਾਲਸਾ ਪੰਥ ਦੀ ਚੜ੍ਹਤ ਨਾਲ ਸਿੱਖੀ ਦੀ ਸ਼ਾਨ ਕਾਇਮ ਹੋਈ। ਧੰਨ ਬਾਬਾ ਦੀਪ ਸਿੰਘ ਜੀ ਨੇ, ਆਪਣੇ ਹੱਥੀਂ ਆਪਣੇ ਗੁੱਟ 'ਤੇ ਬੰਨ੍ਹੇ ਸ਼ਹੀਦੀ ਗਾਨੇ ਨਾਲ, ਸਿਰਾਂ ਦਾ ਮੁੱਲ ਹੰਢਾਉਣ ਵਾਲੀ ਕੌਮ ਦੇ ਸਿਰ 'ਤੇ, ਰਾਜਸੀ ਸ਼ਾਨ ਅਤੇ ਕੌਮੀ ਆਨ ਦਾ ਪ੍ਰਤੀਕ ਤਾਜ ਟਿਕਾ ਦਿਤਾ। ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਇਸ ਅਦੁੱਤੀ ਦੇਣ ਅਤੇ ਲਾਸਾਨੀ ਕੁਰਬਾਨੀ ਨੂੰ ਸਾਰਾ ਪੰਥ ਖਾਲਸਾ ਸਿਜਦਾ ਕਰਦਾ ਹੈ।

ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਸਮੁੱਚਾ ਜੀਵਨ ਅਤੇ ਅਦੁੱਤੀ ਸ਼ਹਾਦਤ, ਗੁਰਮਤਿ ਦੇ ਪ੍ਰਚਾਰ ਅਤੇ ਗੁਰਸਿੱਖੀ ਦੇ ਪਸਾਰ ਨੂੰ ਸਮਰਪਿਤ ਹੈ। ਉਨ੍ਹਾਂ ਨੇ ਤਲਵਾਰ ਦੇ ਯੁੱਗ ਵਿਚ ਕਲਮ ਦੀ ਮਹੱਤਤਾ ਨੂੰ ਜਿਵੇਂ ਮਹਿਸੂਸਿਆ ਅਤੇ ਕਿਰਪਾਨ ਦੇ ਨਾਲ–ਨਾਲ ਜਿਵੇਂ ਕਲਮ ਨੂੰ ਵਰਤਿਆ, ਉਹ ਅੱਜ ਦੇ ਸਮੇਂ ਵਿਚ ਬੜਾ ਸੇਧਦਾਇਕ ਹੈ।

ਕਲਮ ਹੋਏ ਸਿਰ ਨੂੰ ਤਲੀ 'ਤੇ ਟਿਕਾਉਣ ਦੀ ਸਮਰੱਥਾ ਰੱਖਣ ਵਾਲੀ ਕੌਮ, ਜੇ ਕਲਮ ਦੀ ਕਰਾਮਾਤ ਨੂੰ ਆਪਣੇ ਕੌਮੀ ਜੀਵਨ ਦਾ ਹਿੱਸਾ ਬਣਾ ਲਵੇ ਤਾਂ ਕੌਮ ਦਾ ਭਵਿੱਖ ਸੂਰਜ ਵਾਂਗ ਰੌਸ਼ਨ ਹੋ ਜਾਵੇਗਾ। ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜੀਵਨ ਤੋਂ ਮਿਲਦੀ ਇਸ ਅਮੁੱਲੀ ਸੇਧ ਨੂੰ ਅਜੋਕੀ ਪੰਥਕ ਚੇਤਨਾ ਦਾ ਹਿੱਸਾ ਬਣਾਉਣ ਲਈ ਯਤਨਸ਼ੀਲ ਹੋਣਾ, ਹਰ ਚੇਤੰਨ ਸਿੱਖ ਦਾ ਫਰਜ਼ ਹੈ।

ਬਿਬ=ਦੋ ਭਾਵ ਜੀਵ ਈਸ ਦੀ ਏਕ=ਏਕਤਾ ਵਾਲਾ ਸਰੂਪ ਤੇ ਅਪਰੋਖ ਗਿਆਨ ਦਾ ਵੀਚਾਰ ਹੈ।

**ਸੋ ਸੇਵਕੁ ਹਰਿ ਆਖੀਐ**
**ਜੋ ਹਰਿ ਰਾਖੈ ਉਰਿ ਧਾਰਿ॥**

ਸੋ=ਉਹ ਹੀ ਹਰਿ=ਅਕਾਲ ਪੁਰਖ ਦਾ ਸੇਵਕੁ=ਦਾਸ ਆਖੀਐ=ਕਹੀਦਾ ਹੈ ਵਾ: ਪ੍ਰੇਮੀ ਕਹੀਦਾ ਹੈ। ਜੋ ਹਰਿ=ਪ੍ਰਭੂ ਨੂੰ ਉਰ=ਧਾਰਿ=ਹਿਰਦੇ ਵਿਚ ਧਾਰਨ ਕਰਕੇ ਵਾ ਵਸਾ ਕੇ ਰਾਖੈ=ਰਖਦਾ ਹੈ।

**ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ॥**

ਜੋ ਮਨ ਤੇ ਤਨ ਉਸ ਪ੍ਰਭੂ ਨੂੰ ਸਉਪੇ=ਅਰਪ ਕੇ ਆਗੈ ਧਰੇ=ਅੱਗੇ ਰੱਖੇ ਭਾਵ ਮਨ ਵੀ ਮਹਾਰਾਜ ਦੀ ਆਗਿਆ 'ਚ ਰੱਖੇ ਤੇ ਤਨ ਵੀ ਸਤਿਗੁਰਾਂ ਦੀ ਸੇਵਾ ਵਿਚ ਰੱਖੇ ਅਤੇ ਵਿਚਹੁ=ਅੰਦਰੋਂ ਹਉਮੈ=ਤਨ ਹੰਗਤਾ ਨੂੰ ਮਾਰਿ=ਖਤਮ ਕਰਕੇ ਰੱਖੇ। ਭਾਵ ਅਹੰਕਾਰ ਦਾ ਸੰਪੂਰਨ ਤਿਆਗ ਕਰ ਦੇਵੇ।

**ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ॥**

ਸੋ ਗੁਰਮੁਖਿ=ਉਹ ਗੁਰਮੁਖ ਧਨੁ=ਧੰਨਤਾ ਦੇ ਯੋਗ ਹਨ ਤੇ ਰੱਬ ਦੇ ਦਰ ਉਤੇ ਪਰਵਾਣੁ=ਪ੍ਰਵਾਨੀਕ ਹਨ। ਜਿ=ਜਿਨ੍ਹਾਂ ਨੂੰ ਕਾਮ, ਕ੍ਰੋਧ ਆਦਿ ਵਿਸ਼ਿਆਂ ਅਤੇ ਮਨੁੱਖਾ ਜਨਮ ਰੂਪੀ ਜੂਏ ਵਿਚ ਕਦੇ=ਕਦਾਚਿਤ ਵੀ ਹਾਰ ਨਹੀਂ ਆਵੈ=ਆਉਂਦੀ ਭਾਵ ਉਨ੍ਹਾਂ ਦੀ ਹਰ ਵਕਤ ਜੀਵਨ 'ਚ ਜਿੱਤ ਹੀ ਰਹਿੰਦੀ ਹੈ।

**ਕਰਮਿ ਮਿਲੈ ਤਾ ਪਾਈਐ**
**ਵਿਣੁ ਕਰਮੈ ਪਾਇਆ ਨ ਜਾਇ॥**

ਜੇ ਚੰਗੇ ਕਰਮ ਹੋਣ ਤਾਂ ਸਤਿਗੁਰਾਂ ਦੀ ਸੰਗਤ ਮਿਲਦੀ ਹੈ ਤਾਂ ਉਨ੍ਹਾਂ ਪਾਸੋਂ ਨਾਮ ਦੀ ਦਾਤ ਨੂੰ ਪਾਈਐ=ਪ੍ਰਾਪਤ ਕਰੀਦਾ ਹੈ।ਬਿਨਾਂ ਨਿਸ਼ਕਾਮ ਕਰਮਾਂ ਤੋਂ ਅਥਵਾ ਬਿਨਾਂ ਸਤਿਗੁਰਾਂ ਦੀ ਬਖਸ਼ਿਸ਼ ਤੋਂ ਪ੍ਰਭੂ ਦੇ ਨਾਮ–ਰਸ ਵਾ: ਅਨੰਦ ਨੂੰ ਪਾਇਆ ਨਹੀਂ ਜਾ ਸਕਦਾ।

**ਲਖ ਚਉਰਾਸੀਹ ਤਰਸਦੇ**
**ਜਿਸੁ ਮੇਲੇ ਸੋ ਮਿਲੈ ਹਰਿ ਆਇ॥**

ਹੇ ਭਾਈ! ਭਾਵੇਂ ਚਉਰਾਸੀਹ ਲੱਖ ਜੂਨੀਆਂ ਦੇ ਸਾਰੇ ਜੀਵ ਪ੍ਰਭੂ ਪ੍ਰਾਪਤੀ ਨੂੰ ਤਰਸਦੇ=ਲੋਚਦੇ ਹਨ, ਪਰੰਤੂ ਜਿਨ੍ਹਾਂ ਨੂੰ ਸਤਿਗੁਰੂ ਜੀ ਮੇਲਦੇ ਹਨ, ਉਹੋ ਹੀ ਹਰਿ=ਪ੍ਰਭੂ ਨੂੰ ਸੰਸਾਰ 'ਚ ਆਇ=ਆ ਕੇ ਮਿਲੈ=ਮਿਲਦੇ ਹਨ ਭਾਵ ਮਨੁੱਖਾ ਜਨਮ 'ਚ ਆ ਕੇ ਉਹੋ ਹੀ ਪ੍ਰਭੂ ਦੀ ਪ੍ਰਾਪਤੀ ਕਦੇ ਹਨ, ਜਿਨ੍ਹਾਂ ਨੂੰ ਸਤਿਗੁਰੂ ਜੀ ਮੇਲਦੇ ਹਨ।

**ਨਾਨਕ ਗੁਰਮੁਖਿ ਹਰਿ ਪਾਇਆ**
**ਸਦਾ ਹਰਿ ਨਾਮਿ ਸਮਾਇ॥**

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਜਿਨ੍ਹਾਂ ਗੁਰਮੁਖਾਂ ਨੇ ਹਰਿ ਨਾਮ ਜਪ ਕੇ ਪ੍ਰਭੂ ਨੂੰ ਪਾਇਆ=ਪ੍ਰਾਪਤ ਕੀਤਾ ਹੈ, ਉਹ ਸਦਾ=ਹਮੇਸ਼ਾ ਲਈ ਹਰਿ ਨਾਮਿ=ਨਾਮੀ ਪ੍ਰਭੂ 'ਚ ਸਮਾਇ ਰਹਿੰਦੇ ਹਨ ਭਾਵ ਮਿਲੇ ਰਹਿੰਦੇ ਹਨ ਵਾ: ਅਭੇਦ ਹੋ ਜਾਂਦੇ ਹਨ।

# ਵਾਰਾਂ ਭਾਈ ਗੁਰਦਾਸ
# ਸਟੀਕ

*ਡਾ. ਭਾਈ ਵੀਰ ਸਿੰਘ*

ਵਾਰ ੧

## 6. ਪਉੜੀ (ਤਥਾਚ)

**ਤ੍ਰੇਤੇ ਛਤ੍ਰੀ ਰੂਪ ਧਰਿ ਸੂਰਜ ਬੰਸੀ ਵਡਿ ਅਵਤਾਰਾ।**

**ਨਉ ਹਿਸੇ ਗਈ ਆਰਜਾ ਮਾਇਆ ਮੋਹੁ ਅਹੰਕਾਰੁ ਪਸਾਰਾ।**

**ਅਰਥ –** ਤ੍ਰੇਤਾ (ਜੁੱਗ ਵਿਖੇ) ਛੱਤ੍ਰੀ (ਵਰਨ ਵਿਚ ਰਾਮਚੰਦ੍ਰ) ਦਾ ਰੂਪ ਧਾਰ ਕੇ ਸੂਰਜ ਵੰਸੀ ਵਡਾ ਅਵਤਾਰ (ਰਾਜਾ) ਹੋਇਆ। ਨੌਂ ਹਿੱਸੇ (ਲੋਕਾਂ ਦੀ) ਉਮਰ (ਘਟ) ਗਈ (ਭਾਵ ਲੱਖ ਵਿਚੋਂ 90 ਹਜ਼ਾਰ ਘਟ ਕੇ ਦਸ ਹਜ਼ਾਰ ਵਰ੍ਹਾ ਰਹਿ ਗਈ) ਮਾਯਾ ਮੋਹ ਤੇ ਹੰਕਾਰ ਦਾ ਪਸਾਰਾ ਹੋ ਗਿਆ। (ਇਸ ਪ੍ਰਕਾਰ ਹਿੰਦੂ ਲੋਕ ਮੰਨਦੇ ਹਨ।)

**ਦੁਆਪਰਿ ਜਾਦਵ ਵੇਸ ਕਰਿ ਜੁਗਿ ਜੁਗਿ ਅਉਧ ਘਟੈ ਆਚਾਰਾ।**

**ਰਿਗ ਬੇਦ ਮਹਿ ਬ੍ਰਹਮ ਕ੍ਰਿਤਿ ਪੂਰਬ ਮੁਖਿ ਸੁਭ ਕਰਮ ਬਿਚਾਰਾ।**

ਦੁਆਪਰ ਵਿਖੇ ਯਦੂ (ਨਾਮ ਰਾਜਾ ਦੇ ਘਰ ਕ੍ਰਿਸ਼ਨ ਨਾਮ ਵਾਲੇ ਨੇ) ਵੇਸ ਧਾਰਿਆ, ਜੁਗਾਂ-ਜੁਗਾਂ ਵਿਖੇ ਉਮਰ ਤੇ ਆਚਾਰ (ਕਰਤੱਬਯ) ਘਟਦੇ ਗਏ (ਗੱਲ ਕੀ ਹੁਣ ਹਜ਼ਾਰ ਵਰ੍ਹੇ ਦੀ ਬਾਕੀ ਉਮਰਾ ਰਹੀ, ਨੌਂ ਹਿੱਸੇ ਹੋਰ ਘਟ ਗਈ) ਰਿਗ ਵੇਦ ਵਿਚੋਂ ਬ੍ਰਾਹਮਣ ਕਰਮ ਕਰਾਉਂਦੇ ਪੂਰਬ ਵਲ ਮੂੰਹ ਕਰਕੇ ਸ਼ੁਭ ਕਰਮ (ਯੱਗ) ਕਰਦੇ ਸਨ (ਉਹ ਪੂਰਬ ਵਲ ਹਰੀ ਦਾ ਵਾਸਾ ਜਾਣਦੇ ਹਨ) (ਇਹ ਇਤਰ ਮਤਾਂ ਦੇ ਨਿਸ਼ਚੇ ਦਸਦੇ ਹਨ)

**ਖਤ੍ਰੀ ਥਾਪੇ ਜੁਜਰੁ ਵੇਦਿ ਦਖਣ ਮੁਖਿ ਬਹੁ ਦਾਨੁ ਦਾਤਾਰਾ।**

**ਵੈਸੋਂ ਥਾਪਿਆ ਸਿਆਮ ਵੇਦੁ ਪਛਮ ਮੁਖਿ ਕਰਿ ਸੀਸੁ ਨਿਵਾਰਾ।**

(ਫੇਰ) ਖਤ੍ਰੀਆਂ ਦੇ ਜੁਜਰੁ ਲੈ ਲੀਤਾ (ਦੁਆਪਰ ਵਿਖੇ) ਦੱਖਣ ਵਲ ਮੂੰਹ ਕਰਕੇ ਦਾਤੇ ਬਣ ਕੇ ਬਹੁਤੇ ਦਾਨ (ਆਦਿਕ ਕਰਮ) ਕਰਨ ਲੱਗੇ, (ਗੱਲ ਕੀ ਉਹ ਦੱਖਣ ਦੇਸ਼ ਵਿਖੇ ਹਰੀ ਦਾ ਨਿਵਾਸ ਜਾਣਨ ਲੱਗੇ) (ਉਹਨਾਂ ਨੇ ਹਰੀ ਪੱਛੋਂ ਵਲ ਹੀ ਸਮਝ ਲੀਤਾ। ਯਥਾ – ਗੁਰਵਾਕ – 'ਕੋਊ ਪਛਾਹ ਕੋ ਸੀਸ ਨਿਵਾਇਓ) (ਇਹ ਇਤਰ ਮਤਾਂ ਦੀਆਂ ਮਨਾਉਤਾਂ ਦਸਦੇ ਹਨ)

**ਰਿਗਿ ਨੀਲੰਬਰਿ ਜੁਜਰ ਪੀਤ ਸ੍ਵੇਤੰਬਰਿ ਕਰਿ ਸਿਆਮ ਸੁਧਾਰਾ।**

**ਤ੍ਰਿਹੁ ਜੁਗੀ ਤ੍ਰੈ ਧਰਮ ਉਚਾਰਾ।**

ਰਿਗ ਵੇਦ ਨੀਲੇ ਕਪੜੇ, ਜੁਜਰ ਵੇਦ ਪੀਲੇ (ਅਰ)। ਸਾਮ ਵੇਦ (ਪੜ੍ਹਨ ਸਮੇਂ) ਚਿੱਟੇ ਕੱਪੜੇ ਪਹਿਰ ਕੇ (ਪਾਠ ਕਰਦੇ ਸਨ) ਭਾਵ ਰਾਮ ਕ੍ਰਿਸ਼ਨ ਤੇ ਹੰਸਾਵਤਾਰ ਦੇ ਉਪਾਸਕ ਹੋ ਕੇ ਆਪਣੇ ਧਰਮ ਕਰਦੇ ਸਨ)। ਤਿੰਨਾਂ ਯੁੱਗਾਂ ਦੇ ਤ੍ਰੈ ਧਰਮ (ਵੱਖੋ ਵੱਖ) ਉਚਾਰਦੇ ਸਨ।

ਭਾਵ – ਈਸ਼ਵਰ ਦੇਸ਼, ਕਾਲ, ਵਸਤੂ ਦੇ ਭੇਦ ਤੋਂ ਰਹਿਤ ਹੈ ਤੇ ਸਾਰੇ ਇਕ ਸਰੂਪ ਹੋ ਕੇ ਅਕਾਸ਼ਵਤ ਪੂਰਣ ਹੈ। ਕੋਈ ਪੱਛਮ ਕੋਈ ਦੱਖਣ ਆਦਿ ਦਿਸ਼ਾ ਵਲ ਹਰੀ ਨੂੰ ਮੰਨ ਕੇ ਪ੍ਰਣਾਮਾਂ ਕਰਦੇ ਹਨ, ਜਿਸ ਦਾ ਵਰਣਨ ਪ੍ਰਿਥਮ ਗੁਰੂ ਜੀ ਨੇ ਆਸਾ ਦੀ ਵਾਰ ਵਿਖੇ ਚੰਗਾ ਖੋਲ੍ਹਿਆ ਹੈ, ਜਿਹਾ ਕੁ 'ਸਾਮ ਕਹੈ ਸੇਤੰਬਰ ਸੁਆਮੀ ਸਚ ਮਹ ਆਛੈ ਸਾਚ ਰਹੇ। ਪੁਨਾ – 'ਰਿਗ ਕਹੈ ਰਹਿਆ ਭਰਪੂਰ॥ ਰਾਮ ਨਾਮ ਦੇਵਾ ਮਹਿ ਸੂਰ॥ ਅਰਥਾਤ – ਸਤਿਜੁਗ ਵਿਖੇ ਸਾਮ ਵੇਦ ਪੜ੍ਹਦੇ ਤੇ ਹੰਸਾਵਤਾਰ ਦੇ ਉਪਾਸਕ ਸਨ, ਤ੍ਰੇਤੇ ਵਿਖੇ ਰਿਗਵੇਦ ਸੀ ਤੇ ਰਾਮ ਨੂੰ ਭਰਪੂਰ ਮੰਨਦੇ ਦੇਵਤਿਆਂ ਦਾ ਪ੍ਰਕਾਸ਼ ਮੰਨਦੇ ਸਨ। ਅਰਥਾਤ ਐਸੇ ਮਤ ਪਸਰ ਰਹੇ ਹਨ।

## 7. ਪਉੜੀ (ਤਥਾਚ)

**ਕਲਿਜੁਗ ਚਉਥਾ ਥਾਪਿਆ ਸੂਦ੍ਰ ਬਿਰਤਿ ਜਗ ਮਹਿ ਵਰਤਾਈ।**

**ਕਰਮ ਸੁ ਰਿਗਿ ਜੁਜਰ ਸਿਆਮ ਕੇ ਕਰੇ ਜਗਤੁ ਰਿਦਿ ਬਹੁ ਸੁਕਚਾਈ।**

ਅਰਥ - ਕਲਿਜੁਗ ਚੌਥਾ ਜੁਗ ਬਣਾਇਆ, ਸ਼ੂਦਰਾਂ ਦੀ ਬਿਰਤੀ ਜਗਤ ਵਿਖੇ ਵਰਤ ਗਈ (ਅਰਥਾਤ ਲੋਕਾਂ ਦੇ ਸ਼ੂਦਰਾਂ ਵਰਗੇ ਸੁਭਾ ਹੋ ਗਏ) ਰਿਗ ਜੁਜਰ ਅਤੇ ਸ਼ਾਮ ਵੇਦ ਦੇ (ਕਹੇ ਹੋਏ) ਕਰਮ ਜਗਤ (ਦੇ ਲੋਕ) ਮਨ ਵਿਖੇ ਬਹੁਤ ਸੰਕੋਚ ਨਾਲ ਕਰਨ ਲੱਗੇ, (ਭਾਵ ਉਹਨਾਂ ਤੋਂ ਹੱਟਣ ਲੱਗੇ)

**ਮਾਇਆ ਮੋਹੀ ਮੇਦਨੀ ਕਲਿ ਕਲਿ ਵਾਲੀ ਸਭਿ ਭਰਮਾਈ।**

**ਉਠੀ ਗਿਲਾਨਿ ਜਗਤ ਵਿਚਿ ਹਉਮੈ ਅੰਦਰਿ ਜਲੈ ਲੁਕਾਈ।**

ਸ੍ਰਿਸ਼ਟੀ ਮਾਯਾ ਨੇ (ਮੋਹੀ ਠੱਗ ਲੀਤੀ, ਕਲਜੁਗੀ ਕਲਹ ਵਾਲੀ (ਕ੍ਰਿਯਾ) ਨੇ ਸਾਰੀ ਭਰਮਾ ਦਿਤੀ। (ਜਗਤ ਵਿਚ ਗਿਲਾਨ ਉਠ ਖੜੋਤੀ, ਹਉਮੈ ਵਿਚ ਲੋਕ ਸੜਨ ਲੱਗੇ। ਅਗਲੀਆਂ ਚਾਰ ਤੁਕਾਂ ਵਿਖੇ ਇਸ ਚਉਥੇ ਜੁਗ ਦਾ ਰੂਪ ਦਸਦੇ ਹਨ -

**ਕੋਇ ਨ ਕਿਸੈ ਪੂਜਦਾ ਊਚ ਨੀਚ ਸਭਿ ਗਤਿ ਬਿਸਰਾਈ।**

**ਭਏ ਬਿਅਦਲੀ ਪਾਤਸਾਹ ਕਲਿ ਕਾਤੀ ਉਮਰਾਇ ਕਸਾਈ।**

**ਰਹਿਆ ਤਪਾਵਸੁ ਤ੍ਰਿਹੁ ਜੁਗੀ ਚਉਥੇ ਜੁਗਿ ਜੋ ਦੇਇ ਸੁ ਪਾਈ।**

**ਕਰਮ ਭ੍ਰਿਸਟਿ ਸਭਿ ਭਈ ਲੋਕਾਈ।**

ਕੋਈ ਕਿਸੇ ਨੂੰ ਮੰਨਦਾ ਨਹੀਂ, ਉੱਚੇ ਤੇ ਨੀਵੇਂ ਦੀ ਤਰ੍ਹਾਂ ਹੀ ਸਭ ਭੁੱਲ ਗਏ (ਜਿਹਾ ਕੁ ਦਸਮ ਗੁਰੂ ਜੀ ਲਿਖਦੇ ਹਨ "ਘਰ ਘਰ ਹੋਇ ਬਹੈਂਗੇ ਰਾਮਾ) ਬਾਦਸ਼ਾਹ ਅੰਨਿਆਈ ਹੋ ਗਏ, ਕਲਜੁਗ ਕੈਂਚੀ ਤੇ ਮੁਸਾਹਬ ਕਸਾਈ ਹੋ ਗਏ (ਭਾਵ ਪਰਜਾ ਬੱਕਰੀ ਨੂੰ ਕੋਹਣ ਲਗ ਪਏ) ਤਿੰਨਾਂ ਜੁਗਾਂ ਦਾ ਧਰਮ ਰਹਿ ਗਿਆ, ਚੌਥੇ ਜੁਗ (ਕਲਜੁਗ ਵਿਖੇ ਜਿਹੜਾ (ਕਿਸੇ ਨੂੰ) ਦੇਵੇ ਸੋ ਲਵੇ ਭਾਵ (ਉਪਕਾਰ ਦਾ ਮੁਸ਼ਕ ਨਾ ਰਿਹਾ)। ਕਰਮ ਭ੍ਰਿਸ਼ਟ ਸਾਰੀ ਦੁਨੀਆਂ ਹੋ ਗਈ। (ਤਾਤਪਰਜ ਇਹ ਕਿ ਸ਼ੁਭ ਕਰਮਾਂ ਤੋਂ ਪਤਿਤ ਹੋ ਗਏ) ਸਮੇਂ ਦੀ ਵੰਡ ਉਸ ਵੇਲੇ ਦੇ ਮਤ ਐਉਂ ਮੰਨਦੇ ਸੇ -

## 8. ਪਉੜੀ (ਖਟ ਸ਼ਾਸਤ੍ਰ)

**ਚਹੁ ਬੇਦਾ ਕੇ ਧਰਮ ਮਥਿ ਖਟ ਸਾਸਤ੍ਰ ਮਥਿ ਰਿਖਿ ਸੁਣਾਵੈ।**

**ਬ੍ਰਹਮਾਦਿਕ ਸਨਕਾਦਿਕਾ ਜਿਉ ਤਿਹ ਕਹਾ ਤਿਵੈ ਜਗੁ ਗਾਵੈ।**

**ਗਾਵਨਿ ਪੜਨਿ ਬਿਚਾਰਿ ਬਹੁ ਕੋਟਿ ਮਧੇ ਵਿਰਲਾ ਗਤਿ ਪਾਵੈ।**

**ਇਹਿ ਅਚਰਜੁ ਮਨ ਆਵਦੀ ਪੜਤਿ ਗੁਣਤਿ ਕਛੁ ਭੇਦੁ ਨ ਪਾਵੈ।**

ਅਰਥ - ਚਾਰ ਬੇਦਾਂ ਦੇ ਧਰਮਾਂ ਨੂੰ ਵਿਚਾਰ ਕੇ ਤੇ ਛੀ ਸ਼ਾਸਤ੍ਰ ਨੂੰ (ਮਥਿ) ਸੋਧ ਕੇ (ਬਿਆਸ ਆਦਿ ਛੇ) ਰਿਖੀ ਸੁਣਾਂਵਦੇ ਹਨ। ਬ੍ਰਹਮਾਦਿਕ ਦੇਵਤੇ, ਸਨਕ, ਸਨੰਦਨ, ਸਨਾਤਨ ਸਨਤ ਕੁਮਾਰ (ਬ੍ਰਹਮਾ ਦੇ ਪੁੱਤਰਾਂ ਨੇ) ਜਿੱਕੁਰ ਕਹਿ ਦਿਤਾ ਹੈ ਉਸੇ ਭਾਂਤ ਜਗਤ ਬੀ ਪਿਆ ਗਾਉਂਦਾ ਹੈ। ਗਾਂਵਦੇ, ਪੜ੍ਹਦੇ ਤੇ ਵਿਚਾਰਦੇ ਬਾਹਲੇ ਹਨ (ਪਰੰਤੂ ਈਸ਼ਵਰੀ) ਗਤੀ ਨੂੰ ਕੋਈ ਵਿਰਲਾ ਹੀ ਕੋਟਾਂ ਮੱਧੇ ਪਾਉਂਦਾ ਹੈ। ਇਹ ਮਨ (ਵਿਖੇ ਬੜੀ) ਅਚਰਜ ਦੀ ਗੱਲ ਆਉਂਦੀ ਹੈ (ਭਈ) ਪੜ੍ਹਦਿਆਂ ਵਿਚਾਰਦਿਆਂ ਕੁਛ ਭੇਦ ਨਹੀਂ ਲਖਿਆ ਜਾਂਦਾ।

ਇੱਥੇ ਹੁਣ 'ਖਟ ਸ਼ਾਸਤ੍ਰਾਂ ਨੂੰ ਪ੍ਰਚਲਤ ਭਰੋਸੇ ਕਿੱਕੁਰ ਮੰਨਦੇ ਸਨ' ਕਥਨ ਕੀਤੇ ਹਨ। ਅਗਲੀਆਂ ਚਾਰ ਤੁਕਾਂ ਵਿਖੇ ਮਤਾਂ ਦੇ ਭੇਦ ਦਸਦੇ ਹਨ -

*(ਬਾਕੀ ਪੰਨਾ 55 'ਤੇ)*

# ਭਾਈ ਨੰਦ ਲਾਲ ਜੀ

## ਗਜ਼ਲਾਂ

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-49)*

13

**ਦੀ ਆਖ਼ਿਰ ਤਾਲਿਬਿ ਮੌਲਾ ਰਹਿ ਮੌਲਾ ਗ੍ਰਿਫ਼ਤ**
**ਹਾਸਲਿ ਉਮਰਿ ਗਿਰਾਮੀ ਰਾ ਅਜ਼ੀਂ ਦੁਨਿਆ ਗ੍ਰਿਫ਼ਤ।**

ਤੂੰ ਅਖੀਰ ਵੇਖ ਲਿਆ ਕਿ ਉਸ ਰੱਬ ਦੇ ਢੂੰਡਾਊ ਨੇ ਰੱਬ ਦਾ ਹੀ ਰਾਹ ਫੜਿਆ। (ਸਮਝ) ਇਸ ਬਹੁ-ਮੁੱਲੀ ਆਯੂ ਦਾ ਨਫ਼ਾ ਉਸ ਨੇ ਪ੍ਰਾਪਤ ਕਰ ਲਿਆ।

**ਹੀਚ ਕਸ ਬੀਰੂੰ ਨ ਬਾਸ਼ਦ ਅਜ਼ ਸਵਾਦਿ ਜ਼ੁਲਫ਼ਿ ਤੂ**
**ਈਂ ਦਿਲਿ ਦੀਵਾਨਾ-ਅਮ ਆਖ਼ਿਰ ਹਮੀ ਸੌਦਾ ਗ੍ਰਿਫ਼ਤ।**

ਕੋਈ ਬੰਦਾ ਵੀ ਤੇਰੀ ਜ਼ੁਲਫ਼ ਦੇ ਘੇਰੇ ਤੋਂ ਬਾਹਰ ਨਹੀਂ। ਮੇਰੇ ਵੀ ਦੀਵਾਨੇ ਦਿਲ ਨੂੰ ਏਹੀ ਸ਼ੁਦਾ ਹੋ ਗਿਆ ਹੈ।

**ਗੈਰਿ ਆਂ ਸਰਵਿ ਰਵਾਂ ਹਰਗਿਜ਼ ਨਿਆਇਦ ਦਰ ਨਜ਼ਰ**
**ਤਾਂ ਕੱਦਿ ਰਾਅਨਾਇ ਊ ਦਰ ਦੀਦਾਇ-ਮਾ ਜਾ-ਗ੍ਰਿਫ਼ਤ।**

ਜਦ ਦੀ ਉਸ ਦੇ ਸੁੰਦਰ ਕੱਦ ਨੇ ਸਾਡੀਆਂ ਅੱਖਾਂ ਵਿਚ ਥਾਂ ਬਣਾਈ ਹੈ, ਤਦ ਤੋਂ ਤੁਰਦੇ ਫਿਰਦੇ ਸਰੂ ਤੋਂ ਸਿਵਾਇ ਸਾਡੀਆਂ ਨਿਗਾਹਾਂ ਵਿਚ ਕੋਈ ਹੋਰ ਨਹੀਂ ਜਚਦਾ।

**ਅਜ਼ ਨਿਦਾਏ ਨਾਕਾਇ ਲੈਲਾ ਦਿਲ ਸ਼ੋਰੀਦਾ ਅਮ।**
**ਹਮਚੂ ਮਜਨੂੰ ਮਸਤ ਗਸ਼ਤੋ ਰਹਿ ਸੂਇ ਸਹਰਾ ਗ੍ਰਿਫ਼ਤ।**

ਲੈਲਾ ਦੀ ਊਠਣੀ ਦੇ ਗਲ ਪਈ ਟੱਲੀ ਦੀ ਆਵਾਜ਼ ਸੁਣ ਕੇ ਮੇਰਾ ਦਿਲ ਸ਼ੁਦਾਈ ਹੋ ਗਿਆ, ਉਹ ਮਜਨੂੰ ਵਾਂਗ ਮਸਤ ਹੋ ਗਿਆ ਅਤੇ ਜੰਗਲ ਬੀਆਬਾਨ ਨੂੰ ਨਿਕਲ ਗਿਆ।

**ਖੁਸ਼ ਨਮੀ ਆਇਦ ਮਰਾ ਗਾਹ ਬਗੈਰ ਅਜ਼ ਯਾਦਿ ਹੱਕ**
**ਤਾ ਹਦੀਸਿ ਇਸ਼ਕਿ ਊ ਅੰਦਰ ਦਿਲਮ ਮਾਵਾ ਗ੍ਰਿਫ਼ਤ।**

ਜਦੋਂ ਤੋਂ ਉਸ ਦੀ ਪ੍ਰੀਤ ਕਥਾ ਮੇਰੇ ਦਿਲ ਵਿਚ ਆ ਟਿਕੀ ਹੈ, ਮੈਨੂੰ ਸਿਵਾਏ ਉਸ ਸੱਚੀ ਯਾਦ ਤੋਂ ਹੋਰ ਕੁਝ ਚੰਗਾ ਨਹੀਂ ਲਗਦਾ।

**ਤਾ ਬਿਆਇ ਯਕ ਨਫ਼ਸ ਬਹਿਰਿ ਨਿਸਾਰਿ ਖ਼ਿਦਮਤਤ**
**ਚਸ਼ਮਿ ਗੌਹਰ ਬਾਰਿ ਮਾ ਖੁਸ਼ ਲੂਲੂਏ ਲਾਲਾ ਗ੍ਰਿਫ਼ਤ।**

ਸਾਡੀ ਮੋਤੀ-ਵਰਸਾਉਣ ਵਾਲੀ ਅੱਖ ਨੇ ਪੋਸਤ ਦੇ ਫੁੱਲ ਵਰਗੇ ਆਬਦਾਰ ਮੋਤੀ ਰੱਖ ਲਏ, ਤਾਂ ਜੋ ਤੂੰ ਇਕ ਛਿਨ ਲਈ ਆਵੇਂ ਅਤੇ ਉਹ ਤੇਰੇ ਸਿਰ ਤੋਂ ਵਾਰ ਕੇ ਸੁੱਟੇ ਜਾਣ।

**ਮੀ ਬਰ-ਆਇਦ ਜਾਨਿ ਮਨ ਇਮਰੂਜ਼ ਅਜ਼ ਰਾਹਿ ਦੋ ਚਸ਼ਮ**
**ਨੌਬਤਿ ਦੀਦਾਰਿ ਊ ਤਾ ਵਾਅਦਾਦਿ ਫ਼ਰਦਾ ਗ੍ਰਿਫ਼ਤ।**

ਅੱਜ ਮੇਰੀ ਜਾਨ ਦੋਵਾਂ ਅੱਖਾਂ ਰਾਹੀਂ ਬਾਹਰ ਆ ਰਹੀ ਹੈ, ਪਰ ਉਸ ਦੇ ਦੀਦਾਰ ਦੀ ਵਾਰੀ ਤਾਂ ਕਿਆਮਤ ਦੇ ਦਿਨ ਤੇ ਜਾ ਪਈ।

**ਗੈਰਿ ਹਮਦਿ ਹੱਕ ਨਿਆਇਦ ਬਰ ਜ਼ਬਾਨਮ ਹੀਚ ਗਾਹ**
**ਹਾਸਲਿ ਈਂ ਉਮਰ ਰਾ ਆਖ਼ਰ ਦਿਲਿ ਗੋਯਾ ਗ੍ਰਿਫ਼ਤ।**

ਮੇਰੀ ਜੀਭ ਉਪਰ ਰੱਬ ਦੀ ਸਿਫ਼ਤ ਤੋਂ ਬਿਨਾਂ ਕਦੇ ਹੋਰ ਕੋਈ ਚੀਜ਼ ਨਹੀਂ ਆਉਂਦੀ। ਅਖੀਰ ਗੋਯਾ ਦੇ ਦਿਲ ਨੇ ਇਸ ਉਮਰ ਦਾ ਨਫ਼ਾ ਖੱਟ ਲਿਆ।

**ਦਿਲਿ ਮਨ ਦਰ ਫ਼ਿਰਾਕਿ ਯਾਰ ਬਿਸੋਖ਼ਤ**
**ਜਾਨਿ ਮਨ ਬਹਿਰਿਆਂ ਨਿਗਾਰ ਬਿਸਖ਼ਤ।**

ਮੇਰਾ ਦਿਲ ਸੱਜਨ ਦੀ ਬ੍ਰਿਹਾ ਵਿਚ ਸੜ ਗਿਆ। ਮੇਰੀ ਜਾਨ ਉਸ ਸੋਹਣੇ (ਸਾਈਂ) ਲਈ ਸੜ ਮੋਈ।

**ਆਂ ਚੁਨਾਂ ਸੋਖ਼ਤਮ ਅਜ਼ਾਂ ਆਤਿਸ਼**
**ਹਰ ਕਿ ਬਿਸ਼ੁਨੀਦ ਚੂੰ ਚਨਾਰ ਬਸੋਖ਼ਤ।**

ਉਸ ਅੱਗ ਨਾਲ ਮੈਂ ਅਜਿਹਾ ਸੜਿਆ ਹਾਂ, ਕਿ ਜਿਸ ਕਿਸੇ ਨੇ ਵੀ ਸੁਣਿਆ, ਉਹ ਵੀ ਚਨਾਰ ਵਾਂਗ ਸੜ ਗਿਆ।

**ਮਨ ਨ ਤਨਹਾ ਬਿਸੋਖ਼ਤਮ ਅਜ਼ ਇਸ਼ਕ**
**ਹੋਮਾ ਆਲਮ ਅਜ਼ੀਂ ਸ਼ਰਾਰ ਬਿਸੋਖ਼ਤ।**

ਮੈਂ ਇਕੱਲਾ ਹੀ ਪ੍ਰੀਤ ਦੀ ਅੱਗ ਵਿਚ ਨਹੀਂ ਸੜਿਆ, ਸਾਰਾ ਜਹਾਨ ਹੀ ਇਸ ਚਿੰਗਾੜੀ ਨਾਲ ਸੜਿਆ ਹੋਇਆ ਹੈ।

**ਸੋਖ਼ਤਨ ਦਰ ਫ਼ਿਰਾਕਿ ਆਤਿਸ਼ਿ ਯਾਰ**
**ਹਮ ਚੁੰਨੀਂ ਕੀਮੀਆ ਬਕਾਰ ਬਸੋਖ਼ਤ।**

ਸੱਜਨ ਦੇ ਬ੍ਰਿਹਾ ਦੀ ਅੱਗ ਵਿਚ ਸੜਨਾ, ਕੀਮੀਆ ਵਾਂਗ ਕਿਸੇ ਸਫਲ ਪ੍ਰਯੋਜਨ ਲਈ ਸੜਨਾ ਹੈ।

**ਆਫ਼ਰੀਂ ਬਾਦ ਬਰ ਦਿਲਿ ਗੋਯਾ**
**ਕਿ ਬ-ਉਮੀਦ ਰੂਇ ਯਾਰ ਬਿਸੋਖ਼ਤ।**

ਗੋਯਾ ਦੇ ਦਿਲ ਨੂੰ ਸਾਬਾਸ਼, ਜਿਹੜਾ ਕਿ ਸੱਜਨ ਦੇ ਮੁਖੜੇ ਦੀ ਆਸ ਵਿਚ ਹੀ ਸੜ ਗਿਆ।

## 15.

**ਅਜ਼ ਦੋ ਚਸ਼ਮਿ ਮਸਤੋ ਸ਼ੈਦਾ ਅਲਗਿਆਸ**
**ਅਜ਼ ਲਬੋ ਦਹਨਿ ਸ਼ਕਰਖਾ ਅਲ-ਗਿਆਸ।**

ਉਸ ਦੀਆਂ ਦੋ ਮਸਤ ਅਤੇ ਸ਼ੁਦਾਈ ਅੱਖਾਂ ਤੋਂ ਕੋਈ ਬਚਾਏ। ਉਸ ਦੇ ਮਿਸਰੀ ਚੱਬਣ ਵਾਲੇ ਮੂੰਹ ਅਤੇ ਹੋਠਾਂ ਤੋਂ ਕੋਈ ਬਚਾਏ।

**ਵਾਏ ਬਰ ਨਫ਼ਸੇ ਕਿ ਬੇਹੂਦਾ ਗੁਜ਼ਸ਼ਤ**
**ਅਲਗਿਆਸ ਅਜ਼ ਗ਼ਫ਼ਲਤਿ ਮਾ ਅਲਗਿਆਸ।**

ਅਫਸੋਸ ਹੈ ਕਿ ਉਸ ਛਿਨ ਪਲ ਦਾ, ਜਿਹੜਾ ਅਕਾਰਥ ਚਲਾ ਗਿਆ, ਅਫਸੋਸ ਹੈ ਸਾਡੀ ਅਣਗਹਿਲੀ ਤੇ, ਅਫਸੋਸ ਹੈ ਸਾਡੀ ਗ਼ਫ਼ਲਤ ਤੇ।

**ਅਜ਼ ਨਿਜ਼ਾਇ ਕੁਫ਼ਰੋ ਦੀਂ ਦਿਲ ਬਰਹਮ ਅਸਤ,**
**ਬਰ ਦਰਿ ਦਰਗਾਹਿ ਮੌਲਾ ਅਲਗਿਆਸ।**

ਕੁਫਰ ਅਤੇ ਦੀਨ ਦੇ ਝਗੜੇ ਤੋਂ ਦਿਲ ਪਰੇਸ਼ਾਨ ਹੈ। ਰੱਬ ਦੀ ਦਰਗਾਹ ਦੇ ਦਰਵਾਜ਼ੇ ਪਰ ਕੋਈ ਬਚਾਏ।

**ਲੂਲੀਆਨਿ ਸ਼ੋਖ਼ਿ ਆਲਮ ਦਰ ਰਬੂਦ**
**ਮੀ ਕੁਨਮ ਅਜ਼ ਦਸਤਿ ਆਂਹਾ ਅਲਗਿਆਸ।**

ਸ਼ੋਖ ਅਤੇ ਗੁਸਤਾਖ ਮਾਸ਼ੂਕਾਂ ਨੇ ਸੰਸਾਰ ਨੂੰ ਲੁੱਟ ਲਿਆ। ਮੈਂ ਉਨ੍ਹਾਂ ਦੇ ਹੱਥੋਂ ਹੀ ਦੁਹਾਈ ਦੇ ਰਿਹਾ ਹਾਂ - ਕੋਈ ਬਚਾਏ।

## 16.

**ਮਸਤ ਰਾ ਬਾ-ਜਾਮਿ ਰੰਗੀਂ ਇਹਤਿਆਜ**
**ਤਿਸ਼ਨਾ ਰਾ ਬ-ਆਬਿ ਸੀਰੀਂ ਇਹਤਿਆਜ।**

ਇਕ ਮਸਤ ਨੂੰ ਤਾਂ ਲਾਲ ਰੰਗ ਦੇ ਜਾਮ ਨਾਲ ਗਰਜ਼ ਹੈ, ਅਤੇ ਇਕ ਤਿਹਾਏ ਨੂੰ ਠੰਡੇ ਮਿੱਠੇ ਪਾਣੀ ਦੀ ਲੋੜ ਹੈ।

**ਸੁਹਬਤਿ ਮਰਦਾਨਿ-ਹੱਕ ਬਸ ਅਨਵਰ ਅਸਤ**
**ਤਾਲਿਬਾਂ ਰਾ ਹਸਤ ਚਦੀਂ ਇਹਤਿਆਜ।**

ਰੱਬ ਦੇ ਭਗਤਾਂ ਦੀ ਸੰਗਤ ਨੂਰ ਨਾਲ ਭਰੀ ਪਈ ਹੈ। ਰੱਬ ਦੇ ਢੂੰਡਾਊਆਂ ਨੂੰ ਬਸ ਇਸੇ ਦੀ ਹੀ ਲੋੜ ਹੈ।

**ਅਜ਼ ਤਬੱਸੁਮ ਕਰਦਾਈ ਗੁਲਸ਼ਨ ਜਹਾਂ**
**ਹਰ ਕਿ ਦੀਦਸ਼ ਕੈ ਬ-ਗੁਲਚੀਂ ਇਹਤਿਆਜ।**

ਤੂੰ ਆਪਣੀ ਮੁਸਕਾਨ ਨਾਲ ਜਹਾਨ ਨੂੰ ਬਾਗ ਬਣਾ ਦਿਤਾ ਹੈ, ਜਿਸ ਨੇ ਉਸ ਨੂੰ ਵੇਖ ਲਿਆ, ਉਸ ਨੂੰ ਮਾਲੀ ਦੀ ਕੀ ਲੋੜ ਹੈ?

**ਯਕ ਨਿਗਾਹਿ ਲੁਤਫ਼ਿ ਤੂ ਦਿਲ ਮੀ-ਬੁਰਦ**
**ਬਾਜ਼ ਮੀ-ਦਾਰਮ ਅਜ਼ਾਂ ਈਂ ਇਹਤਿਹਾਜ।**

ਤੇਰੀ ਇਕ ਮੁਹੱਬਤ ਭਰੀ ਨਿਗਾਹ ਦਿਲ ਲੈ ਉੱਡਦੀ ਹੈ, ਪਰ ਫਿਰ ਵੀ ਮੈਨੂੰ ਉਸੇ ਦੀ ਲੋੜ ਹੈ।

**ਨੀਸਤ ਗੋਯਾ ਗਰਿ ਤੂ ਦਰ ਦੋ ਜਹਾਂ**
**ਬਾ ਤੂ ਦਾਰਮ ਅਜ਼ ਦਿਲੋ ਦੀਂ ਇਹਤਿਆਜ।**

ਗੋਯਾ! ਤੇਰੇ ਬਿਨਾਂ ਦੋਹਾਂ ਜਹਾਨਾਂ ਵਿਚ ਹੋਰ ਕੋਈ ਨਹੀਂ, ਮੈਨੂੰ ਤਾਂ ਦਿਲ ਅਤੇ ਦੀਨ ਦੀ ਕੇਵਲ ਤੇਰੇ ਲਈ ਲੋੜ ਹੈ।

## 17.

**ਐ ਜ਼ੁਲਫ਼ਿ ਅੰਬਰੀਨਿ ਤੂ ਗੋਯਾ ਨਕਾਬਿ ਸੁਬਹਾ**
**ਪਿਨਹਾਂ ਚੂ ਜ਼ੇਰ ਅਬਰਿ ਸਿਆਹ ਆਫ਼ਤਾਬਿ ਸੁਬਹਾ।**

ਤੇਰੀ ਇਹ ਅੰਬਰ ਵਰਗੀ ਕਾਲੀ ਜ਼ੁਲਫ਼ ਮਾਨੋ ਸਵੇਰ ਦਾ ਬੁਰਕਾ ਹੈ, ਜਿਵੇਂ ਕਿਧਰੇ ਸਵੇਰ ਦਾ ਸੂਰਜ ਕਾਲੇ ਬੱਦਲ ਹੇਠ ਲੁਕ ਗਿਆ ਹੈ।

**ਬੀਨੂੰ ਬਰ-ਆਮਦੰ [illegible] ਮਹਿ ਮਨ ਚੂੰ ਜ਼ ਖ਼ਾਬਿ ਸੁਬਹਾ**
**[illegible]**
**ਸਦ [illegible] ਮੀ-ਜ਼ਨਦ ਬ ਰੁਖ਼ਿ ਆਫ਼ਤਾਬਿ ਸੁਬਹਾ।**

[illegible] ਪਾਈਆਂ।

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨਿਊਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨਿਊਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨਿਊਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ [illegible]
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਵਾਪਿਸ ਕਰ ਦਿਤੇ ਜਾਣ।

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-52)*

### ਦ੍ਰਿਸ਼ਟੀ

ਇਕ ਰੌਣਕੀ ਨਗਰ ਦੇ ਸੁਹਣੇ ਮਹੱਲ ਦੇ ਅੰਦਰ ਇਕ ਸ਼ਾਹ ਤੇ ਨੌਕਰ ਗੱਲਾਂ ਕਰ ਰਹੇ ਹਨ।

ਅਧਰਕਾ - ਮੇਰੇ ਮਾਲਕ ਜੀ! ਆਪ ਦੀ ਸੇਵਾ ਵਿਚ ਉਮਰਾ ਦਾ ਇਕ ਹਿੱਸਾ ਲੰਘ ਗਿਆ ਹੈ, ਹੀਰੇ, ਲਾਲ, ਪੰਨੇ, ਫੀਰੋਜ਼ੇ, ਨੀਲਮ, ਪੁਖਰਾਜ, ਲਸਨੀਏ, ਗੋਮੇਧ, ਗੁੱਲੀਆਂ ਨਵੇਂ ਰਤਨ ਤੇ ਚੁਰਾਸੀ ਸੰਗ ਆਪ ਦੇ ਪਾਸ ਹਨ, ਰੋਜ਼ ਆਪ ਖੋਲ੍ਹਦੇ, ਵੇਚਦੇ, ਖਰੀਦਦੇ ਹੋ ਤੇ ਡੱਬੇ ਗੰਢਾਂ ਮੈਂ ਬੰਨ੍ਹਦਾ ਸਾਂਭਦਾ ਹਾਂ; ਮੈਨੂੰ ਸੋਝੀ ਕੋਈ ਨਹੀਂ ਆਂਵਦੀ ਕਿ ਖਰੇ ਖੋਟੇ ਪਰਖ ਲਿਆ ਕਰਾਂ। ਨਾ ਰੰਗ, ਨਾ ਨੀਰ; ਨਾ ਜ਼ਾਤ; ਨਾ ਵੰਨ ਮੇਰੀ ਸਮਝ ਵਿਚ ਪੈਂਦੀ ਹੈ, ਸੁਣਦਾ ਮੈਂ ਨਿੱਤ ਸਾਰਾ ਕੁਛ ਹਾਂ।

ਸਾਲਸਰਾਇ - ਅਧਰਕੇ! ਇਹ ਦ੍ਰਿਸ਼ਟੀ ਹੈ, ਕੋਈ ਲੇਖਾ ਨਹੀਂ ਕਿ ਕਿਸੇ ਪਹਾੜੇ ਪੜ੍ਹਾ ਕੇ ਜੋੜ, ਬਾਕੀ, ਗੁਣਾ; ਸਿਖਾ ਦੇਣਾ ਹੈ। ਦੇਖਦਾ ਰਿਹਾ ਕਰ, ਦੇਖਦਾ ਰਿਹਾ ਕਰ, ਦੇਖਦਾ ਰਿਹਾ ਕਰ, ਕਦੇ ਕੋਈ ਛਿਨ ਆਵੇਗੀ ਕਿ ਤੇਰੀ ਨਜ਼ਰ ਟਿਕ ਜਾਵੇਗੀ, ਰਤਨ, ਸੰਗ ਤੇ ਕੱਚ, ਬਲੌਰ ਦੀ ਪਰਖ ਤੇਰੇ ਅੰਦਰੋਂ ਹੋ ਆਵੇਗੀ, ਫੇਰ ਤੂੰ ਪਰਖਿਆ ਕਰੇਂਗਾ ਤੇ ਮੁਸਕਰਾਇਆ ਕਰੇਂਗਾ।

ਅਧਰਕਾ - ਪਰ ਸੁਆਮੀ ਜੀ, ਜਿਵੇਂ ਹੋਰ ਵਿਦਿਆ ਉਸਤਾਦ ਪੜ੍ਹਾਉਂਦੇ ਹਨ; ਏਸ ਵਿਦਿਆ ਦਾ ਕੋਈ ਸੁਝਾਊ ਰਸਤਾ ਤੇ ਸੋਝੀ ਸਿਖਿਆ ਨਹੀਂ?

ਸਾਲਸ - ਸਭੋ ਕੁਛ ਹੈ ਤੇ ਤੈਨੂੰ ਪ੍ਰਾਪਤ ਹੈ, ਹੋਰਨਾਂ ਵਿਦਿਆ ਦੀ ਜੁਗਤ ਬਾਹਰੋਂ ਪਰਖ ਕਰਨ ਦੀ ਹੈ; ਸਿੱਟੇ ਸਿਧਾਂਤ ਕੱਢਣ ਦੀ ਹੈ। ਖਟਾਸ ਵਿਚ ਕੁਛ ਪਾਇਆ ਜੋ ਸੂੰ ਸੂੰ ਕਰ ਉਠੇ ਤਾਂ ਸਮਝ ਲੀਤਾ ਕਿ ਜੋ ਸ਼ੈ ਏਸ ਵਿਚ ਪਾਈ ਸੀ ਉਹ ਸ਼ੈ ਖਾਰ ਸੀ, ਇਹ ਇਕ ਤਰੀਕਾ ਹੈ। ਪਰ ਇਸ ਵਿਦਿਆ ਦਾ ਤਰੀਕਾ ਜੋ ਤੂੰ ਪੁੱਛ ਰਿਹਾ ਹੈਂ ਅੰਦਰੋਂ ਆਪੇ ਨਾਲ ਆਪੇ ਸਿਆਣ ਪਛਾਣ ਦਾ ਹੈ, ਇਹ ਹੋਰ ਤਰ੍ਹਾਂ ਦਾ ਹੈ। ਜਿਸ ਤਰ੍ਹਾਂ ਇਕ ਰਸੋਈਆ ਸੇਰ ਦਾਲ ਪਾਉਂਦਾ ਹੈ, ਫੇਰ ਤੋਲ ਮਾਪ ਕੇ ਪਾਣੀ ਪਾਉਂਦਾ ਹੈ, ਫੇਰ ਹਿਸਾਬ ਨਾਲ ਤੋਲ ਕੇ ਲੂਣ ਪਾਉਂਦਾ ਹੈ; ਜਦੋਂ ਦਾਲ ਨੂੰ ਰਿੰਨ੍ਹ ਲੈਂਦਾ ਹੈ ਤਾਂ ਉਹ ਠੀਕ ਉਤਰਦੀ ਹੈ। ਦੂਸਰਾ ਤਰੀਕਾ ਇਹ ਹੈ ਕਿ ਇਕ ਤ੍ਰੀਮਤ ਪਾਣੀ ਧਰਦੀ ਹੈ, ਉਸ ਵਿਚ ਦਾਲ ਪਾ ਕੇ ਵੇਖਦੀ ਹੈ ਤੇ ਆਖਦੀ ਹੈ ਠੀਕ ਹੈ; ਫੇਰ ਲੂਣ ਤਲੀ ਤੇ ਲੈ ਕੇ ਇਕ ਨਜਰ ਦਾਲ ਵਿਚ ਤੇ ਇਕ ਪਾਣੀ ਵੰਨੇ ਪਾਉਂਦੀ ਹੈ ਤੇ ਆਖਦੀ ਹੈ; ਠੀਕ ਹੈ, ਲੂਣ ਝੱਟ ਵਿਚ ਪਾ ਦਿੰਦੀ ਹੈ, ਜਦੋਂ ਦਾਲ ਰਿੱਝ ਜਾਂਦੀ ਹੈ ਤਾਂ ਦੇਖੋ ਲੂਣ ਪਾਣੀ ਪੂਰਾ ਉਤਰਦਾ ਹੈ। ਦੱਸ ਅਧਰਕੇ! ਇਸ ਨੇ ਕਿੱਕੂੰ ਸਿਆਣ ਲਿਆ ਸੀ ਕਿ ਲੂਣ ਪੂਰਾ ਹੋਵੇਗਾ? ਇਹ ਤਰੀਕਾ ਹੈ 'ਦ੍ਰਿਸ਼ਟੀ' ਦਾ, ਉਹ ਪਹਿਲਾ ਤਰੀਕਾ ਹੈ 'ਦ੍ਰਿਸ਼ਟਮਾਨੀ' ਪਰਖ ਦਾ। ਇਕ ਤਰੀਕਾ ਹੋਰ ਸੁਣੀਦਾ ਹੈ 'ਦ੍ਰਿਸ਼ਟਾ' ਦਾ, ਉਹ ਡਿੱਠਾ ਨਹੀਂ, ਸੁਣਿਆ ਹੈ। ਜਵਾਹਰਾਤ ਦੇ ਤੋਲ ਤੇ ਕੰਮ ਵਿਚ ਜੋ ਰੱਤੀ ਚੌਲ ਆਦਿ ਦਾ ਤਰੀਕਾ ਹੈ ਇਹ ਹੈ ਦ੍ਰਿਸ਼ਟਮਾਨੀ ਪਰਖ ਦਾ; ਪਰ ਜਵਾਹਰਾਤ ਦੀ ਜ਼ਾਤ ਪਾਣੀ ਆਦਿ ਦੀ ਪਰਖ 'ਦ੍ਰਿਸ਼ਟੀ' ਦਾ ਤਰੀਕਾ ਹੈ, ਬੱਚਾ ਵੇਖਿਆ ਕਰ, ਮੈਂ ਜਿਵੇਂ ਅੱਖਾਂ ਅੱਗੇ ਰੱਖ ਕੇ ਵੇਖਦਾ ਹਾਂ, ਤਿਵੇਂ ਤੂੰ ਵੀ ਕਰਿਆ ਕਰ, ਤੇਰੀ ਨਜ਼ਰ ਵੀ ਪਾਰਖੂ ਹੋ ਜਾਏਗੀ।

ਅਧਰਕਾ (ਠੰਢਾ ਸਾਹ ਭਰ ਕੇ; ਡੂੰਘਾ ਅੰਦਰੋਂ ਗੁੰਮ ਹੋ ਕੇ-ਹੱਛਾ ਸ਼ਾਹ ਜੀ! ਅੱਜ ਕੁਝ ਜੀ ਜੁੜਿਆ ਹੈ, ਤੁਸਾਡੀ ਮਿਹਰ ਨਾਲ ਦੀਦੇ ਖੁੱਲ ਆਸਣ।

ਸਾਲਸ ਦੇਖਿਆ ਕਰ, ਦੇਖਿਆ ਕਰ, ਦੇਖਿਆ ਕਰ।

ਇਸ ਵੇਲੇ ਇਕ ਨੌਕਰ ਹੇਠੋਂ ਆਇਆ ਤੇ ਆਖਣ ਲੱਗਾ ਕਿ ਦੁਕਾਨ ਤੇ ਇਕ ਪ੍ਰਦੇਸੀ ਨਵੀਂ ਵੰਨ ਦਾ ਆਇਆ ਖੜਾ ਹੈ ਤੇ ਕੋਈ ਸੌਦਾ ਵੇਚਣ ਨੂੰ ਕਾਹਲਾ ਹੈ। ਇਹ ਸੁਣ ਕੇ ਸ਼ਾਹ ਤੇ ਅਧਰਕਾ ਹੇਠਾਂ ਹੱਟੀ ਪਰ ਆ ਗਏ ਤੇ ਹੱਟੀ ਪਰ ਆਏ ਬੈਠੇ ਆਦਮੀ ਨਾਲ ਗੱਲਾਂ ਟੁਰ ਪਈਆਂ -

ਆਓ ਜੀ! ਸੇਠ ਜੀ! ਕਿਸ ਦੇਸ਼ ਤੋਂ ਆਏ? ਕੀ ਮਾਲ ਲਿਆਏ?

ਮਰਦਾਨਾ - ਮੱਦ੍ਰ ਦੇਸ਼ ਤੋਂ ਆਏ, ਜਿਥੇ ਪੰਜ ਨਦ ਵਗਦੇ ਹਨ ਤੇ ਇਕ ਲਾਲ ਜੇਹੀ ਗੀਟੀ ਵੇਚਣ ਆਏ ਹਾਂ, ਜੇ ਚਾਰ ਕੌਡਾਂ ਚਾ ਦਿਓ ਤਾਂ ਅੰਨ ਪਾਣੀ ਹੋ ਜਾਏ।

ਸਾਲਸ - ਦਰਸ਼ਨ ਕਰਾਓ?

ਮਰਦਾਨੇ ਨੇ ਇਕ ਪੋਟਲੀ ਖੋਹਲ ਕੇ ਪੰਜ ਛੇ ਮਾਸੇ ਦੀ ਚਮਕਦੀ-ਚਮਕਦੀ ਲਾਲੋ ਲਾਲ ਗੀਟੀ ਜੇਹੀ ਅੱਗੇ

ਧਰ ਦਿਤੀ।

ਸਾਲਸਰਾਇ (ਹੱਛੀ ਤਰ੍ਹਾਂ ਪਰਤ ਪਰਤ ਕੇ ਦੇਖ ਕੇ)-ਸ਼ੁਕਰ ਹੈ ਧੰਨ! ਉਸਤਾਦਾਂ ਦੇ ਵਾਰੇ-ਵਾਰੇ ਜਾਈਏ। ਅਧਰਕੇ! ਬੱਚਾ, ਸੌ ਰੁਪਯਾ ਲੈ ਆਉ।

ਅਧਰਕਾ ਸੌ ਰੁਪਯਾ ਲੈ ਆਇਆ।

ਸਾਲਸ (ਮਰਦਾਨੇ ਦੇ ਅੱਗੇ ਧਰ ਕੇ) - ਲਓ ਮਹਾਰਾ ਜੀ, ਤੇ ਇਹ ਲਓ ਆਪਨਾ ਲਾਲ, ਸੰਭਾਲ ਕੇ ਪੋਟਲੀ ਵਿਚ ਬੰਨ੍ਹ ਲੈਣਾ।

ਮਰਦਾਨਾ - ਤੇ ਸੌ ਰੁਪਯਾ ਕਿਸ ਗੱਲ ਦਾ ਹੈ?

ਸਾਲਸ (ਚੰਗੀ ਤਰ੍ਹਾਂ ਮਰਦਾਨੇ ਵਲ ਤੱਕ ਕੇ) - ਇਹ ਸੌ ਰੁਪਯਾ ਇਸ ਦੀ ਦਰਸ਼ਨ-ਭੇਟਾ ਹੈ। ਮਲੂਮ ਹੁੰਦਾ ਹੈ, ਇਹ ਸ਼ੈ ਕਿਸੇ ਜੌਹਰੀ ਦੀ ਹੈ ਤੇ ਤੁਹਾਨੂੰ ਉਸ ਨੇ ਦੇ ਕੇ ਸ਼ਹਿਰ ਦੇ ਜੌਹਰੀਆਂ ਦੀ ਪਰਖ ਵਾਸਤੇ ਘੱਲਿਆ ਹੈ, ਨਹੀਂ ਤਾਂ ਇਹ ਲਾਲ ਕੌਣ ਵੇਚਦਾ ਹੈ? ਉਹ ਸੁਭਾਗ ਹੈ ਜਿਸ ਨੇ ਰੰਗ ਦਾ ਇੰਨਾਂ ਚੁਹ-ਚੁਹਾ ਤੇ ਨੀਰ ਦਾ ਐਨਾ ਸਾਫ ਤੇ ਵੱਡਾ ਲਾਲ ਜ਼ਿੰਦਗੀ ਵਿਚ ਵੇਖ ਲਿਆ ਹੋਵੇ। ਉਸਤਾਦ ਸਾਡੇ ਇਕ ਗੱਲ ਕਹਿੰਦੇ ਹੁੰਦੇ ਸਨ ਇਸ ਪ੍ਰਕਾਰ ਦੇ ਲਾਲ ਦੀ। ਸੋ ਅਸਾਂ ਅੱਜ ਅੱਖੀਂ ਤੱਕਿਆ ਹੈ। ਉਹ ਆਖਦੇ ਹੁੰਦੇ ਸਨ ਕਿ ਇਸ ਪਾਏ ਦਾ ਰਤਨ ਜਦ ਦੇਖੋ ਤਾਂ ਪਹਿਲਾਂ ਦਰਸ਼ਨ ਭੇਟਾ ਕਰੋ। ਮੁੱਲੋਂ ਇਹ ਲਾਲ ਇੰਨੇ ਮੁੱਲ ਵਾਲਾ ਹੈ ਕਿ ਅਮੁੱਲ ਹੈ। ਸੋ ਅਸਾਂ ਉਹਨਾਂ ਉਸਤਾਦਾਂ ਦੀ ਮੱਤ ਕਮਾਈ ਹੈ, ਆਪ ਇਹ ਦਰਸ਼ਨ ਭੇਟਾ ਲੈ ਜਾਓ।

ਅਧਰਕਾ - ਸ਼ਾਹ ਜੀ! ਜ਼ਰਾ ਮੈਨੂੰ ਬੀ ਦਿਖਾਉਣਾ ਇਹ ਲਾਲ।

ਸਾਲਸ (ਚਾ ਕੇ) - ਲਓ ਬੱਚਾ ਵੇਖੋ।

ਅਧਰਕਾ (ਵੇਖ-ਵੇਖ ਕੇ) - ਸ਼ਾਹ ਜੀ! ਅੱਜ ਤਾਂ ਮੈਂ ਬੀ ਕੁਛ ਅੱਖ ਵਾਲਾ ਹੋ ਗਿਆ ਹਾਂ। ਸੱਚਮੁੱਚ ਇਹ ਬੜੀ ਸੁੱਚੀ ਬੇ-ਰਗ ਡਾਢੀ ਸੁਥਰੀ ਸ਼ੈ ਹੈ। ਮੈਂ ਕਦੇ ਇਹ ਡਲ੍ਹਕ, ਇਹ ਪਾਣੀ ਦੀ ਝਾਲ ਨਹੀਂ ਸੀ ਤੱਕੀ।

ਮਰਦਾਨਾ - ਸ਼ਾਹ ਜੀ! ਮੈਨੂੰ ਜਦ ਇਹ ਗੀਟੀ ਮਾਲਕ ਨੇ ਦਿਤੀ ਸੀ ਤਾਂ ਮੈਂ ਮਾਲਕ ਦੀ ਮਸ਼ਕਰੀ ਸਮਝੀ ਸੀ। ਫਿਰ ਮੈਂ ਕਿਹਾ - ਸ਼ੁਕੀਨਾਂ ਦਾ ਸ਼ਹਿਰ ਹੈ, ਕੋਈ ਬਾਲਾਂ ਦੀ ਖੇਡ ਲਈ ਲੈ ਲਏਗਾ ਤੇ ਪੇਟ ਭਰ ਅੰਨ ਮਿਲ ਜਾਏਗਾ। ਪਰ ਜਦ ਮੈਂ ਪਹਿਲੇ ਦੁਕਾਨਦਾਰ ਨੂੰ ਦਿਤੀ ਤਾਂ ਉਸ ਨੇ ਇਕ ਮੂਲੀ ਦੇ ਕੇ ਕਿਹਾ ਬਈ ਇਹ ਲੈ-ਲੈ, ਸਾਡੇ ਬਾਲ ਇਸ ਨਾਲ ਦੋ ਘੜੀਆਂ ਖੇਡ ਲੈਣਗੇ।

ਮੈਂ ਕਿਹਾ ਦੋ ਚਾ ਦੇਹ, ਤਾਂ ਉਸ ਨੇ ਨਾ ਦਿਤੀਆਂ। ਫੇਰ ਹਿੱਕ ਹਲਵਾਈ ਦੇ ਗਿਆ ਤਾਂ ਉਸ ਸੇਰ ਮਠਿਆਈ ਨਾ ਦਿਤੀ ਤੇ ਇਕ ਬਜ਼ਾਜ਼ ਦੇ ਜਾ ਖੜੋਤਾ ਤਾਂ ਉਸ ਨੇ ਗਜ਼ ਖੱਦਰ ਹੀ ਦੇਣ ਨੂੰ ਕਿਹਾ। ਜਦ ਮੈਂ ਪੈਸੀਂ ਮੰਗੀ ਤਾਂ ਓਸ ਕਿਹਾ ਕਿਸੇ ਸਰਾਫ ਪਾਸ ਜਾਹ। ਫਿਰ ਮੈਂ ਦੋ ਚਾਰ ਹੱਟੀਂ ਗਿਆ, ਮੁੱਲ ਵੱਧ ਪੈਂਦਾ ਰਿਹਾ, ਇਸ ਦੇ ਵੱਧ ਮੁੱਲ ਹੋਣ ਦਾ ਮੈਨੂੰ ਹੁਣ ਸੰਸਾ ਹੋ ਗਿਆ ਤਾਂ ਮੈਂ ਢੂੰਡਦਾ-ਢੂੰਡਦਾ ਆਪ ਦੇ ਪਾਸ ਆਇਆ, ਆਪ ਨੇ ਮੁੱਲ ਅਮੁੱਲ ਆਖਿਆ ਹੈ ਤੇ ਦਰਸ਼ਨ ਭੇਟਾ ਸੌ ਦਿਤਾ ਹੈ। ਇਹ ਮੈਂ ਨਹੀਂ ਲੈਂਦਾ।

ਸਾਲਸ - ਤੁਸੀਂ ਸੌ ਰੁਪਯਾ ਤੇ ਲਾਲ ਆਪਣੇ ਸ਼ਾਹ ਪਾਸ ਲੈ ਜਾਓ, ਜੇ ਉਹਨਾਂ ਵੇਚਣਾ ਹੀ ਹੋਇਆ ਤਾਂ ਫੇਰ ਆ ਜਾਣਾ, ਮੁੱਲ ਕਰ ਲਵਾਂਗੇ। ਪਰ ਇਸ ਸ਼ੈ ਦਾ ਮੁੱਲ ਅਮੁੱਲ ਹੈ।

ਮਰਦਾਨਾ - ਸ਼ਾਹ ਜੀ! ਮੈਂ ਰਾਤ ਦਾ ਭੁੱਖਾ ਹਾਂ ਤੇ ਮੇਰੇ ਮਾਲਕ ਜੀ ਭੁੱਖੇ ਤਾਂ ਨਹੀਂ, ਪਰ ਅੰਨ ਉਹਨਾਂ ਬੀ ਨਹੀਂ ਪਾਇਆ, ਹੁਕਮ ਇਹ ਸੀ ਕਿ ਇਸ ਨੂੰ ਵੇਚ ਕੇ ਭੋਜਨ ਲੈ ਆਓ।

ਸਾਲਸ - ਤੁਸੀਂ ਇਹ ਲੈ ਜਾਓ, ਭੋਜਨ ਬੀ ਪਹੁੰਚ ਜਾਏਗਾ, ਸਾਨੂੰ ਪਤਾ ਦੱਸ ਜਾਓ, ਫਿਕਰ ਨਾ ਕਰੋ। ਅਸੀਂ ਵਪਾਰੀ ਲੋਕ ਹਾਂ ਤੇ ਆਪ ਦਾ ਸ਼ਾਹ ਬਹੁਤ ਵੱਡਾ ਵਪਾਰੀ ਜਾਪਦਾ ਹੈ ਤੇ ਉੱਚੀ ਨਜ਼ਰ ਵਾਲਾ ਲਗਦਾ ਹੈ। ਉਹ ਸਾਡੀ ਗੱਲ ਤੇ ਖੁਸ਼ ਹੋਵੇਗਾ; ਨਾਰਾਜ਼ ਨਹੀਂ ਹੋਣ ਲੱਗਾ।

ਮਰਦਾਨਾ (ਜ਼ਰਾ ਮੱਥਾ ਵੱਟ ਕੇ) - ਪਤਾ ਨਹੀਂ, ਵੱਡਾ ਤਾਂ ਜ਼ਰੂਰ ਹੈ (ਆਪਣੇ ਆਪ ਨਾਲ) ਪਰ ਜੇ ਵਪਾਰੀ ਹੁੰਦਾ ਤਾਂ ਦੇਸ਼ ਬਦੇਸ਼ ਭੌਣ ਦੀ ਕੀ ਲੋੜ ਸੀ? ਘਰ ਬੈਠਾ ਹੀ ਅਮੀਰ ਹੋ ਜਾਂਦਾ। (ਉੱਚੀ) ਹੱਛਾ ਚਲਦੇ ਹਾਂ।

ਸੌ ਰੁਪਯਾ ਤੇ ਲਾਲ ਲੈ ਕੇ ਮਰਦਾਨਾ ਸਤਿਗੁਰ ਪਾਸ ਪੁੱਜਾ। ਸਤਿਗੁਰ ਦੇਖ ਕੇ ਹੱਸੇ ਤੇ ਮਰਦਾਨੇ ਨੇ ਲਾਲ ਤੇ ਰੁਪੱਯੇ ਅੱਗੇ ਧਰੇ ਤੇ ਆਖਿਆ -

ਆਹ ਲਓ! ਆਪਣਾ ਤਲਿਸਮ, ਕਿਸੇ ਥਾਂ ਦੋ ਮੂਲੀਆਂ ਮੁੱਲ ਨਹੀਂ ਪੈਂਦਾ ਤੇ ਕਿਸੇ ਥਾਂ ਸੌ ਰੁਪੱਯਾ ਦਰਸ਼ਨ ਭੇਟਾ ਤੇ ਮੁੱਲੋਂ ਅਮੋਲਕ।

ਸਤਿਗੁਰ - ਮਰਦਾਨਿਆਂ! ਅਮੋਲਕ ਚੀਜ਼ਾਂ ਦਾ ਇਹੋ ਹਾਲ ਹੈ। ਦ੍ਰਿਸ਼ਟੀ ਵਾਲੀ ਥਾਂ, ਅਮੋਲਕ ਹਨ, ਤੇ ਨਾ ਦ੍ਰਿਸ਼ਟੀ ਵਾਲੀ ਥਾਂ ਮੁੱਲ ਰਹਿਤ ਹਨ।

ਉੱਚੀ ਦ੍ਰਿਸ਼ਟੀ ਮੂਲ ਹੈ, ਜਿਸ ਨੂੰ ਸੋਝੀ ਸਿਆਣ ਨਹੀਂ ਸੀ। ਓਸ ਮੂਲੀ ਮੁੱਲ ਪਾਇਆ, ਜਿਸ ਦੇ ਨੈਣ ਸਨ ਉਸ ਅਮੋਲਕ ਦੱਸਿਆ। ਇਹ ਸੌ ਰੁਪੱਯਾ ਉਸ ਦੀ ਅੰਦਰਲੀ ਦ੍ਰਿਸ਼ਟੀ ਦੀ ਕਦਰ ਹੈ ਪਰ ਸਾਡਾ ਹੱਕ ਕਾਈ ਨਹੀਂ ਕਿ ਬਿਨਾਂ ਕੋਈ ਮਾਲ ਦਿਤੇ ਮੁੱਲ ਲਵੀਏ, ਜਾਹੁ ਇਹ ਮੋੜ ਆ।

ਮਰਦਾਨਾ ਥੱਕਾ ਟੁੱਟਾ ਸੀ, ਪਰ ਜਾਣਦਾ ਸੀ ਕਿ ਸੌ ਰੁਪੱਯਾ ਅਨਹੱਕਾ ਹੈ ਤੇ ਗੁਰੂ ਜੀ ਨੇ ਲੈਣਾ ਨਹੀਂ, ਸੋ ਚਾਹੇ ਅਨਚਾਹੇ ਦੇਣ ਮੁੜ ਗਿਆ।

ਸਤਿਗੁਰ ਜੀ ਓਸੇ ਜੰਗਲ ਵਿਚ ਪਰਮੇਸ਼ਰ ਦੇ ਪਿਆਰ ਵਿਚ ਬੈਠੇ ਕਿਸੇ ਡਾਢੀ ਮਿੱਠੀ ਲੈ ਵਿਚ ਗਾਉਂਦੇ ਰਹੇ ਸਨ -

*ਕਿਆ ਸਾਲਾਹੀ ਅਗਮ ਅਪਾਰੈ ॥*
*ਸਾਚੇ ਸਿਰਜਣਹਾਰ ਮੁਰਾਰੈ ॥*
*ਜਿਸ ਨੋ ਨਦਰਿ ਕਰੇ ਤਿਸੁ ਮੇਲੇ ਮੇਲਿ ਮਿਲੈ ਮੇਲਾਈ ਹੇ ॥*

*ਅੰਗ- ੧੦੨੨*

ਇਸ ਵੇਲੇ ਅਧਰੱਕਾ ਭੋਜਨ ਪਕਵਾਨ ਲੈ ਕੇ ਪੁੱਜ ਗਿਆ ਤੇ ਇਸ ਮਿੱਠੀ ਧੁਨਿ ਤੇ ਮਸਤ ਹੋ ਕੇ ਭਚੱਕ ਰਹਿ ਗਿਆ। ਨਜ਼ਰ ਬੱਝ ਗਈ ਤੇ ਕੋਈ ਡੂੰਘੀ ਖਿੱਚ ਵੱਜਣ ਲੱਗ ਪਈ। ਜੌਹਰੀ ਹੋਣ ਦਾ ਖਿਆਲ ਭੁੱਲ ਗਿਆ ਤੇ ਆਪ ਆਪੇ ਤੋਂ ਬਾਹਰ ਹੋ ਕੇ ਕਿਸੇ ਵਿਸਮਾਦ ਵਿਚ ਝੂੰਮਣ ਲੱਗ ਪਿਆ। ਜਦੋਂ ਗੁਰੂ ਜੀ ਦਾ ਸ਼ਬਦ ਮੁੱਕਾ ਤਾਂ ਪ੍ਰਸ਼ਾਦ ਅੱਗੇ ਰੱਖ ਕੇ ਪੈਰਾਂ ਤੇ ਢਹਿ ਪਿਆ।

ਹੇ ਨਾਥ! ਰੱਖ ਲੈ, ਮੈਂ ਜੌਹਰੀ ਜਾਣ ਕੇ ਆਇਆ ਸਾਂ, ਪਰ ਤੁਸੀਂ ਨਾਰਾਇਣ ਦਾ ਰੂਪ ਹੋ ਦਿੱਸੇ ਹੋ। ਤੁਸਾਂ ਵਿਚ ਜੋਤਿ ਚਮਤਕਾਰੇ ਮਾਰਦੀ ਹੈ। ਤੁਸਾਂ ਵਿਚੋਂ ਅੰਮ੍ਰਿਤ ਦੀ ਮਿਠਾਸ ਤੇ ਖੁਸ਼ਬੋ ਲਹਿਰੇ ਮਾਰਦੀ ਹੈ। ਹੇ ਰੱਬੀ ਰੰਗ ਵਾਲੇ! ਦਰਸ਼ਨ ਭੀ ਦਿਤਾ ਨੇ ਸੋਝੀ ਭੀ ਦਿਤੀ ਨੇ, ਮੇਲ ਲਓ ਚਿਰੀਂ ਵਿਛੁੰਨੇ ਨੂੰ ਮੇਲ ਲਓ।

ਮਰਦਾਨਾ ਹੁਣ ਜੌਹਰੀ ਦੇ ਘਰ ਰੁਪੱਯੇ ਸੱਟ ਕੇ ਆ ਗਿਆ ਤੇ ਜੌਹਰੀ ਇਹ ਪਰਮ ਤਿਆਗ ਦੇਖ ਕੇ ਮਗਰੇ ਮਗਰ ਆਇਆ। ਹੋ ਗਿਆ ਚਰਨ ਬੰਦਨਾ ਕੀਤੀ। ਸਤਿਗੁਰੂ ਜੀ ਨੇ ਆਦਰ ਦਿਤਾ। ਬੈਠ ਗਿਆ ਤੇ ਬੋਲਿਆ -

ਲਾਲ ਆਪ ਦਾ ਵੇਖ ਕੇ ਚਿੱਤ ਬਹੁਤ ਪ੍ਰਸੰਨ ਹੋਇਆ ਹੈ ਤੇ ਹੁਣ ਆਪ ਦੇ ਦਰਸ਼ਨ ਕਰਕੇ ਹੋਰ ਬੀ ਆਨੰਦ ਹੋਇਆ ਹੈ, ਅਸਚਰਜ ਹੋ ਰਿਹਾ ਹਾਂ। ਆਪ ਦਾ ਦੇਸ਼, ਨਾਮ?

ਸਤਿਗੁਰ - ਦੇਸ਼ ਨਿਰੰਕਾਰ, ਨਾਮ-ਨਿਰੰਕਾਰੀ।

ਸਾਲਸ (ਗਹੁ ਨਾਲ ਤੱਕ ਕੇ ਤੇ ਖਿੱਚ ਖਾ ਕੇ) - ਕੁਛ ਸਾਨੂੰ ਬੀ ਨਿਰੰਕਾਰ ਦੀ ਸੋਝੀ ਪਾਓ?

ਸਤਿਗੁਰ-

*ਜਹ ਦੇਖਾ ਤਹ ਦੀਨ ਦਇਆਲਾ ॥*
*ਆਇ ਨ ਜਾਈ ਪ੍ਰਭੁ ਕਿਰਪਾਲਾ ॥*
*ਜੀਆ ਅੰਦਰਿ ਜੁਗਤਿ ਸਮਾਈ ਰਹਿਓ ਨਿਰਾਲਮੁ ਰਾਇਆ॥*

*ਅੰਗ- ੧੦੩੯*

ਸਾਲਸ - ਜੋ ਆਪ ਨੂੰ ਜਿੱਧਰ ਦੇਖੋ ਦਿਸਦਾ ਹੈ ਅਸਾਂ ਨੂੰ ਨਹੀਂ ਦਿਸਦਾ।

ਸਤਿਗੁਰ - ਨਿਰਮਲ ਪਾਣੀ ਵਿਚ ਜਾਲਾ ਤੇ ਕੌਲ ਫੁਲ, ਜਿਸ ਦੇ ਅੰਦਰ ਨਿਰਮਲ ਮਕਰੰਦ ਰਸ ਹੈ, ਦੋਵੇਂ ਹੀ ਵਸਦੇ ਹਨ। ਇਕੋ ਜਲ ਦੀ ਹੀ ਦੁਹਾਂ ਨੂੰ ਸੰਗਤ ਹੈ, ਪਰ ਕੌਲ ਫੁਲ ਨੂੰ ਜਾਲੇ ਦਾ ਸੰਗ-ਦੋਖ ਨਹੀਂ ਲਗਦਾ। ਡੱਡੂ ਬੀ ਓਸੇ ਪਾਣੀ ਵਿਚ ਵਸਦਾ ਹੈ, ਪਰ ਉਹ ਕੰਵਲ ਫੁਲ ਨੂੰ ਨਹੀਂ ਸਿਆਣ ਦਾ, ਅੰਮ੍ਰਿਤ (ਰੂਪੀ ਮਕਰੰਦ ਰਸ) ਨੂੰ ਨਹੀਂ ਲਖਦਾ।

ਡੱਡੂ ਜਲ ਦੇ ਵਿਚ (ਕੌਲਾਂ ਦੇ ਨਾਲ) ਨਿਤ ਵਸਦਾ (ਹੋਯਾ ਨਹੀਂ ਸੋਝੀ ਪਾਉਂਦਾ ਤੇ ਭੌਰੇ ਭੌਰੀਆਂ) (ਜਲ ਵਿਚ) ਨਹੀਂ ਵਸਦੇ, (ਪਰ) ਉਪਰੋਂ (ਆਕੇ) ਉਸ ਦੇ ਗੁਣਾਂ ਨੂੰ ਚੁੰਘ (ਪ੍ਰਾਪਤ ਕਰ) ਲੈਂਦੇ ਹਨ।

ਸਾਲਸ ਰਾਇ-ਹੇ ਮਹਾਂਪੁਰਖ ਜੀ! ਇਸ ਵਿਚ ਕਾਰਨ ਕੀ ਹੈ?

ਸਤਿਗੁਰ - ਅਨਭਉ ਦੀ ਕਮੀ, ਜਿਸ ਤਰ੍ਹਾਂ ਚੰਦਰਮਾ ਨੂੰ ਕੁਮੁਦਨੀਆਂ ਦੂਰੋਂ ਹੀ ਦਰਸ਼ਨ ਕਰਕੇ ਖਿੜ ਜਾਂਦੀਆਂ ਹਨ, ਕਾਰਨ ਅਨੁਭਵ ਹੈ।

ਸਾਲਸ - ਸਾਂਈਂ ਦੇ ਸਾਂਈਂ ਲੋਕ ਜੀ! ਅਨੁਭਵ ਖੋਲ੍ਹੀਏ?

ਸਤਿਗੁਰ - ਜਿਸ ਤਰ੍ਹਾਂ ਭਾਈ ਤੇਰੀ ਦ੍ਰਿਸ਼ਟੀ ਨੂੰ ਹੀਰੇ ਜਵਾਹਰ ਪਰਖਣ ਵਿਚ ਅਨਭਉ ਹੋ ਆਯਾ ਹੈ, ਸਾਡੇ ਸੱਜਣ ਮਰਦਾਨੇ ਨੂੰ ਰਾਗ ਦੀਆਂ ਲਹਿਰਾਂ ਵਿਚ ਅਨਭਉ ਹੋ ਆਇਆ ਹੈ। ਜਿਸ ਤਰ੍ਹਾਂ ਕਵੀ ਨੂੰ ਕਿਸੇ ਉੱਚੇ ਰਸ ਵਿਚ ਅਨੁਭਉ ਹੋ ਆਉਂਦਾ ਹੈ, ਨਿਰੰਕਾਰੀਆਂ ਦੇ ਅੰਦਰਲੇ ਨੂੰ ਇਕ ਓਸੇ ਤਰ੍ਹਾਂ ਦਾ, ਪਰ ਇਕ ਹੋਰ ਅਗੰਮ ਤਰ੍ਹਾਂ ਦਾ, ਨਿਰੰਕਾਰ ਵਿਚ ਅਨੁਭਉ ਦਾਨ ਮਿਲਦਾ ਹੈ।

ਇਹ ਸੁਣ ਕੇ ਮਰਦਾਨੇ ਨੂੰ ਪਹਿਲੇ ਦਿਨ ਵਾਲਾ ਸਤਿਗੁਰ ਦਾ ਸਾਰਾ ਉਪਦੇਸ਼ ਯਾਦ ਆ ਗਿਆ, ਓਧਰ ਜੌਹਰੀ ਨੂੰ ਆਪਣੀ ਗੱਲਬਾਤ ਚੇਤੇ ਆਈ ਜੋ ਉਸ ਨੇ ਆਪ ਦੇ ਸ਼ਾਗਿਰਦ ਅਧਰੱਕੇ ਨਾਲ ਕੀਤੀ ਸੀ। ਦਿਲਾਂ ਵਿਚ ਕੰਘੀਆਂ ਫਿਰ ਗਈਆਂ। ਸਾਲਸ ਦੇ ਦਿਲ ਵਿਚ ਆਦਰ ਪਿਆਰ ਬਹੁਤ ਵਧਿਆ, ਦੇਹੁੰ ਵੱਡਾ ਆਇਆ ਵੇਖ ਕੇ ਪ੍ਰਸ਼ਾਦ ਵਾਸਤੇ ਬੇਨਤੀ ਕੀਤੀ। ਮਾਯਾ ਤਾਂ ਸਤਿਗੁਰ ਨੇ ਫੇਰ ਦਿਤੀ, ਫਕੀਰਾਂ ਨੂੰ ਇਸ ਦੀ ਲੋੜ ਨਹੀਂ, ਤੇ ਪ੍ਰਸ਼ਾਦ ਮਰਦਾਨੇ ਨੂੰ ਬੀ ਦਿਤਾ ਤੇ ਆਪ ਬੀ ਛਕਿਆ, ਜੋ ਅਧਰੱਕੇ ਨੇ ਬੜੇ ਪ੍ਰੇਮ ਵਿਚ ਮਗਨ ਹੋ ਕੇ ਛਕਾਇਆ।

*'ਚਲਦਾ........।'*

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ
## (Inspired Thoughts of Swami Ram)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-54)*

ਆਪਣੇ ਆਪ ਨੂੰ ਸੋਧੋ, ਆਪਣੀ ਇੱਛਾ ਸ਼ਕਤੀ ਨੂੰ ਸੋਧੋ ਇੱਛਾ ਸਕਤੀ ਨੂੰ ਹੀ ਆਪਣਾ ਸ੍ਰੋਤ ਬਣਾਓ, ਫੇਰ ਇਹ ਪ੍ਰਸ਼ਨ ਨਹੀਂ ਹੋਏਗਾ ਕਿ ਇਹ ਨਹੀਂ ਕਰਨਾ ਉਹ ਨਹੀਂ ਕਰਨਾ, ਇਹ ਕਰਨਾ ਹੀ ਹੈ। ਜੋ ਵੀ ਕਰੋਗੇ ਚੰਗੀ ਤਰ੍ਹਾਂ ਨਾਲ ਹੀ ਕਰੋਗੇ, ਅੱਜ ਦੇ ਸੰਸਾਰ ਕੋਲ ਸਭ ਕੁਝ ਬਹੁਤ ਹੈ, ਬਹੁਤ ਖਾਣ ਲਈ, ਬਹੁਤ ਹਵਾ, ਸੌਣ ਲਈ ਕਾਫੀ ਸਮਾਂ, ਖੁਸ਼ ਹੋਣ ਲਈ, ਸੁਆਦ ਲੈਣ ਲਈ ਬਹੁਤ ਕੁਝ ਹੈ, ਮਾਨਣ ਲਈ ਬਹੁਤ ਕੁਛ ਹੈ, ਪਰ ਲੋਕਾਂ ਕੋਲ ਨਾ ਸਮਾਂ ਹੈ, ਨਾ ਹੀ ਸਮਰੱਥਾ ਹੈ, ਲੋਕਾਂ ਕੋਲ ਕੋਈ ਸ਼ਕਤੀ ਨਹੀਂ ਕਿਉਂਕਿ ਉਹਨਾਂ ਨੂੰ ਆਪਣੀ ਸੰਵੇਗਕ ਜੀਵਨ ਨਿਯਮਬੱਧ ਨਹੀਂ ਕਰਨਾ ਆਉਂਦਾ ਕਿਉਂਕਿ ਉਹਨਾਂ ਨੂੰ ਜੀਵਨ ਦੇ ਚਾਰ ਸਰੋਤ; ਖਾਣਾ, ਕਾਮ, ਸੌਣਾ ਤੇ ਸਵੈ ਸੁਰੱਖਿਆ ਨੂੰ ਨਿਯਮਤ ਨਹੀਂ ਕਰਨਾ ਆਉਂਦਾ। ਜੇਕਰ ਤੁਸੀਂ ਸੰਸਾਰਕ ਜੀਵਨ ਬਾਹਰ ਦੇ ਜੀਵਨ ਵਿਚ ਸਫਲ ਹੋਣਾ ਚਾਹੁੰਦੇ ਹੋ, ਸਕਾਰਾਤਮਕ ਬਣਨਾ ਚਾਹੁੰਦੇ ਹੋ ਤਾਂ ਤੁਹਾਨੂੰ ਸੰਵੇਗਕ ਸ਼ਕਤੀ ਨੂੰ ਆਪਣੀ ਜਾਗ੍ਰਤੀ ਲਈ ਵਰਤਣਾ ਹੋਵੇਗਾ, ਆਪਣੇ ਗਿਆਨ ਪ੍ਰਕਾਸ਼ ਲਈ ਵਰਤਣਾ ਹੋਵੇਗਾ। ਤਾਂ ਹੀ ਤੁਸੀਂ ਜੀਵਨ ਦਾ ਨਿਸ਼ਾਨਾ ਪ੍ਰਾਪਤ ਕਰ ਸਕਦੇ ਹੋ। ਤੁਹਾਨੂੰ ਵਾਸਤਵ ਵਿਚ ਇਸੇ ਦਿਸ਼ਾ ਵਿਚ ਕੰਮ ਕਰਨਾ ਚਾਹੀਦਾ ਹੈ, ਇਹ ਕੋਈ ਔਖਾ ਨਹੀਂ।

## ਆਪਣੇ ਆਪ ਨੂੰ ਜਾਣੋ

ਹੁਣ ਤਕ ਤੁਸੀਂ ਸਮਝ ਗਏ ਹੋ ਕਿ ਕਿਸ ਤਰ੍ਹਾਂ ਨਾਲ ਤੁਸੀਂ ਆਪਣੇ ਸੰਵੇਗਕ ਭਾਵਨਾਵਾਂ ਨੂੰ ਗਾਈਡ ਕਰ ਸਕਦੇ ਹੋ, ਉਹਨਾਂ ਨੂੰ ਦੂਸਰੇ ਪਾਸੇ ਲਾ ਸਕਦੇ ਹੋ। ਥੋੜ੍ਹਾ ਜਿਹਾ ਆਪਣੇ ਖਾਣ ਪੀਣ ਨੂੰ ਬਦਲ ਕੇ, ਖਾਣ ਪੀਣ ਬਾਰੇ ਜਾਣ ਕੇ, ਆਪਣੇ ਸੌਣ, ਨੀਂਦ ਨੂੰ ਨਿਯਮਤ ਕਰਕੇ, ਆਪਣੇ ਕਾਮ ਨੂੰ ਨਿਯਮਤ ਕਰਕੇ, ਆਪਣੀਆਂ ਜ਼ਰੂਰਤਾਂ ਨੂੰ ਸਮਝ ਕੇ ਆਪਣੇ ਸਰੀਰ ਨੂੰ ਸਮਝ ਕੇ ਆਪਣੇ ਮਨ ਨੂੰ ਸਮਝ ਕੇ ਕਿਸ ਤਰ੍ਹਾਂ ਸਭ ਕੁਝ ਨਿਯਮਤ ਕਰ ਸਕਦੇ ਹੋ। ਮੈਂ ਤੁਹਾਨੂੰ ਆਸ਼ਰਮ ਵਿਚ ਜਾਣ ਲਈ ਨਹੀਂ ਕਹਿ ਰਿਹਾ। ਜਦੋਂ ਮੈਂ ਆਸ਼ਰਮ ਵਿਚ, ਮੱਠ ਵਿਚ ਜਾਂਦਾ ਹਾਂ ਮੈਂ ਦੇਖਦਾ ਹਾਂ ਮਠਵਾਸੀ ਸੰਸਾਰ ਦੀਆਂ ਗੱਲਾਂ ਕਰ ਰਹੇ ਹੁੰਦੇ ਹਨ। ਉਹ ਪੁੱਛਣਗੇ ਤੁਸੀਂ ਨਿਊਯਾਰਕ ਦੇਖਿਆ, ਉਹ ਕਿਸ ਤਰ੍ਹਾਂ ਦਾ ਹੈ? ਮੈਂ ਉਹਨਾਂ ਨੂੰ ਕਹਾਂਗਾ ਕਿ ਤੁਸੀਂ ਤਾਂ ਮੱਠ ਵਿਚ ਬੈਠੇ ਹੋ ਫੇਰ ਵੀ ਤੁਸੀਂ ਸੰਸਾਰ ਦੀਆਂ ਗੱਲਾਂ ਕਰਦੇ ਹੋ। ਜਦੋਂ ਮੈਂ ਨਿਊਯਾਰਕ ਜਾਂਦਾ ਹਾਂ, ਉਥੇ ਮੈਂ ਦੇਖਦਾ ਹਾਂ ਲੋਕੀ ਮੱਠਾਂ ਦੀ ਗੱਲ ਕਰਦੇ ਹਨ। ਵਾਸਤਵ ਵਿਚ ਕਿਸੇ ਨੂੰ ਵੀ ਸ਼ਾਂਤੀ ਨਹੀਂ। ਸ਼ਾਂਤੀ ਪ੍ਰਾਪਤ ਕਰਨ ਲਈ ਤੁਹਾਨੂੰ ਦੌੜਨ ਦੀ ਲੋੜ ਨਹੀਂ। ਨਾ ਹੀ ਘਰ ਛੱਡਣ ਦੀ ਲੋੜ ਹੈ। ਨਾ ਹੀ ਰੁੱਖ ਦੇ ਥੱਲੇ ਬੈਠਣ ਦੀ ਲੋੜ ਹੈ। ਨਾ ਮੱਠਾਂ ਵਿਚ ਜਾਣ ਦੀ ਲੋੜ ਹੈ। ਨਾ ਹਿਮਾਲਿਆ ਜਾਣ ਦੀ ਲੋੜ ਹੈ। ਇਹ ਸਭ ਕੁਝ ਝੂਠਾ ਹੈ, ਲੋੜ ਹੈ ਆਪਣੇ ਕੰਮ ਨੂੰ ਆਪਣੇ ਜੀਉਣ ਦੇ ਤਰੀਕੇ ਨੂੰ, ਸੋਚ ਨੂੰ ਆਪਣੇ ਸੰਵੇਗਾਂ ਨੂੰ ਸੰਗਠਨ ਕਰਨ ਦੀ, ਨਿਯਮਬੱਧ ਕਰਨ ਦੀ, ਨਾਲ ਹੀ ਆਪਣੇ ਆਪ ਨੂੰ ਸਿਰਜਨਾਤਮਕ ਬਣਾਉਣ ਦੀ ਜਿਸ ਨਾਲ ਜੀਵਨ ਸੌਖਾ ਹੋ ਸਕੇ।

ਇਹ ਕਦੀ ਨਾ ਭੁੱਲੋ ਇਹ ਸਰੀਰ ਪ੍ਰਮਾਤਮਾ ਦਾ ਦਿਤਾ ਹੈ। ਓਸੇ ਦਾ ਇਸ ਸਰੀਰ ਵਿਚ ਵਾਸ ਹੈ, ਉਸੇ ਦੀ ਦਿਤੀ ਰੌਸ਼ਨੀ ਹੈ, ਸੋ ਸਭ ਤੋਂ ਪਹਿਲਾਂ ਉਸ ਨੂੰ ਹੀ ਜਾਣੋ। ਜਿਸ ਦਿਨ ਤੁਹਾਡੇ ਅੰਦਰ ਉਸ ਜਾਨਣ ਦੀ ਤਾਂਘ ਜਾਗ ਉਠੇਗੀ, ਜਿਸ ਦਿਨ ਤੁਸੀਂ ਇਹ ਨਿਸ਼ਚੇ ਕਰ ਲਵੋਗੇ ਤੁਸੀਂ ਉਸ ਨੂੰ ਜਾਨਣਾ ਕਰ ਲਵੋਗੇ। ਆਤਮ ਸਿੱਧੀ ਨੂੰ ਆਪਣਾ ਗੋਲ ਬਣਾ ਲਓਗੇ, ਫੇਰ ਤੁਸੀਂ ਕੀ ਬਣ ਜਾਓਗੇ? ਕੀ ਤੁਸੀਂ ਆਪਣਾ ਮਜ਼ਹਬ ਬਦਲ ਲਵੋਗੇ? ਨਹੀਂ ਉਹ ਬਦਲਣ ਦੀ ਲੋੜ ਨਹੀਂ, ਭਾਵੇਂ ਤੁਸੀਂ ਈਸਾਈ ਹੋ, ਹਿੰਦੂ ਹੋ, ਬੋਧੀ ਹੋ ਸਾਰਿਆਂ ਦਾ ਗੋਲ ਇਕ ਹੀ ਹੈ। ਆਪਣੇ ਆਪ ਨੂੰ ਜਾਣੋ। ਆਪਣੇ ਆਪ ਨੂੰ ਜਾਨਣ ਨਾਲ ਤੁਸੀਂ ਸਾਰਿਆਂ ਨੂੰ ਜਾਣ ਲੈਂਦੇ ਹੋ ਫੇਰ ਤੁਸੀਂ ਸਾਰਿਆਂ ਨਾਲ ਹੀ ਗਿਆਨ ਸੰਚਾਰ ਕਰ ਸਕਦੇ ਹੋ।

ਅਸੀਂ ਇਕ ਦੂਸਰੇ ਨਾਲ ਗਿਆਨ ਸੰਚਾਰ ਨਹੀਂ ਕਰਦੇ ਕਿਉਂਕਿ ਅਸੀਂ ਆਪਣੇ ਆਪ ਨੂੰ ਹੀ ਨਹੀਂ ਜਾਣਦੇ। ਇਸੇ ਕਰਕੇ ਸਾਨੂੰ ਆਪਣੇ ਆਪ ਨੂੰ ਅੱਗੇ ਕਰਨਾ ਹੀ ਨਹੀਂ ਆਉਂਦਾ, ਦੂਸਰਿਆਂ ਨੂੰ ਸਮਝਣਾ ਹੀ ਨਹੀਂ ਆਉਂਦਾ। ਇਹ ਸਾਡੀ ਸਭ ਤੋਂ ਵੱਡੀ ਸਮੱਸਿਆ ਹੈ। ਅਸੀਂ ਹਰ ਵੇਲੇ ਪਿਆਰ ਬਾਰੇ ਗੱਲਾਂ ਕਰਦੇ ਹਾਂ, ਪਰ ਆਪਣੇ ਆਪ ਨੂੰ ਬਿਨਾਂ ਸਮਝ, ਬਿਨਾਂ ਜਾਣੇ ਅਸੀਂ ਦੂਸਰਿਆਂ ਨੂੰ ਪਿਆਰ ਦੇ ਹੀ ਨਹੀਂ ਸਕਦੇ, ਨਾ ਹੀ

ਅਸੀਂ ਉਹਨਾਂ ਕੋਲੋਂ ਪਿਆਰ ਲੈ ਸਕਦੇ ਹਾਂ। ਅਸੀਂ ਇਕੱਲੇ ਹਾਂ ਕਿਉਂਕਿ ਅਸੀਂ ਆਪਣੇ ਆਪ ਨੂੰ ਜਾਣਦੇ ਹੀ ਨਹੀਂ। ਅਸੀਂ ਦੋਸਤ ਚਾਹੁੰਦੇ ਹਾਂ ਜਿਹੜੇ ਸਾਨੂੰ ਖੁਸ਼ ਕਰ ਸਕਣ, ਪਰ ਅਸਲ ਵਿਚ ਕੋਈ ਵੀ ਕਿਸੇ ਨੂੰ ਖੁਸ਼ ਨਹੀਂ ਕਰ ਸਕਦਾ, ਖੁਸ਼ੀ ਤੁਹਾਡੀ ਆਪਣੀ ਸਿਰਜਣਾ ਹੈ, ਤੁਸੀਂ ਪ੍ਰਭੂ ਦੀ, ਵਾਹਿਗੁਰੂ ਦੀ ਸਿਰਜਣਾ ਹੋ, ਕਦੀ ਇਸ ਗੱਲ ਨੂੰ ਨਾ ਭੁੱਲੋ।

ਤੁਹਾਡੇ ਅੰਦਰ ਸਕਾਰਾਤਮਕ ਸ਼ਕਤੀਆਂ ਹਨ। ਸੰਵੇਗਾਂ ਦੀ ਸ਼ਕਤੀ ਭਾਵਨਾਵਾਂ ਦੀ ਸ਼ਕਤੀ ਬਹੁਤ ਹੀ ਵਧੀਆ ਪ੍ਰਸੰਸਾਯੋਗ ਸ਼ਕਤੀ ਹੈ। ਜੇਕਰ ਤੁਸੀਂ ਇਸ ਦੀ ਸਕਰਾਤਮਕ ਤਰੀਕੇ ਨਾਲ ਵਰਤੋਂ ਕਰੋ, ਇਹ ਤੁਹਾਨੂੰ ਮਿੰਟਾਂ ਵਿਚ ਜਾਗ੍ਰਿਤੀ ਦੇ ਸਕਦੀ ਹੈ। ਬੁੱਧ ਨੇ ਕਿਹਾ ਸੀ, ਆਪਣੀ ਰੌਸ਼ਨੀ ਆਪਣਾ ਦੀਵਾ ਆਪ ਜਲਾਣਾ ਸਿੱਖੋ, ਦੂਸਰਾ ਕੋਈ ਵੀ ਤੁਹਾਨੂੰ ਮੁਕਤੀ ਨਹੀਂ ਦੇ ਸਕਦਾ। ਤੁਹਾਨੂੰ ਕੇਵਲ ਇਹ ਜਾਨਣ ਦੀ ਲੋੜ ਹੈ ਕਿ ਜੀਵਨ ਦੇ ਦੀਵੇ ਵਿਚ ਕਿਹੜੀ ਰੋਸ਼ਨੀ, ਕਿਹੜੀ ਬੱਤੀ ਜਲਦੀ ਹੈ, ਆਪਣੀਆਂ ਭਾਵਨਾਵਾਂ ਨੂੰ ਸੰਵੇਗਾਂ ਨੂੰ ਉਪਰ ਲੈ ਕੇ ਜਾਓ। ਸਚੇਤਨਤਾ ਤੇ ਲੈ ਕੇ ਜਾਓ। ਆਪਣੇ ਆਪ ਨੂੰ ਪੁੱਛੋ, ਕੀ ਮੈਂ ਕੇਵਲ ਸਰੀਰ ਹਾਂ? ਨਹੀਂ, ਫੇਰ ਮੈਂ ਕੀ ਹਾਂ? ਮੈਂ ਸਰੀਰ ਹਾਂ, ਇੰਦਰੀਆਂ ਹਾਂ, ਮਨ ਹਾਂ, ਪਰ ਮੈਂ ਇਹ ਸਭ ਕੁਝ ਨਹੀਂ ਹਾਂ। ਫੇਰ ਮੈਂ ਕੀ ਹਾਂ? ਮੈਂ ਚਾਨਣ ਹਾਂ, ਜੀਵਨ ਜੋਤ ਹਾਂ, ਇਕ ਸਥਾਈ ਜੋਤ, ਮੈਂ ਉਹ ਜੋਤ ਹਾਂ ਜਿਹੜੀ ਅਜਰ, ਅਮਰ ਹੈ, ਜਿਹੜੀ ਕਦੀ ਬਦਲਦੀ ਨਹੀਂ, ਕਦੀ ਮਿਟਦੀ ਨਹੀਂ। ਜਦੋਂ ਅਸੀਂ ਸਾਰੇ ਭੈ ਤੋਂ ਮੁਕਤ ਹੋ ਜਾਂਦੇ ਹਾਂ, ਫੇਰ ਸਾਨੂੰ ਜੀਵਨ ਮਨੋਰਥ ਦੀ ਸਮਝ ਪੈਂਦੀ ਹੈ, ਫੇਰ ਸਾਡੇ ਅੰਦਰ ਜੀਵਨ ਨੂੰ ਸੰਗਠਨ ਕਰਨ ਦੀ, ਨਿਯਮਤ ਕਰਨ ਦੀ ਸਮਰਥਾ ਪੈਦਾ ਹੁੰਦੀ ਹੈ, ਆਪਣੀਆਂ ਭਾਵਨਾਵਾਂ ਨੂੰ ਨਿਯਮਤ ਕਰਨ ਦੀ ਸਮਰੱਥਾ ਜਾਗਦੀ ਹੈ ਫੇਰ ਅਸੀਂ ਆਪਣੀਆਂ ਚਾਰ ਮੁੱਢਲੀਆਂ ਲੋੜਾਂ ਨੂੰ ਨਿਯਮਤ ਕਰਦੇ ਹਾਂ।

ਕੋਈ ਸਾਰੇ ਸੰਤ ਤਿਆਗੀ ਨਹੀਂ ਹੁੰਦੇ, ਨਾ ਹੀ ਸਾਰੇ ਪਾਦਰੀ। ਬਹੁਤ ਸਾਰੇ ਸੰਤ ਸੰਸਾਰ ਵਿਚ ਇਸ ਕਰਕੇ ਰਹਿ ਸਕੇ ਕਿਉਂਕਿ ਉਹਨਾਂ ਨੇ ਆਪਣੀਆਂ ਲੋੜਾਂ ਤੇ ਕੰਟਰੋਲ ਕੀਤਾ, ਆਪਣੀਆਂ ਲੋੜਾਂ, ਆਪਣੀਆਂ ਭੁੱਖਾਂ ਨੂੰ ਨਿਯਮਤ ਕੀਤਾ, ਉਹਨਾਂ ਨੂੰ ਇਕ ਦਿਸ਼ਾ ਵਿਚ ਲਗਾਇਆ। ਕੋਈ ਵੀ ਜਿਹੜਾ ਇਹ ਕਰ ਸਕੇਗਾ, ਉਹ ਮੁਕਤ ਹੈ, ਇਥੇ ਹੀ, ਹੁਣ ਹੀ। ਇਹੋ ਜਿਹਾ ਮਨੁੱਖ ਕਮਲ ਫੁੱਲ ਦੀ ਤਰ੍ਹਾਂ ਹੈ, ਜਿਸ ਤਰ੍ਹਾਂ ਕਮਲ ਫੁੱਲ ਚਿੱਕੜ ਵਿਚ ਰਹਿ ਕੇ ਉਸ ਤੋਂ ਉਪਰ ਹੀ ਰਹਿੰਦਾ ਹੈ। ਇਹੋ ਜਿਹਾ ਮਨੁੱਖ ਵੀ ਸੰਸਾਰ ਵਿਚ ਰਹਿ ਕੇ ਸੰਸਾਰ ਦਾ ਨਹੀਂ ਹੁੰਦਾ। ਸਾਰਿਆਂ ਵਿਚ ਇਸ ਤਰ੍ਹਾਂ ਰਹਿਣ ਦੀ ਸਮਰੱਥਾ ਹੈ ਪਰ ਇਸ ਦੀ ਪ੍ਰਾਪਤੀ ਉਦੋਂ ਹੀ ਹੋ ਸਕਦੀ ਹੈ ਜਦੋਂ ਅਸੀਂ ਆਪਣੀਆ ਲੋੜਾਂ, ਸ਼ਕਤੀ ਤੇ ਮਨ ਨੂੰ ਇਕ ਸੀਮਾ ਵਿਚ ਰਖਦੇ ਹਾਂ। ਸਾਨੂੰ ਲੋੜ ਹੈ ਆਪਣੀਆਂ ਭਾਵਨਾਵਾਂ ਨੂੰ ਸਮਝਣ ਦੀ, ਆਪਣੇ ਸੰਵੇਗਾਂ ਨੂੰ ਸਮਝਣ ਦੀ। ਇਸ ਗੱਲ ਨੂੰ ਬੁੱਲ੍ਹੇਸ਼ਾਹ ਨੇ ਬਹੁਤ ਹੀ ਚੰਗੀ ਤਰ੍ਹਾਂ, ਬਹੁਤ ਸਰਲ ਤਰੀਕੇ ਨਾਲ ਸਮਝਾਇਆ ਹੈ। ਕਿਸੇ ਨੇ ਬੁੱਲ੍ਹੇਸ਼ਾਹ ਨੂੰ ਪੁਛਿਆ, ਰੱਬ ਨੂੰ ਕਿਵੇਂ ਪਾਇਆ ਜਾਵੇ? ਬੁੱਲੇਸ਼ਾਹ ਨੇ ਹੱਸ ਕੇ ਜਵਾਬ ਦਿਤਾ, ਤੁਸੀਂ ਕਿਉਂ ਪਰੇਸ਼ਾਨ ਹੋ। ਰੱਬ ਦਾ ਕੀ ਪਾਣਾ, ਇਧਰੋਂ ਪੁੱਟ ਤੇ ਉਧਰ ਲਾਣਾ। ਭਾਵ ਸੰਸਾਰ ਨੂੰ ਆਪਣੇ ਆਪ ਤੋਂ ਤੋੜ ਕੇ ਪ੍ਰਮਾਤਮਾ ਨਾਲ ਜੋੜੋ।

ਲੋੜ ਹੈ ਆਪਣੀ ਮਨੋਬਿਰਤੀ ਨੂੰ ਬਦਲਣ ਦੀ, ਸੰਸਾਰ ਤੋਂ ਆਪਣੀ ਮਨਬਿਰਤੀ ਬਦਲੋ। ਆਪਣੇ ਆਪ ਨੂੰ ਬਦਲਣ ਦੀ ਲੋੜ ਨਹੀਂ, ਕੁਝ ਵੀ ਬਦਲਣ ਦੀ ਲੋੜ ਨਹੀਂ। ਤੁਸੀਂ, ਤੁਸੀਂ ਹੋ ਤੁਹਾਡੇ ਮਾਤਾ ਪਿਤਾ ਤੁਹਾਡੇ ਹਨ, ਤੁਹਾਡੇ ਬੱਚੇ, ਤੁਹਾਡੇ ਹਨ, ਤੁਹਾਡੇ ਦੋਸਤ ਮਿੱਤਰ ਤੁਹਾਡੇ ਹਨ। ਕਿਸੇ ਨੂੰ ਬਦਲਣ ਦੀ ਕੋਈ ਲੋੜ ਨਹੀਂ। ਲੋੜ ਹੈ ਤੁਹਾਡੀ ਮਨੋਵਿਰਤੀ ਉਹਨਾਂ ਪ੍ਰਤੀ ਬਦਲਣ ਦੀ। ਸੰਸਾਰ ਵਲ ਆਪਣੀ ਮਨਬਿਰਤੀ ਬਦਲੋ। ਜਿਥੇ ਵੀ ਤੁਸੀਂ ਹੋ ਕੇਵਲ ਇਕ ਗੱਲ ਨੂੰ ਸਮਝੋ। ਇਕ ਅਸੂਲ ਬਣਾਓ ਕਿ ਸੰਸਾਰ ਵਿਚ ਸਭ ਕੁਝ ਤੁਹਾਡੇ ਲਈ ਹੈ। ਇਸ ਸਭ ਕੁਝ ਨੂੰ ਵਰਤਣਾ ਸਿੱਖੋ, ਜਾਣੋ ਇਹਨਾਂ ਨਾਲ ਮੋਹ ਨਹੀਂ ਪਾਓ। ਮਿਸਾਲ ਵਜੋਂ ਮੈਂ ਇਸ ਜਗ੍ਹਾਂ ਇਸ ਮਾਹੌਲ ਵਿਚ ਹਾਂ, ਕੀ ਇਹ ਮੇਰਾ ਹੈ? ਨਹੀਂ ਪਰ ਮੈਨੂੰ ਇਸ ਨੂੰ ਵਰਤਣ ਦਾ ਹੱਕ ਹੈ, ਇਸੇ ਸਿਧਾਂਤ ਨੂੰ ਸਮਝਦੇ ਹੋਏ ਜੀਵਨ ਦਾ ਅਨੰਦ ਮਾਣੋ। ਸੰਸਾਰ ਵਿਚ ਰਹੋ, ਸੰਸਾਰ ਦੀਆਂ ਸਾਰੀਆਂ ਚੀਜ਼ਾਂ ਨੂੰ ਪਿਆਰ ਕਰੋ। ਇਹ ਸਮਝ ਕੇ ਕਰੋ ਕਿ ਇਹ ਸਭ ਕੁਝ ਤੁਹਾਡਾ ਨਹੀਂ। ਇਹਨਾਂ ਨਾਲ ਮੋਹ ਨਹੀਂ ਪਾਓ। ਜੀਵਨ ਦੀ ਇਹ ਫਿਲੌਸਫੀ ਬੜੀ ਸਿੱਧੀ ਤੇ ਸੌਖੀ ਹੈ। ਇਸ ਨੂੰ ਵਰਤੋਂ ਵਿਚ ਲਿਆਓ। ਸੰਸਾਰ ਬਹੁਤ ਸੋਹਣੀ ਥਾਂ ਹੈ, ਇਸੇ ਕਰਕੇ ਤੁਸੀਂ ਇਸ ਵਿਚ ਰਚ ਜਾਂਦੇ ਹੋ, ਰੁਝ ਜਾਂਦੇ ਹੋ। ਪਰ ਸੋਝੀ ਵਾਲਾ ਮਨੁੱਖ ਸੰਸਾਰ ਵਿਚ ਰਹਿਣਾ ਸਿੱਖ ਲੈਂਦਾ ਹੈ। ਉਹ ਸੰਸਾਰ ਵਿਚ ਰਹਿੰਦਿਆਂ ਸੰਸਾਰ ਤੋਂ ਉਪਰ ਉਠ ਕੇ ਰਹਿੰਦਾ ਹੈ ਭਾਵ ਸੰਸਾਰ ਵਿਚ ਰਮਦਾ ਨਹੀਂ, ਲਿਪਟਦਾ ਨਹੀਂ ਵਾਸਤਵ ਵਿਚ ਸੱਚਾ ਗੁਰੂ ਉਹ ਹੈ ਜਿਹੜਾ ਸੰਸਾਰ ਵਿਚ ਰਹਿਣਾ ਜਾਣਦਾ ਹੈ ਪਰ ਉਹ ਸੰਸਾਰ ਵਿਚ ਰਮਦਾ ਨਹੀਂ।

*'ਚਲਦਾ...........।'*

(ਪੰਨਾ 47

**ਜੁਗ ਜੁਗ ਇਕੋ ਵਰਨ ਹੈ ਕਲਿਜੁਗ ਕਿਉਂ ਬਹੁਤੇ ਦਿਖਲਾਵੈ।**
**ਜੰਦ੍ਰੇ ਵਜੇ ਤ੍ਰਿਹੁ ਜੁਗੀ ਕਥਿ ਪੜਿ ਰਹੈ ਭਰਮ ਨਹਿ ਜਾਵੈ।**
**ਜਿਉ ਕਰਿ ਕਥਿਆ ਚਾਰਿ ਬੇਦਿ ਖਟਿ ਸਾਸਤ੍ਰਿ ਸੰਗਿ ਸਾਖ ਸੁਣਾਵੈ।**
**ਆਪੋ ਆਪਣੇ ਮਤ ਸਭਿ ਗਾਵੈ।**

ਜੁਗਾਂ (ਚਹੁੰ) ਜੁਗਾਂ ਵਿਖੇ ਈਸ਼ਵਰ ਦਾ ਇਕੋ ਰੂਪ ਹੈ, (ਪਰ) ਕਲਜੁਗ ਵਿਖੇ ਲੋਕ ਕਿਉਂ ਬਾਹਲੇ ਦੱਸਦੇ ਨੇ? ਤਿੰਨਾਂ ਜੁਗਾਂ ਵਿਖੇ ਜੰਦਰੇ ਹੀ ਵੱਜੇ ਰਹੇ (ਕਥਿ) ਵਖਿਆਨ (ਕਰਕੇ) ਤੇ ਪੜ੍ਹ ਕੇ (ਲੋਕ) ਥੱਕ ਗਏ ਪਰ ਭਰਮ ਨਾ ਹਟਿਆ। ਜਿਸ ਤਰ੍ਹਾਂ ਚਾਰ ਵੇਦਾਂ ਵਿਚ ਵਰਣਨ ਕੀਤਾ ਹੈ, ਛੀ ਸ਼ਾਸਤ੍ਰਾਂ ਦੇ ਨਾਲ ਸਾਂਖ ਵਾਲੇ ਸੁਨਾਂਵਦੇ ਹਨ, ਆਪੋ ਆਪਣੀ ਮਤਾਂ ਨੂੰ ਸਾਰੇ ਪਏ ਗਾਉਂਦੇ ਹਨ।

ਭਾਵ - ਵੇਦਾਂ ਸ਼ਾਸਤ੍ਰਾਂ ਵਿਖੇ ਮਤ ਮਤਾਂਤਰਾਂ ਦੇ ਵੱਡੇ ਰੌਲੇ ਹਨ, ਇਸੇ ਲਈ ਜੰਦਰੇ ਹੀ ਹੀ ਤਿੰਨਾਂ ਜੁਗਾਂ ਵਿਖੇ ਵੱਜੇ ਰਹੇ, ਭੇਦ ਦਾ ਖਜ਼ਾਨਾ ਹੀ ਬੰਦ ਰਿਹਾ।

ਭਾਈ ਸਾਹਿਬ ਜੀ ਅਖੀਰਲੀ ਸਤਰ ਵਿਚ ਆਪਣੀ ਟੂਕ ਦਿੰਦੇ ਹਨ ਕਿ ਨਾਨਾ ਤਰ੍ਹਾਂ ਦੇ ਮਤ ਆਪੋ ਆਪਣੇ ਨਿਸ਼ਚੇ ਤੇ ਮਨੌਤਾਂ ਕਥਨ ਕਰਕੇ ਸੱਚੇ ਹੋਣ ਦੇ ਦਾਵੇ ਬੰਨ੍ਹਦੇ ਹਨ, ਪਰ ਅਸਲ ਵਿਚ ਆਪੋ ਆਪਣੀ ਹਉਮੈ ਦੀ ਖਿੱਚ ਹੈ, ਪੱਖ ਰਹਿਤ ਕੋਈ ਨਹੀਂ। ਇਸ ਟੂਕ ਤੋਂ ਸਾਫ ਸਿੱਧ ਹੈ, ਭਾਈ ਸਾਹਿਬ ਇਥੇ ਪ੍ਰਚਲਤ ਮਤਾਂ ਦੇ ਖਿਆਲ ਦੱਸ ਰਹੇ ਹਨ, ਆਪਣਾ ਮੰਤਵ ਨਹੀਂ ਕਹਿ ਰਹੇ।


## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-12.00 ਤੋਂ 4.00 ਵਜੇ ਤੱਕ ।**
**ਪੂਰਨਮਾਸ਼ੀ - (19 ਫਰਵਰੀ ਦਿਨ, ਮੰਗਲਵਾਰ)**
**(ਸਮਾਂ - ਸ਼ਾਮੀ 7.00 ਤੋਂ 10.00 ਵਜੇ ਤੱਕ)**
**ਸੰਗਰਾਂਦ - ਫਲਗੁਣਿ, 13 ਫਰਵਰੀ, ਦਿਨ ਬੁੱਧਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**
**ਅੰਮ੍ਰਿਤ ਸੰਚਾਰ - ਮਹੀਨੇ ਦੇ ਪਹਿਲੇ ਐਤਵਾਰ ਨੂੰ ਦਿਨੇ 11 ਵਜੇ ਹੁੰਦਾ ਹੈ।**

## INTERNET MEDIA AND LIVE TELECAST

**Website :- www.ratwarasahib.in**
**Website :- www.ratwarasahib.org**
**Instagram : - RATWARA SAHIB (https://instagram.com/ratwara.sahib/)**
**You Tube :- https://www.youtube.com/user/babalakhbirsingh**
**Facebook:- https://www.facebook.com/ratwarasahib1**
**Twitter:- https://mobile.twitter.com/ratwarasahib1**
**Apps (for both apple & andriod) : Ratwara sahib ji & ratwara sahib TV**
**E-mail :- sratwarasahib.in@gmail.com** *Contact - 9569455861, 9417912900, 9814612900*

# ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

### ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ

**VGRMCT/Atam Marg Magazine**
**S/B A/C No. 12861000000003** **RTGS/IFSC Code - PSIB0021286**
**Branch Code - C1286**

### ਦਸਵੰਧ ਭੇਜਣ ਲਈ –

**Vishav Gurmat Roohani Mission Charitable Trust**
**SB A/C No. 12861100000005** **RTGS/IFSC Code - PSIB0021286**
**Branch Code - C1286**

## ਵਿਦੇਸ਼ (Abroad)

**Vishav Gurmat Roohani Mission Charitable Trust**
**Punjab National Bank**
**SB A/C No. 0779000100179603**
**RTGS/IFSC Code - PUNB0077900, SWIFT CODE - PUNBINBBMOH**
**Branch Code - 077900**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ **Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901** ਨੂੰ ਭੇਜਿਆ ਜਾਵੇ ਜੀ। ਜੇਕਰ **Online** ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ **sms** ਕੀਤਾ ਜਾਵੇ।

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG MAGAZINE" ਦੇ ਨਾਂ ਤੇ ਭੇਜਿਆ ਜਾਵੇ ਜੀ।

☐ ਨਵੀਂ ਮੈਂਬਰਸ਼ਿਪ ☐ ਰਿਨਿਊਵਲ ☐ ਲਾਈਫ ਮੈਂਬਰਸ਼ਿਪ

**within India**

| Subscription Period | By Ordinary Post/Cheque | By Registered Post/Cheque |
|---|---|---|
| 1 Year | Rs. 300/320 | |
| 3 Year | Rs. 750/770 | |
| 5 Year | Rs. 1200/1220 | |
| Life | Rs 3000/3020 | |

*Foreign Membership*

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ: ਜਨਵਰੀ ☐ ਫਰਵਰੀ ☐ ਮਾਰਚ ☐ ਅਪ੍ਰੈਲ ☐ ਮਈ ☐ ਜੂਨ ☐ ਜੁਲਾਈ ☐ ਅਗਸਤ ☐ ਸਤੰਬਰ ☐ ਅਕਤੂਬਰ ☐ ਨਵੰਬਰ ☐ ਦਸੰਬਰ ☐

ਨਾਮ/Name ਅਤੇ

ਪਤਾ Address..........................................................................................................

.......................................................................................................................

.........................Pin Code..............................Phone...................... E-mail :...........................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ..........................ਰਾਹੀਂ ਭੇਜ ਰਿਹਾ ਹਾਂ।

ਦਸਖਤ......................

# ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ, ਰਤਵਾੜਾ ਸਾਹਿਬ

**ਸਮਾਂ : ਸਵੇਰੇ 9.30 ਤੋਂ 2.00 ਤੱਕ (ਐਤਵਾਰ ਤੋਂ ਸ਼ੁਕਰਵਾਰ)**

**ਡਾਕਟਰਾਂ ਦਾ ਸਮਾਂ - ਸਵੇਰੇ 10.00 ਤੋਂ 12.00 ਤੱਕ**

**ਫੋਨ ਨੰ: 98786-95178, 92176-93845,**

| | ਡਾਕਟਰ ਦਾ ਨਾਮ | ਸਪੈਸ਼ਲਿਸਟ | ਦਿਨ |
|---|---|---|---|
| 1. | ਡਾ. ਜਸਬੀਰ ਕੌਰ | ਜਨਰਲ ਮੈਡੀਸਨ | ਸੋਮਵਾਰ |
| 2. | ਡਾ. ਗੁਰਿੰਦਰ ਕੌਰ ਕੰਗ | ਐਮ.ਡੀ (ਗਾਇਨੀ) | ਸੋਮਵਾਰ |
| 3. | ਡਾ. ਕੁਲਦੀਪ ਸਿੰਘ ਕੰਗ | ਐਮ.ਡੀ (ਅੱਖਾਂ ਦੇ ਮਾਹਿਰ) | ਸੋਮਵਾਰ |
| 4. | ਡਾ. ਹਰਬੰਸ ਸਿੰਘ | ਹੱਡੀਆਂ ਅਤੇ ਜੋੜਾਂ ਦੇ ਮਾਹਿਰ | ਮੰਗਲਵਾਰ |
| 5. | ਡਾ. ਤੇਜਿੰਦਰ ਸਿੰਘ | ਜਨਰਲ ਮੈਡੀਸਨ | " |
| 6. | ਜੇ.ਪੀ.ਆਈ ਹਸਪਤਾਲ ਮੋਹਾਲੀ ਵਲੋਂ ਡਾਕਟਰ | ਅੱਖਾਂ ਦੇ ਮਾਹਿਰ | " |
| 7. | ਡਾ. ਜਤਿੰਦਰ ਸਿੰਘ ਅਤੇ ਡਾ. ਕੋਮਲਪ੍ਰੀਤ ਕੌਰ | (ਦੰਦਾਂ ਦੇ ਮਾਹਿਰ) | ਮੰਗਲਵਾਰ |
| 8. | ਸ੍ਰੀ ਮਾਈਕਲ ਜੀ | ਐਕਸਰੇ ਸਪੈਸ਼ਲਿਸਟ | ਮੰਗਲਵਾਰ ਅਤੇ ਵੀਰਵਾਰ |
| 9. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ | ਬੁੱਧਵਾਰ |
| 10. | ਡਾ. ਜੇ. ਐਸ. ਗੁਜਰਾਲ | ਜਨਰਲ ਮੈਡੀਸਨ/ਬੱਚਿਆਂ ਦੇ ਸਪੈਸ਼ਲਿਸਟ | " |
| 11. | ਡਾ. ਆਰ.ਐਸ ਸੰਧੂ | ਹੱਡੀਆਂ ਅਤੇ ਜੋੜਾਂ ਦੇ ਸਪੈਸ਼ਲਿਸਟ | ਵੀਰਵਾਰ |
| 12. | ਡਾ. ਸੰਤੋਸ਼ ਅਨੇਜਾ | ਜਨਰਲ ਮੈਡੀਸਨ | " |
| 13. | ਡਾ. ਐਸ.ਕੇ ਬਾਂਸਲ | ਜਨਰਲ ਮੈਡੀਸਨ | ਸ਼ੁਕਰਵਾਰ |
| 14. | ਡਾ. ਵਰਿੰਦਰ ਸਿੰਘ | ਜਨਰਲ ਮੈਡੀਸਨ ਅਤੇ ਚਮੜੀ ਰੋਗਾਂ ਲਈ, ਏਅਰੋ ਸਪੇਸ ਮੈਡੀਸਨ | " |
| 15. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ | ਐਤਵਾਰ |
| 16. | ਡਾ. ਜਿੰਦਲ | ਜਨਰਲ ਮੈਡੀਸਨ | " |
| 17. | ਡਾ. ਗੁਰਪ੍ਰੀਤ ਕੌਰ ਗਿੱਲ | ਹੋਮਿਉਪੈਥਿਕ | ਬੁੱਧਵਾਰ |
| 18. | ਬੀਬਾ ਵਰਸ਼ ਪ੍ਰਭਾ | ਫਿਜ਼ਿਓਥਰੈਪਿਸਟ | ਸੋਮਵਾਰ ਅਤੇ ਸ਼ੁਕਰਵਾਰ |

# ਲੈਬੋਰੇਟਰੀ ਟੈਸਟ ਅਤੇ ਹੋਰ ਸਹੂਲਤਾਂ

**1. ਬਲੱਡ ਟੈਸਟ, 2. ਸਾਰੇ ਬਲੱਡ ਸੈੱਲ ਕਾਉਂਟ ਟੈਸਟ 3. ਬਲੱਡ ਸ਼ੂਗਰ ਟੈਸਟ 4. ਕਿਡਨੀ ਟੈਸਟ 5. ਲਿਵਰ ਟੈਸਟ 6.ਲਿਪਿਡ ਪਰੋਫਾਈਲ ਟੈਸਟ 7. ਥਾਇਰਾਇਡ ਟੈਸਟ, 8. ਹਿਮਿਓਗਲੋਬਿਨ ਟੈਸਟ 9. ਪੇਸ਼ਾਬ ਟੈਸਟ (ਰੂਟੀਨ ਅਤੇ ਕਲਚਰ) 10. ਸਟੂਲ ਟੈਸਟ, 11. ਈ.ਸੀ.ਜੀ , 12. ਐਕਸਰੇ**

*** ਸਾਰੇ ਲੈਬੋਰੇਟਰੀ ਟੈਸਟ ਅੱਧੀ ਕੀਮਤ ਤੇ ਕੀਤੇ ਜਾਂਦੇ ਹਨ ਅਤੇ ਮਰੀਜ਼ਾਂ ਨੂੰ ਦਵਾਈਆਂ ਬਿਨਾਂ ਮੋਖ (ਫਰੀ) ਦਿਤੀਆਂ ਜਾਂਦੀਆਂ ਹਨ।**

**ਹਰ ਐਤਵਾਰ ਨੂੰ ਹਸਪਤਾਲ ਖੁੱਲ੍ਹਾ ਰਹਿੰਦਾ ਹੈ। ਸਮਾਂ 11.00 ਤੋਂ 1.00 ਤੱਕ। ਹਰ ਸ਼ਨਿੱਚਰਵਾਰ ਨੂੰ ਛੁੱਟੀ ਹੁੰਦੀ ਹੈ ।**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/– | 70/– |
| 2. | ਕਿਵ ਕੂੜੈ ਤੁਟੈ ਪਾਲਿ | 120/– | 35/– |
| 3. | ਬਾਤ ਅਗੰਮ ਕੀ | 400/– | 400/– |
| 4. | ਕਿਵ ਸਚਿਆਰਾ ਹੋਈਐ – | 400/– | |
| 5. | ਹੋਵੈ ਅਨੰਦੁ ਘਣਾ | | 30/– |
| 6. | ਚਉਥੈ ਪਹਰਿ ਸਬਾਹ ਕੈ | 55/– | 60/– |
| 7. | ਸੁਰਤਿਆਂ ਉਪਜੈ ਚਾਉ | 40/– | 60/– |
| 8. | ਬਾਬਾਣੀਆਂ ਕਹਾਣੀਆਂ | 50/– | 50/– |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/– | 10/– |
| 10. | ਅੰਮ੍ਰਿਤ ਫੁਹਾਰ | 10/– | 10/– |
| 11. | ਅਗੰਮ ਅਗੋਚਰ ਦਾ ਮਾਰਗ | 60/– | 70/– |
| 12. | ਪੁਰਾਤਨ ਟੀਕਾ – ਜਪੁਜੀ ਸਾਹਿਬ | 30/– | |
| 13. | ਅਮਰ ਜੋਤਾਂ | 20/– | 15/– |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/– | |
| 15. | ਅਮਰ ਗਾਥਾ | 200/– | 100/– |
| 16. | ਧਰਮ ਯੁਧ ਕੇ ਚਾਇ | 50/– | |
| 17. | ਪਵਿੱਤਰ ਪੈਂਡਾ | 25/– | |
| 18. | ਭਗਤ ਪ੍ਰਹਿਲਾਦ | 10/– | 10/– |
| 19. | ਵੈਸਾਖੀ | 10/– | 10/– |
| 20. | ਸਾਜਨ ਚਲੇ ਪਿਆਰਿਆ | | 10/– |
| 21. | ਅਬਿਨਾਸੀ ਜੋਤ ਭਾਗ – 1 | 90/– | 90/– |
| 22. | ਅਬਿਨਾਸੀ ਜੋਤ ਭਾਗ – 2 | 90/– | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/– | |
| 25. | ਗੁਰੂ ਅਮਰਦਾਸ ਪਰਸੀਐ | 100/– | |
| 26. | ਅਨੰਦਮਈ ਜੀਵਨ ਜਾਚ | 50/– | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/– | |
| 28. | ਅਨੁਭਵੀ ਪ੍ਰਵਚਨ | 300/– | |
| 29. | ਅੰਦਰਲੀ ਖੋਜ | 300/– | |
| 30. | ਸਿਮਰਤ ਕਹਾਂ ਨਹੀਂ | 300/– | |
| 31. | ਰੂਹਾਨੀ ਪ੍ਰਵਚਨ | 35/– | |
| 32. | 'ਸੇਵਾ ਸਿਮਰਨ ਜੁਗਤੀਆਂ | 250/– | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/– | |
| 34. | ਜੀਵਨ ਜੁਗਤਿ | 440/– | |
| 35. | ਮਾਰਗ ਚੋਣ | 60/– | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/– | |
| 37. | ਆਤਮ ਗਿਆਨ ਭਾਗ – 1 | 120/– | |
| 38. | ਜਨਮ ਪਦਾਰਥੁ ਸਫਲੁ ਹੋਇ | 120/– | |
| 39. | ਜਨ ਪਰਉਪਕਾਰੀ ਆਏ (ਭਾਗ –1) | 65/– | |
| 40. | ਜਨ ਪਰਉਪਕਾਰੀ ਆਏ (ਭਾਗ –2) | 65/– | |
| 41. | ਗੁਰ ਅੰਗਦ ਅਮਰ ਨਿਧਾਨ | 10/– | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/– | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/– |
| 44. | ਮੰਝ ਗੁਰੂ ਕਾ ਬੋਹਿਥਾ | 30/– |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/– |
| 46. | ਗੁਰੂ ਗ੍ਰੰਥ ਜੀ ਮਾਨਿਉ | 10/– |
| 47. | ਬਾਬਾ ਬੰਦਾ ਸਿੰਘ ਬਹਾਦਰ | 10/– |
| 48. | ਤ੍ਰੈ ਸ਼ਤਾਬਦੀ | 20/– |
| 49. | ਆਤਮ ਗਿਆਨ ਭਾਗ – 2 | 120/– |
| 50. | ਆਤਮ ਗਿਆਨ ਭਾਗ – 3 | 120/– |
| 51. | ਭਗਵਤ ਗੀਤਾ ਦੀ ਚਿਰ ਸਥਾਈ... | 100/– |

| | English Version | Price |
|---|---|---|
| 1. | Baisakhi (**ਵੈਸਾਖੀ**) | . 5/- |
| 2. | How Rend The Veil of Untruth (**ਕਿਵ ਕੂੜੈ ਤੁਟੈ ਪਾਲਿ**) | . 70/- |
| 3. | Discourses on the Beyond-1 (**ਬਾਤ ਅਗੰਮ ਕੀ ਭਾਗ ੧**) | 50/- |
| 4. | Discourses on the Beyond -2 (**ਬਾਤ ਅਗੰਮ ਕੀ ਭਾਗ ੨**) | 50/- |
| 5. | Discourses on the Beyond -3 (**ਬਾਤ ਅਗੰਮ ਕੀ ਭਾਗ ੩**) | 50/- |
| 6. | Discourses on the Beyond -4 (**ਬਾਤ ਅਗੰਮ ਕੀ ਭਾਗ ੪**) | 60/- |
| 7. | Discourses on the Beyond -5 (**ਬਾਤ ਅਗੰਮ ਕੀ ਭਾਗ ੫**) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | 70/- |
| 11. | How to Know Thy Real Self-(Vol-1) (**ਕਿਵ ਸਚਿਆਰਾ ਹੋਈਐ**) | 80/- |
| 12. | How to Know Thy Real Self-(Vol-2) (**ਕਿਵ ਸਚਿਆਰਾ ਹੋਈਐ**) | 80/- |
| 13. | How to Know Thy Real Self-(Vol-3) (**ਕਿਵ ਸਚਿਆਰਾ ਹੋਈਐ**) | 110/- |
| 14. | The Dawn of Khalsa Ideals | . 10/- |
| 15. | A Glimpse of His Holiness - Baba ji | . 5/- |
| 16. | Divine Word Contemplation Path', (**ਸੁਰਤਿ ਸਬਦਿ ਮਾਰਗ**) | 150/– |
| 17. | The Story of Immortality (**ਅਮਰ ਗਾਥਾ**) | 260/– |
| 18. | Why not thy contemplate the Lord? (ਸਿਮਰਤ ਕਹਾ ਨਹੀਂ ?) | 200/– |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**

Punjab & Sind Bank – **S/B A/C No. 12861000000003**

**RTGS/IFSC Code - PSIB0021286\ , Branch Code - C1286**

**Our Address: VGRMCT, Gurdwara Ishar Parkash, Ratwara Sahib,**
**(Near New Chandigarh) P.o. Mullanpur Garibdas,**
**Teh. Kharar, Distt. S.A.S Nagar (Mohali)**
**140901, Pb. India**

ਸੰਤ ਬਾਬਾ ਹਰਪਾਲ ਸਿੰਘ ਜੀ ਕੈਨੇਡਾ ਐਡਮਿੰਟਨ 'ਗੁਰਦੁਆਰਾ ਸਾਹਿਬ ਮਿਲਵੂਡ' ਵਿਖੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।






ਰੂਹਾਨੀ ਪ੍ਰਚਾਰ ਫੇਰੀ

**USA ROOHANI PARCHAR FERI**

**1th Feb to 30th March 2019**

-: Contact :-
BHAI MANJIT SINGH
+ 1-317-488-8831
BHAI AMARDIP SINGH
+ 1-408-393-8199



ਕਲਮ ਦੇ ਧਨੀ, ਪਿਆਰ ਦੇ ਸਾਗਰ, ਆਤਮ ਮਾਰਗ ਦੇ ਸੰਚਾਲਕ
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ, ਦਫਤਰ ਆਤਮ ਮਾਰਗ
ਰਤਵਾੜਾ ਸਾਹਿਬ ਵਿਖੇ ਮੈਗਜੀਨ ਲਈ ਅਨੁਭਵੀ ਪ੍ਰਵਚਨ ਲਿਖਦੇ ਹੋਏ।

## ਆਤਮ ਮਾਰਗ ਦੇ ਸੁਹਿਰਦ, ਮਾਨਯ, ਪਿਆਰੇ ਪਾਠਕ ਜਨਾਂ ਨੂੰ ਅਪੀਲ

'ਆਤਮ ਮਾਰਗ' ਪਿਛਲੇ 24 ਸਾਲ ਤੋਂ ਇਕ ਵਿਸ਼ੇਸ਼ ਗੁਰਮਤਿ ਸਿਧਾਂਤ ਨੂੰ ਨਿਰੂਪਣ ਕਰ ਰਿਹਾ ਹੈ ਜੋ ਮਨੁੱਖਾ ਜੀਵਨ ਦਾ ਆਦਰਸ਼ ਹੈ। ਪੜਾਅ-ਦਰ-ਪੜਾਅ ਤੇ ਉਸ ਮੰਜ਼ਿਲ ਦੀ ਕੋਸ਼ਿਸ਼ ਜਾਰੀ ਹੈ। ਪਿਆਰੇ ਮਹਾਂਪੁਰਸ਼ਾਂ (ਸੱਚਖੰਡਵਾਸੀ ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ ) ਦਾ ਇਹ ਵੀਚਾਰ ਕਾਫੀ ਲੰਮੇ ਸਮੇਂ ਤੋਂ ਸੀ ਕਿ ਇਹੋ ਜਿਹਾ ਮੈਗਜ਼ੀਨ ਨਿਕਲੇ ਜਿਸ ਵਿਚ ਰੂਹਾਨੀਅਤ ਦੀ ਪੂਰੀ ਪੜ੍ਹਾਈ ਪੜ੍ਹੀ ਜਾ ਸਕੇ। ਭਾਵ ਨਰਸਰੀ ਤੋਂ ਸ਼ੁਰੂ ਹੋ ਕੇ ਪੀਐਚ,ਡੀ ਤੱਕ ਦੇ ਰੂਹਾਨੀ ਸਫਰ ਦੀ ਸੋਝੀ ਹੋ ਸਕੇ। ਅਸਲ ਵਿਚ ਇਸ ਖਿਆਲ ਪਿੱਛੇ ਇਕ ਵੱਡੀ ਸੋਚ ਤੇ ਸ਼ਕਤੀ ਕੰਮ ਕਰ ਰਹੀ ਸੀ। ਇਹ ਸੋਚ ਤੇ ਸ਼ਕਤੀ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ) ਦੀ ਸੀ।ਕਿਸੇ ਸਮੇਂ ਸੰਨ 1975 ਤੋਂ ਪਹਿਲਾਂ ਉਹਨਾਂ ਨੇ ਪ੍ਰਬਚਨ ਇਨ੍ਹਾਂ ਨਾਲ ਸਾਂਝਾ ਕੀਤਾ ਕਿ ਕੋਈ ਰੂਹਾਨੀ ਮੈਗਜ਼ੀਨ ਕੱਢਣਾ ਚਾਹੀਦਾ ਹੈ ਪਰ ਇਹ ਕਾਰਜ ਜਾਂ ਸੰਤ ਵਰਿਆਮ ਸਿੰਘ ਜਾਂ ਗਿਆਨੀ ਮੇਹਰ ਸਿੰਘ ਕਰ ਸਕਦੇ ਹਨ।ਗਿਆਨੀ ਮੇਹਰ ਸਿੰਘ ਜੀ ਤੋਂ ਸਤਿਗੁਰੂ ਨੇ ਸੰਪਰਦਾ ਦੇ ਮਹਾਂਪੁਰਸ਼ਾਂ ਦੇ ਜੀਵਨ ਲਿਖਣ ਦੀ ਸੇਵਾ ਲਈ। ਪਿਆਰੇ ਮਹਾਂਪੁਰਸ਼ਾਂ (ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ) ਪਾਸੋਂ ਰੂਹਾਨੀ ਮੈਗਜ਼ੀਨ ਦੀ ਸੇਵਾ ਲਈ। ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦਾ ਇਹ ਵੀ ਵੀਚਾਰ ਤੇ ਖਿਆਲ ਸੀ ਕਿ ਕੀਰਤਨ ਦੀਆਂ ਫਿਲਮਾਂ ਬਣਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾਵੇ। ਇਸ ਕਾਰਜ ਲਈ ਵੀ ਉਹਨਾਂ ਨੇ ਰਤਵਾੜਾ ਸਾਹਿਬ ਵਾਲੇ ਪਿਆਰੇ ਮਹਾਂਪੁਰਸ਼ਾਂ ਨੂੰ ਮਾਇਆ ਦੀ ਪੇਸ਼ਕਸ਼ ਕੀਤੀ ਪਰ ਆਪ ਜੀ ਨੇ ਆਪਣੀ ਕਮਾਈ ਵਿਚ ਬਰਕਤਾਂ ਪਾਉਣ ਦੀ ਬੇਨਤੀ ਕਰਕੇ ਨਿਜੀ ਕਮਾਈ ਵਿਚੋਂ ਇਹ ਸੇਵਾ ਕਰਨ ਦੀ ਬਚਨਬੱਧਤਾ ਪ੍ਰਗਟਾਈ। ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਅਨੇਕਾਂ ਭਵਿੱਖਤ ਬਚਨ ਜਿੱਥੇ ਅਨੇਕਾਂ ਕਲਜੁਗੀ ਜੀਵਾਂ ਦੇ ਉਧਾਰ ਦਾ ਵਸੀਲਾ ਬਣੇ ਉਹਨਾਂ ਵਲੋਂ ਇਹਨਾਂ ਦੋਨਾਂ ਕਾਰਜਾਂ ਦੀ ਸੇਵਾ, ਰਤਵਾੜਾ ਸਾਹਿਬ ਵਾਲੇ ਪਿਆਰੇ ਮਹਾਂਪੁਰਸ਼ਾਂ ਪਾਸੋਂ ਕਰਵਾਈ।ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਖਸ਼ਿਸ ਸਦਕਾ ਸੰਨ 1995 ਵਿਚ ਵਿਸਾਖੀ ਦੇ ਪੁਰਬ ਤੇ ਆਤਮ ਮਾਰਗ ਮੈਗਜ਼ੀਨ ਪ੍ਰਕਾਸ਼ਿਤ ਕੀਤਾ ਗਿਆ।

'ਆਤਮ ਮਾਰਗ' ਮੈਗਜ਼ੀਨ ਰੂਹਾਨੀਅਤ ਦੀਆਂ ਖੁਸ਼ਬੋਆਂ ਵੰਡਦਾ ਆਪ ਜੀ ਕੋਲ ਪਿਛਲੇ ਲੱਗਭੱਗ 20 ਸਾਲਾਂ ਤੋਂ ਪਹੁੰਚ ਰਿਹਾ ਹੈ। ਆਪ ਜੀ ਨੂੰ ਮਹਾਂਪੁਰਸ਼ਾਂ ਅਤੇ ਹੋਰ ਸੁਬੁੱਧੀਜੀਵੀ, ਆਤਮ ਰੰਗ ਵਿਚ ਰੰਗੇ ਗੁਰਮੁਖ ਪਿਆਰਿਆਂ ਦੇ ਅਨੁਭਵੀ ਪ੍ਰਵਚਨਾਂ ਨੂੰ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਅਦਾਰਾ 'ਆਤਮ ਮਾਰਗ' ਦੀ ਦਿਲੀ ਇੱਛਾ ਹੈ ਕਿ ਇਸ ਰੂਹਾਨੀ ਖੁਸ਼ਬੋ ਨੂੰ ਆਪ ਅਤੇ ਆਪ ਜੀ ਦਾ ਪਰਿਵਾਰ ਹੋਰ ਲੰਮੇ ਸਮੇਂ ਤਕ ਮਾਣ ਸਕੇ। ਇਸ ਪ੍ਰਤੀ ਸੰਨਿਮਰ ਬੇਨਤੀ ਹੈ ਕਿ ਆਪ ਜੀ ਦੇ ਮੈਗਜ਼ੀਨ ਦੀ ਮੈਂਬਰਸ਼ਿਪ 20 ਸਾਲ ਬਾਅਦ ਖਤਮ ਹੋ ਰਹੀ ਹੈ/ਗਈ ਹੈ। ਕ੍ਰਿਪਾ ਕਰਕੇ 'ਆਤਮ ਮਾਰਗ' ਦਾ ਅਗਲਾ ਸਾਥ ਨਿਭਾਉਣ ਲਈ ਲਾਇਫ ਮੈਂਬਰਸ਼ਿਪ 3000/- ਰੁਪਏ ਨਾਲ ਰੀਨੀਊਲ ਕਰਵਾ ਕੇ 'ਆਤਮ ਮਾਰਗ' ਦੇ ਪਾਂਧੀ ਬਣੇ ਰਹਿਣ ਦਾ ਮਾਣ ਪ੍ਰਾਪਤ ਕਰੋ ਜੀ।

ਅਦਾਰਾ 'ਆਤਮ ਮਾਰਗ' ਰਤਵਾੜਾ ਸਾਹਿਬ

ਨੋਟ : - ਮਾਇਆ ਭੇਜਣ ਲਈ ਵੇਰਵਾ, ਅਕਾਊਂਟ ਨੰਬਰ ਡਿਟੇਲ, ਮੈਗਜ਼ੀਨ ਦੇ ਆਖਰੀ ਪੰਨਿਆਂ 'ਤੇ ਦਿਤਾ ਹੋਇਆ ਹੈ।